# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 06 | 06 February 2019 to 12 February 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





05 ■ ਭਾਈਚਾਰਾ

ਪੰਜਾਬ ਸਰਕਾਰ 'ਤੇ ਸਾਕਾ ਨਕੋਦਰ ਦੀ ਜਾਂਚ ਰਿਪੋਰਟ ਜਾਰੀ ਕਰਨ ਦਾ ਦਬਾਅ ਵਧਿਆ



10 ■ ਵਿਸ਼ੇਸ਼ ਰਿਪੋਰਟ

ਪੂਰਾ ਭਾਰਤ ਨਸ਼ਿਆਂ ਦੀ ਲਪੇਟ 'ਚ ਆਇਆ



13 ■ ਵਿਚਾਰ ਚਰਚਾ

ਸਰਬੱਤ ਖਾਲਸਾ- ਬਰਗਾੜੀ ਮੋਰਚਾ ਤੇ ਪੰਥਕ ਏਕਤਾ


## ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ, ਹੁਣ ਤਕ 30 ਮੌਤਾਂ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਪੰਜਾਬ ਦੇ ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ ਰਾਜ 'ਚ ਸਵਾਈਨ ਫਲੂ ਦੀ ਬਿਮਾਰੀ ਨਾਲ ਹੁਣ ਤਕ30 ਮੌਤਾਂ ਹੋ ਚੁੱਕੀਆਂ ਹਨ ਜਦਕਿ 250 ਵਿਅਕਤੀ ਬਿਮਾਰੀ ਤੋਂ ਪੀੜਤ ਹਨ। ਪੂਰੇ ਦੇਸ਼ 'ਚ ਇਸ ਸਾਲ ਸਵਾਈਲ ਫਲੂ




ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 226 ਹੋ ਗਈ ਹੈ। ਪਿਛਲੇ ਹਫ਼ਤੇ ਐਚ1ਐਨ1 ਵਾਇਰਸ ਨਾਲ 31 ਮੌਤਾਂ ਹੋਈਆਂ ਸਨ।ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜੇ ਮੁਤਾਬਕ ਦੇਸ਼ 'ਚ ਸਵਾਈਨ ਫਲੂ ਤੋਂ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ 6 ਹਜ਼ਾਰ ਦਾ ਅੰਕੜਾ ਪਾਰ ਕਰ ਗਈ ਹੈ। ਸਭ ਤੋਂ ਵੱਧ 34 ਫ਼ੀਸਦੀ ਕੇਸ ਰਾਜਸਥਾਨ ਤੋਂ ਹਨ। ਦਿੱਲੀ 1011 ਕੇਸਾਂ ਨਾਲ ਦੂਜੇ ਨੰਬਰ 'ਤੇ ਹੈ ਜਦਕਿ ਰਾਜਧਾਨੀ ਦੇ ਤਿੰਨ ਵੱਡੇ ਹਸਪਤਾਲਾਂ 'ਚ 14 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਮੰਤਰਾਲੇ ਦੇ ਅੰਕੜਿਆਂ ਮੁਤਾਬਕ ਸੋਮਵਾਰ ਤਕ 6601 ਵਿਅਕਤੀ ਸਵਾਈਨ ਫਲੂ ਤੋਂ ਪੀੜਤ ਪਾਏ ਗਏ ਸਨ ਅਤੇ ਇਨ੍ਹਾਂ 'ਚੋਂ 2030 ਮਰੀਜ਼ ਪਿਛਲੇ ਸੱਤ ਦਿਨਾਂ ਦੌਰਾਨ ਪ੍ਰਭਾਵਤ ਹੋਏ ਹਨ। ਰਾਜਸਥਾਨ 'ਚ 85 ਅਤੇ ਗੁਜਰਾਤ 'ਚ 43 ਵਿਅਕਤੀਆਂ ਦੀ ਸਵਾਈਨ ਫਲੂ ਕਰਕੇ ਮੌਤਾਂ ਹੋ


**ਬਾਕੀ ਸਫ਼ਾ 29 'ਤੇ**


### 'ਪੇਅ ਟੂ ਸਟੇਅ' ਇੰਮੀਗਰੇਸ਼ਨ ਧੋਖਾਧੜੀ

## ਏਜੰਸੀਆਂ ਦੇ ਜਾਲ ਵਿਚ ਫਸੇ 129 ਭਾਰਤੀ ਪਾੜ੍ਹੇ

- ਇੰਮੀਗਰੇਸ਼ਨ ਤੇ ਕਸਟਮ ਵਿਭਾਗ ਦੇ ਅੰਡਰ ਕਵਰ ਏਜੰਟਾਂ ਨੇ ਵਿਛਾਇਆ ਸੀ ਜਾਲ
- ਵਿਦਿਆਰਥੀਆਂ ਨੂੰ ਸਕੀਮ ਦੇ ਗੈਰਕਾਨੂੰਨੀ ਹੋਣ ਦੀ ਜਾਣਕਾਰੀ ਹੋਣ ਤਾ ਦਾਅਵਾ

ਵਾਸ਼ਿੰਗਟਨ/ਬਿਊਰੋ ਨਿਊਜ਼ :

ਅਮਰੀਕਾ ਵਿਚ ਜਾਅਲੀ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਇਲਜ਼ਾਮ ਤਹਿਤ 129 ਭਾਰਤੀ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈਣ ਦਾ ਮਾਮਲਾ ਗਰਮਾਅ ਗਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਮਾਮਲੇ ਉਤੇ ਸਖਤ ਪ੍ਰਤੀਕ੍ਰਮ ਕੀਤਾ ਹੈ।ਉਧਰ ਅਮਰੀਕੀ ਅਧਿਕਾਰੀਆਂ ਵੱਲੋਂ ਆਪਣੀ ਕਾਰਵਾਈ ਨੂੰ ਪੂਰੀ ਤਰ੍ਹਾਂ ਵਾਜਿਬ ਠਹਿਰਾਇਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਫਰਜ਼ੀ ਯੂਨੀਵਰਸਿਟੀ ਆਫ਼ ਫਾਰਮਿੰਗਟਨ ਬਾਰੇ ਇਸ਼ਤਿਹਾਰ ਦਿੱਤਾ ਗਿਆ ਸੀ ਕਿ ਇਹ ਅਮਰੀਕਾ ਦੇ ਮਿਸ਼ੀਗਨ ਸੂਬੇ ਵਿਚ ਸਥਿਤ ਹੈ। ਇਸ ਵਿਚ ਹੋਮ ਲੈਂਡ ਸਕਿਉਰਿਟੀ ਦੇ ਏਜੰਟਾਂ ਨੂੰ ਅੰਡਰ ਕਵਰ ਮੁਲਾਜ਼ਮ ਬਣਾਇਆ ਗਿਆ ਤਾਂ ਕਿ "ਪੇਅ ਟੂ ਸਟੇਅ" ਇੰਮੀਗਰੇਸ਼ਨ ਧੋਖਾਧੜੀ ਦਾ ਪਾਜ ਉਘਾੜਿਆ ਜਾ ਸਕੇ। ਅਮਰੀਕੀ ਏਜੰਸੀਆਂ ਦਾ ਦਾਅਵਾ ਹੈ ਕਿ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਪਤਾ ਸੀ ਕਿ ਯੂਨੀਵਰਸਿਟੀ ਗੈਰ-ਕਾਨੂੰਨੀ ਹੈ। ਇਸ ਰੈਕਟ ਨੂੰ



ਚਲਾਉਣ ਵਾਲੇ ਅੱਠ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਹ ਜਾਂ ਤਾਂ ਭਾਰਤੀ ਨਾਗਰਿਕ ਹਨ ਜਾਂ ਭਾਰਤੀ-ਅਮਰੀਕੀ ਨਾਗਰਿਕ। ਇਸ ਫਰਜ਼ੀ ਯੂਨੀਵਰਸਿਟੀ ਦੀ ਟਿਊਸ਼ਨ ਫੀਸ ਬਹੁਤ ਹੀ ਘੱਟ ਸੀ ਅਤੇ ਇਹ ਦਾਖਲਾ ਲੈਣ ਤੋਂ ਤੁਰੰਤ ਬਾਅਦ ਹੀ ਕੰਮ ਕਰਨ ਦੀ ਆਗਿਆ ਦੇ ਦਿੰਦੀ ਸੀ। ਇਸ ਯੂਨੀਵਰਸਿਟੀ ਵਿਚ 600 ਵਿਦਿਆਰਥੀਆਂ ਦੇ ਨਾਂ ਦਰਜ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਭਾਰਤੀ ਹਨ। ਇੱਥੇ ਸਥਿਤ ਭਾਰਤੀ ਸਫਾਰਤਖਾਨੇ ਨੇ ਇਨ੍ਹਾਂ ਵਿਦਿਆਰਥੀਆਂ ਤੱਕ ਪਹੁੰਚਣ ਅਤੇ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਦਾ ਯਤਨ ਕੀਤਾ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਭਾਰਤ-ਅਮਰੀਕਾ ਦੀ ਸਿੱਖਿਆ ਪ੍ਰਣਾਲੀ ਦੇ ਗੌਰਵਮਈ ਇਤਿਹਾਸ ਵਿਚ ਮੰਦਭਾਗਾ ਕਰਾਰ ਦਿੱਤਾ ਹੈ।

ਯੂਨੀਵਰਸਿਟੀ ਆਫ਼ ਫਾਰਮਿੰਗਟਨ ਦੀ ਵੈੱਬਸਾਈਟ ਜੋ ਪਹਿਲਾਂ ਚਾਲੂ ਸੀ ਹੁਣ ਬੰਦ ਕਰ ਦਿੱਤੀ ਗਈ ਹੈ। ਭਾਰਤੀ ਅਧਿਕਾਰੀਆਂ ਮੁਤਾਬਕ ਵਿਦਿਆਰਥੀਆਂ ਨਾਲ ਦਾਖਲੇ ਦੇ ਨਾਂ 'ਤੇ ਧੋਖਾ ਹੋਇਆ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕਾ ਦੇ ਭਾਰਤੀ ਸਫਾਰਤਖ਼ਾਨੇ ਕੋਲ ਆਪਣਾ ਵਿਰੋਧ ਦਰਜ ਕਰਾਇਆ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਕਾਨੂੰਨੀ ਮਦਦ ਮੁਹੱਈਆ ਕਰਵਾਉਣ ਦੀ ਮੰਗ ਕੀਤੀ। ਇੰਮੀਗਰੇਸ਼ਨ ਤੇ ਕਸਟਮ ਵਿਭਾਗ ਦੇ ਅੰਡਰ ਕਵਰ ਏਜੰਟਾਂ ਨੇ ਵਿਛਾਇਆ ਸੀ ਜਾਲ : ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਸਾਲ 2015 ਵਿਚ ਇਹ ਜਾਅਲੀ ਯੂਨੀਵਰਸਿਟੀ ਕਾਇਮ ਕੀਤੀ ਗਈ ਸੀ। ਇਸ ਦਾ ਮਕਸਦ ਅਜਿਹੇ ਵਿਦੇਸ਼ੀਆਂ ਨੂੰ ਕਾਬੂ ਕਰਨਾ ਸੀ ਜੋ ਸਟੱਡੀ ਵੀਜ਼ੇ 'ਤੇ ਅਮਰੀਕਾ ਆ ਕੇ ਰਹਿਣਾ ਚਾਹੁੰਦੇ ਸਨ। ਯੂਨੀਵਰਸਿਟੀ ਆਫ਼ ਫਾਰਮਿੰਗਟਨ ਦੀ ਵੈੱਬਸਾਈਟ ਉੱਤੇ ਵਿਦਿਆਰਥੀਆਂ ਦੀਆਂ ਕਲਾਸਾਂ ਵਿਚ ਪੜ੍ਹਦਿਆਂ ਦੀਆਂ, ਲਾਇਬ੍ਰੇਰੀ ਅਤੇ ਕੈਂਪਸ ਵਿੱਚ ਬੈਠਿਆਂ ਦੀਆਂ ਤਸਵੀਰਾਂ ਪਾਈਆਂ ਗਈਆਂ ਸਨ।

ਇਸ ਦੇ ਇਸ਼ਤਿਹਾਰ ਵਿਚ ਅੰਡਰ ਗਰੈਜੂਏਟ ਕੋਰਸ ਲਈ 6500 ਅਮਰੀਕੀ ਡਾਲਰ ਅਤੇ ਗਰੈਜੂਏਟ ਕੋਰਸ ਲਈ 11000 ਡਾਲਰ ਦੀ ਸਾਲਾਨਾ ਫੀਸ ਦਰਸਾਈ ਗਈ ਸੀ। ਇਸ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਨੂੰ ਦਿਖਾਉਣ


**ਬਾਕੀ ਸਫ਼ਾ 29 'ਤੇ**


## ਨਵੰਬਰ-1984 ਦੇ ਕਾਨਪੁਰ ਸਿੱਖ ਕਤਲੇਆਮ ਦੀ ਜਾਂਚ ਲਈ ਬਣੀ ਐਸਆਈਟੀ

**ਲਖਨਊ /ਬਿਊਰੋ ਨਿਊਜ਼ :**

ਭਾਰਤੀ ਸੁਪਰੀਮ ਕੋਰਟ ਦੇ ਚਿਰ ਪਹਿਲਾਂ ਦਿੱਤੇ ਹੁਕਮਾਂ ਦੀ ਰੌਸ਼ਨੀ ਵਿਚ ਨਵੰਬਰ-1984 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਹੋਣ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿਚ ਹੋਏ ਸਿੱਖ ਵਿਰੋਧੀ ਕਤਲੇਆਮ ਨੂੰ ਲੈ ਕੇ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਵੱਡਾ ਐਕਸ਼ਨ ਲਿਆ ਹੈ। ਯੋਗੀ ਆਦਿਤਿਅਨਾਥ ਦੀ ਸਰਕਾਰ ਨੇ ਸਿੱਖ ਕਤਲੇਆਮ ਦੀ ਜਾਂਚ ਕਰਵਾਉਣ ਦਾ ਆਦੇਸ਼ ਦਿਤਾ ਹੈ ਅਤੇ ਇਸ ਦੇ ਲਈ ਇਕ "ਸਪੈਸ਼ਲ ਇਨਵੈਸਟੀਗੇਸ਼ਨ ਟੀਮ "(ਸਿੱਟ) ਦਾ ਗਠਨ ਕੀਤਾ ਗਿਆ ਹੈ।

ਯਾਦ ਰਹੇ ਕਿ ਸੁਪਰੀਮ ਕੋਰਟ ਨੇ ਇਕ ਪਟੀਸ਼ਨ ਉਤੇ ਗੌਰ ਕਰਦਿਆਂ ਅਗਸਤ-2017 ਵਿਚ




ਉਤਰ ਪ੍ਰਦੇਸ਼ ਸਰਕਾਰ ਨੂੰ ਇਕ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਗਠਨ ਕਰਨ ਦੇ ਨਿਰਦੇਸ਼ ਦਿੱਤੇ ਸਨ। ਸਰਵ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ ਦੇ ਮੁਖੀ ਕੁਲਦੀਪ ਸਿੰਘ ਭੋਗਲ ਵੱਲੋਂ ਸੁਪਰੀਮ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਖਲ ਕੀਤੀ ਸੀ। ਸੰਨ 1984 ਦੇ ਸਿੱਖ ਕਤਲੇਆਮ ਸਮੇਂ ਯੂਪੀ ਦੇ ਕਾਨਪੁਰ ਵਿਚ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਦੋ ਸਿੱਖਾਂ ਦੁਆਰਾ ਹੱਤਿਆ ਕੀਤੇ ਜਾਣ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿਚ ਇਸ ਦਾ ਗੁੱਸਾ ਸਿੱਖਾਂ ਉਤੇ ਉਤਾਰਿਆ ਗਿਆ ਸੀ।ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ਭਰ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਇਸ ਦੌਰਾਨ ਕਾਨਪੁਰ, ਦਿੱਲੀ ਸਮੇਤ ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਸਿੱਖ ਕਤਲੇਆਮ ਹੋਏ ਸਨ। ਦਿੱਲੀ ਤੋਂ ਬਾਅਦ ਸਭ ਤੋਂ ਵੱਡਾ ਕਤਲੇਆਮ ਕਾਨਪੁਰ ਵਿਚ ਹੀ ਹੋਇਆ ਸੀ। ਇਥੇ ਹੋਈ ਹਿੰਸਾ ਵਿਚ 127 ਸਿੱਖ ਮਾਰੇ ਗਏ ਸਨ। ਐਸਆਈਟੀ ਦੀ ਅਗਵਾਈ ਸਾਬਕਾ ਡੀਜੀ ਅਤੁੱਲ ਕਰਨਗੇ।ਸਾਬਕਾ ਡੀਜੀ ਅਤੁੱਲ ਤੋਂ ਇਲਾਵਾ ਇਸ ਐਸਆਈਟੀ ਵਿਚ ਰਿਟਾਇਰਡ ਮੁਨਸਫ਼ ਸੁਭਾਸ਼ ਚੰਦਰ ਅਗਰਵਾਲ, ਰਿਟਾਇਰਡ ਏਡੀ ਅਭਿਯੋਜਨ ਯੋਗੇਸ਼ਵਰ ਕ੍ਰਿਸ਼ਣ ਸ਼੍ਰੀਵਾਸਤਵ, ਇਕ ਐਸਐਸਪੀ ਅਤੇ ਐਸਪੀ ਨੂੰ ਵੀ ਸਕੱਤਰ ਦੇ ਤੌਰ ਉਤੇ ਸ਼ਾਮਲ ਕੀਤਾ ਗਿਆ ਹੈ।

ਗੌਰਤਲਬ ਹੈ ਕਿ ਦਿੱਲੀ ਸਿੱਖ ਕਤਲੇਆਮ ਨੂੰ ਲੈ ਕੇ ਬੀਤੇ ਸਾਲ ਦਸੰਬਰ ਵਿਚ ਦਿੱਲੀ ਹਾਈ ਕੋਰਟ ਦਾ ਫੈਸਲਾ ਆਇਆ ਸੀ, ਜਿਸ ਵਿਚ ਕਾਂਗਰਸ ਨੇਤਾ ਸੱਜਣ ਕੁਮਾਰ ਨੂੰ ਉਮਰਕੈਦ ਦੀ ਸਜਾ ਸੁਣਾਈ ਗਈ ਸੀ। ਸੱਜਣ ਕੁਮਾਰ ਉਤੇ ਹਿੰਸਾ ਕਰਵਾਉਣ ਅਤੇ ਦੰਗਾ ਭੜਕਾਉਣ ਦਾ ਇਲਜ਼ਾਮ ਲੱਗਿਆ ਸੀ।



















# Travel for Less Inc.

SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, الاتحاد ETIHAD AIRWAYS, Lufthansa, QATAR AIRWAYS القطرية

BBB IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
32116-Alvarado Blvd. Union City, CA-94587
Email: info@travelforlessinc.com

**CALL 510-791-3300** Book online 24x7 @ www.Letsflyhome.com



# 1984 ਅਣਚਿਤਵਿਆ ਕਹਿਰ
## ਬੋਲਦੀ ਕਿਤਾਬ

audiobook

ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।

ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।

**ਬੋਲਦੀਆਂ ਕਿਤਾਬਾਂ ਸੁਣਨ ਲਈ**

(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ Google Play ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।

ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।

ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:

+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

# ਨਕੋਦਰ ਕਾਂਡ : 10 ਫਰਵਰੀ ਨੂੰ ਪਿੰਡ ਲਿੱਤਰਾਂ ਵਿਚ ਹੋਵੇਗਾ ਸ਼ਹੀਦੀ ਸਮਾਗਮ

## ਤਿੰਨ ਦਹਾਕੇ ਬਾਅਦ ਵੀ ਜਨਤਕ ਨਾ ਹੋਈ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ



**ਜਲੰਧਰ/ਬਿਊਰੋ ਨਿਊਜ਼ :** ਪਿਛਲੇ ਕੁਝ ਸਮੇਂ ਤੋਂ 33 ਸਾਲ ਪਹਿਲਾਂ ਵਾਪਰਿਆਂ ਨਕੋਦਰ ਕਾਂਡ ਮੁੜ ਚਰਚਾ ਵਿਚ ਹੈ। ਉਸ ਵੇਲੇ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟਾ ਰਹੇ ਚਾਰ ਸਿੱਖ ਨੌਜਵਾਨਾਂ ਨੂੰ ਪੰਜਾਬ ਪੁਲੀਸ ਨੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਸੀ। ਇਸ ਘਟਨਾ ਵਿੱਚ ਸ਼ਹੀਦ ਹੋਏ ਸਿੱਖ ਨੌਜਵਾਨਾਂ ਵਿੱਚ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਰਾਏਪੁਰ ਚਲੂਪਰ, ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਿਲਮਣ ਸਿੰਘ ਗੋਰਸੀਆਂ ਸ਼ਾਮਲ ਸਨ। ਇਨ੍ਹਾਂ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਵਿੱਚੋਂ ਬਲਦੇਵ ਸਿੰਘ ਲਿੱਤਰਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਗਸਤ 2018 ਵਿੱਚ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕੀਤੀ ਜਾਵੇ ਤੇ ਕਸੂਰਵਾਰ ਪੁਲੀਸ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਪਰ ਮੁੱਖ ਮੰਤਰੀ ਪੰਜਾਬ ਨੇ ਹਾਲੇ ਤੱਕ ਇਸ ਵਾਪਰੇ ਵੱਡੇ ਦੁਖਾਂਤ ਦਾ ਪੀੜਤ ਪਰਿਵਾਰ ਨੂੰ ਕੋਈ ਜਵਾਬ ਤੱਕ ਨਹੀਂ ਦਿੱਤਾ। ਕੈਨੇਡਾ ਤੋਂ ਆਪਣੇ ਪੁੱਤਰ ਰਵਿੰਦਰ ਸਿੰਘ ਸਮੇਤ ਚਾਰ ਸਿੱਖ ਨੌਜਵਾਨਾਂ ਦੀ 33 ਬਰਸੀ ਮਨਾਉਣ ਆਏ ਬਲਦੇਵ ਸਿੰਘ ਲਿੱਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਦਾ ਜਵਾਬ ਨਹੀਂ ਆਇਆ। ਉਨ੍ਹਾਂ ਦੱਸਿਆ ਕਿ 10 ਫਰਵਰੀ ਨੂੰ ਪਿੰਡ ਲਿੱਤਰਾਂ ਵਿੱਚ ਸ਼ਹੀਦੀ ਸਮਾਗਮ ਕੀਤਾ ਜਾਵੇਗਾ। ਜਾਣਕਾਰੀ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਵੀ ਇਸ ਮਾਮਲੇ ਬਾਰੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਸੀ। ਬਲਦੇਵ ਸਿੰਘ ਲਿੱਤਰਾਂ ਨੇ ਦੱਸਿਆ ਕਿ 1984 ਦੇ ਸਾਕਾ ਨੀਲਾ ਤਾਰਾ ਦੇ 20 ਮਹੀਨਿਆਂ ਬਾਅਦ ਹੀ ਸਿੱਖ ਧਰਮ 'ਤੇ ਇਹ ਦੂਜਾ ਵੱਡਾ ਹਮਲਾ ਸੀ ਜਦੋਂ ਨਕੋਦਰ ਦੇ ਗੁਰੂ ਘਰ ਵਿੱਚ ਪੰਜ ਬੀੜਾਂ ਸੜਨ ਦੀ ਘਟਨਾ ਵਾਪਰਦੀ ਹੈ। ਉਨ੍ਹਾਂ ਕਿਹਾ ਕਿ ਜਿਵੇਂ ਬਰਗਾੜੀ ਵਿੱਚ ਸ਼ਾਂਤਮਈ ਰੋਸ ਪ੍ਰਗਟਾ ਰਹੇ ਸਿੱਖਾਂ 'ਤੇ ਪੁਲੀਸ ਨੇ ਗੋਲੀਆਂ ਚਲਾਈਆਂ ਸਨ, ਉਸੇ ਤਰ੍ਹਾਂ 33 ਸਾਲ ਪਹਿਲਾਂ ਵੀ ਨਕੋਦਰ ਵਿੱਚ ਸ਼ਾਂਤਮਈ ਰੋਸ ਪ੍ਰਗਟਾ ਰਹੀ ਸੰਗਤ 'ਤੇ ਗੋਲੀਆਂ ਚਲਾ ਕੇ ਚਾਰ ਸਿੱਖ ਨੌਜਵਾਨਾਂ ਨੂੰ ਸ਼ਹੀਦ ਕੀਤਾ ਸੀ। ਜਦੋਂ ਇਸ ਘਟਨਾ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਨਕੋਦਰ ਦੇ 2 ਫਰਵਰੀ 1986 ਨੂੰ ਸ੍ਰੀ ਗੁਰੁ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸਾੜੇ ਜਾਣ ਵਿਰੁੱਧ ਰੋਸ ਪ੍ਰਗਟਾ ਰਹੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਚਾਰ ਸਿੱਖ ਨੌਜਵਾਨ 4 ਫਰਵਰੀ 1986 ਨੂੰ ਪੁਲੀਸ ਦੀਆਂ ਗੋਲੀਆਂ ਨਾਲ ਮਾਰੇ ਗਏ ਸਨ। ਉਨ੍ਹਾਂ ਆਪਣੇ ਪੁੱਤ ਦੀ ਲਾਸ਼ ਨੂੰ ਸਿਵਲ ਹਸਪਤਾਲ ਨਕੋਦਰ ਆਪਣੇ ਅੱਖੀਂ ਦੇਖਿਆ ਸੀ ਤੇ ਲਾਸ਼ ਲੈਣ ਦੀ ਫਰਿਆਦ ਵੀ ਕੀਤੀ ਸੀ ਪਰ ਪੁਲੀਸ ਨੇ ਚਾਰੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਕਹਿ ਕੇ ਸਾੜ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਉਸੇ ਵੇਲੇ ਜਲੰਧਰ ਐੱਸਐੱਸਪੀ ਇਜ਼ਹਾਰ ਆਲਮ ਸਨ ਜਿਹੜੇ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਨ ਤੇ ਉਸ ਵੇਲੇ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਸਨ, ਜਿਨ੍ਹਾਂ ਨੇ ਉਦੋਂ ਮੌਕੇ 'ਤੇ ਘਟਨਾ ਦਾ ਜ਼ਾਇਜਾ ਲਿਆ ਸੀ। ਉਹ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਐਸੰਬਲੀ ਦੀ ਚੋਣ ਲੜ ਚੁੱਕੇ ਹਨ ਤੇ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਹੋਇਆਂ ਉਹ ਉਨ੍ਹਾਂ ਦੇ ਪ੍ਰਿੰਸੀਪਲ ਸਕੱਤਰ ਵੀ ਰਹੇ ਸਨ।

## ਖੁੱਲ੍ਹੀ ਬਹਿਸ ਹੀ ਸੱਚ ਸਾਹਮਣੇ ਲਿਆਉਣ ਲਈ ਜ਼ਰੂਰੀ : ਜਸਜੀਤ ਸਿੰਘ

**ਫਰੀਮੌਂਟ/ਬਿਊਰੋ ਨਿਊਜ਼ :** ਦੇਸ਼-ਵਿਦੇਸ਼ ਦੀ ਜਾਣੀ-ਪਹਿਚਾਣੀ ਪੰਥਕ ਸ਼ਖਸੀਅਤ ਸ. ਜਸਜੀਤ ਸਿੰਘ ਨੇ ਉਨ੍ਹਾਂ ਖਿਲਾਫ ਕੂੜ ਪਰਚਾਰ ਕਰਨ ਵਾਲੇ ਵਿਅਕਤੀਆਂ ਨੂੰ ਕਿਸੇ ਵੀ ਥਾਂ ਜਨਤਕ ਤੌਰ 'ਤੇ ਸੰਵਾਦ ਰਚਾਉਣ ਦੀ ਚੁਣੌਤੀ ਦਿੱਤੀ ਹੈ। ਸ. ਜਸਜੀਤ ਸਿੰਘ ਨੇ ਕਿਹਾ ਕਿ ਪਿਛਲੇ 14-15 ਸਾਲਾਂ ਤੋਂ ਕੁੱਝ ਵਿਅਕਤੀ ਲਗਾਤਾਰ ਇੱਕ ਸੋਚੀ ਸਮਝੀ ਚਾਲ ਅਧੀਨ ਸਾਡੇ ਗਰੁੱਪ ਤੇ ਮੇਰੇ ਵਿਰੁੱਧ ਲਗਾਤਾਰ ਝੂਠੇ ਇਲਜ਼ਾਮ ਲਾ ਰਹੇ ਹਨ। ਮੈਂ ਇਹਨਾਂ ਨੂੰ ਕਈ ਵਾਰ ਕਹਿ ਚੁੱਕਾ ਹਾਂ ਕਿ ਜਦੋਂ ਮਰਜ਼ੀ ਆ ਕੇ ਪਬਲਿਕ ਵਿੱਚ ਬਹਿਸ ਕਰ ਲੈਣ ਪਰ ਇਹ ਹਰ ਵਾਰ ਪ੍ਰਾਈਵੇਟ ਬਹਿਸ ਕਰਨ ਦੀ ਪੇਸ਼ਕਸ਼ ਕਰ ਦਿੰਦੇ ਹਨ। ਮੇਰੀ ਇਹਨਾਂ ਨੂੰ ਬੇਨਤੀ ਹੈ ਕਿ ਮੈਂ ਅਗਲੇ ਦਿਨਾਂ ਵਿੱਚ ਇੱਕ ਕਾਨਫਰੰਸ ਕਮਰਾ ਬੁੱਕ ਕਰਾ ਕੇ ਇਹਨਾਂ ਨੂੰ ਦੱਸ ਦਿਆਂਗਾ ਅਤੇ ਇਹ ਆਪਣੇ ਨਾਲ 50 ਬੰਦੇ ਲੈ ਕੇ ਆ ਸਕਣਗੇ। ਇਹਨਾਂ ਸਾਰਿਆਂ ਨੂੰ ਮੇਰੇ ਤੋਂ ਸਵਾਲ ਪੁੱਛਣ ਦਾ ਹੱਕ ਹੋਵੇਗਾ। ਇਹਨਾਂ ਨੂੰ ਪੂਰੇ ਸਤਿਕਾਰ ਨਾਲ ਇੱਕ ਉਸਾਰੂ ਬਹਿਸ ਦਾ ਮਾਹੌਲ ਦਿੱਤਾ ਜਾਵੇਗਾ। ਕੋਈ ਇਹਨਾਂ ਦੀ ਸ਼ਾਨ ਦੇ ਖ਼ਿਲਾਫ਼ ਨਹੀਂ ਬੋਲੇਗਾ। ਜੇ ਇਹ ਨਹੀਂ ਵੀ ਆਉਣਗੇ ਤਾਂ ਵੀ ਇਹ ਮੈਨੂੰ ਲਿਖ ਕੇ ਸਵਾਲ ਭੇਜ ਸਕਣਗੇ ਅਤੇ ਉਹਨਾਂ ਦੇ ਜੁਆਬ ਵੀ ਦੇ ਦਿੱਤੇ ਜਾਣਗੇ। ਜੇ ਇਹ ਆਪਣੇ ਸਵਾਲ ਜਾਂ ਦੋਸ਼ 'ਅੰਮ੍ਰਿਤਸਰ ਟਾਈਮਜ਼' ਵਿੱਚ ਲਗਵਾਉਣਾ ਚਾਹੁੰਦੇ ਹਨ, ਤਾਂ ਵੀ ਛਾਪ ਦਿਆਂਗੇ। ਹੁਣ ਇਹ ਫੈਸਲਾ ਕਰ ਲੈਣ ਕਿ ਕੀ ਕਰਨਾ ਹੈ। ਉਨ੍ਹਾਂ ਕਿਹਾ ਕਿ ਅਸੀਂ ਅਗਲੇ ਦਿਨਾਂ ਵਿੱਚ ਥਾਂ ਬੁੱਕ ਕਰਾ ਕੇ ਦੱਸ ਦਿਆਂਗੇ ਜਾਂ ਇਹ ਬੁੱਕ ਕਰਾ ਕੇ ਸਾਨੂੰ ਸੱਦ ਲੈਣ।

## ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਸਮਾਗਮ

**ਨਿਊਯਾਰਕ/ਬਿਊਰੋ ਨਿਊਜ਼ :** ਨਿਊਯਾਰਕ ਦੀਆਂ ਸਿੱਖਾਂ ਸੰਗਤਾਂ ਵਲੋਂ ਸਾਕਾ ਨਕੋਦਰ-1986 ਦੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਐਸੋਸੀਏਸ਼ਨ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਦੁਆਬਾ ਸਿੱਖ ਐਸੋਸੀਏਸ਼ਨ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ



ਸੀ। ਐਤਵਾਰ (3 ਫਰਵਰੀ) ਨੂੰ ਸਮਾਗਮ ਚ ਸੰਗਤਾਂ ਨੇ ਰਾਗੀ ਜਥਿਆਂ ਪਾਸੋਂ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਗੁਰੂ ਦਰਬਾਰ ਦੇ ਢਾਡੀਆਂ ਵਲੋਂ ਸੰਗਤਾਂ ਨਾਲ ਢਾਡੀ ਵਾਰਾਂ ਤੇ ਇਤਿਹਾਸਕ ਪ੍ਰਸੰਗ ਸਾਂਝੇ ਕੀਤੇ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ ਅਤੇ ਗੁਰੂ ਸਾਹਿਬ ਦੇ ਅਦਬ ਸਤਿਕਾਰ ਲਈ ਹੋਈਆਂ ਸ਼ਹਾਦਤਾਂ ਨੂੰ ਯਾਦ ਕੀਤਾ।ਇਸ ਸਮਾਗਮ ਚ ਸਾਕਾ ਨਕੋਦਰ ਮੌਕੇ ਸੰਗਤ ਦੀ ਅਗਵਾਈ ਕਰਨ ਵਾਲੇ ਪੰਜ ਪਿਆਰਿਆਂ ਵਿਚੋਂ ਭਾਈ ਪਰਵਿੰਦਰ ਸਿੰਘ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ, ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਅਤੇ ਅਵਤਾਰ ਸਿੰਘ ਪੰਨੂ ਨੇ ਵੀ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ। ਜ਼ਿਕਰਯੋਗ ਹੈ ਕਿ ਨਕੋਦਰ (ਪੰਜਾਬ) ਦੇ ਗੁਰਦੁਆਰਾ ਗੁਰੂ ਅਰਜਨ ਸਾਹਿਬ ਜੀ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਅਗਨ ਭੇਟ ਹੋਏ ਸਰੂਪਾਂ ਦੀ ਸੰਭਾਲ ਲਈ ਜਾ ਰਹੀ ਸਿੱਖ ਸੰਗਤ ਉੱਤੇ ਗੋਲੀਆਂ ਚਲਾ ਕੇ ਪੰਜਾਬ ਪੁਲਿਸ ਨੇ ਚਾਰ ਸਿੰਘਾਂ- ਭਾਈ ਰਵਿੰਦਰ ਸਿੰਘ, ਭਾਈ ਬਲਧੀਰ ਸਿੰਘ, ਭਾਈ ਝਲਮਣ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ। ਇਸ ਸਾਕੇ ਦੀ ਜਾਂਚ ਲਈ ਬਣਾਏ ਗਏ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦਾ ਜਾਂਚ ਲੇਖਾ ਤਿੰਨ ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ਉਤੇ ਵੀ ਜਨਤਕ ਨਹੀਂ ਕੀਤਾ ਗਿਆ ਤੇ ਨਾ ਹੀ ਸਿੱਖਾਂ ਦੇ ਕਾਤਲਾਂ ਉੱਤੇ ਕੋਈ ਕਾਰਵਾਈ ਕੀਤੀ ਗਈ।




## ਪਾਕਿਸਤਾਨ ਵਿਚ ਸਿੱਖ ਨੂੰ ਮਿਲਿਆ ਪਾਰਲੀਮਾਨੀ ਸਕੱਤਰ ਦਾ ਵੱਕਾਰੀ ਅਹੁਦਾ

**ਲਾਹੌਰ/ਬਿਊਰੋ ਨਿਊਜ਼ :** ਪਾਕਿਸਤਾਨ ਵਿੱਚ ਪਹਿਲੀ ਵਾਰ ਕਿਸੇ ਸਿੱਖ ਨੂੰ ਪਾਰਲੀਮਾਨੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਮਹਿੰਦਰਪਾਲ ਸਿੰਘ ਲਹਿੰਦੇ ਪੰਜਾਬ ਦੀ ਅਸੈਂਬਲੀ ਦੇ ਮੈਂਬਰ ਹਨ ਤੇ ਹੁਣ ਪਾਕਿਸਤਾਨ ਸਰਕਾਰ ਨੇ ਉਨ੍ਹਾਂ ਨੂੰ ਪਾਰਲੀਮਾਨੀ ਸਕੱਤਰ ਬਣਾਇਆ ਹੈ।



ਮਹਿੰਦਰਪਾਲ ਸਿੰਘ ਨੇ ਆਪਣੇ ਅਹੁਦੇ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਵੱਖ-ਵੱਖ ਘੱਟ ਗਿਣਤੀ ਭਾਈਚਾਰਿਆਂ ਤੋਂ ਨੁਮਾਇੰਦਿਆਂ ਦਾ ਚੁਣੇ ਜਾਣਾ ਦੇਸ਼ ਲਈ ਚੰਗਾ ਸੰਕੇਤ ਹੈ। ਉਹ ਪਿਛਲੇ ਦਿਨੀਂ ਇੱਕ ਸਿੱਖ ਨੌਜਵਾਨ ਨੂੰ ਪੰਜਾਬ ਦੇ ਰਾਜਪਾਲ ਦਾ ਲੋਕ ਸੰਪਰਕ ਅਧਿਕਾਰੀ ਨਿਯੁਕਤ ਕੀਤੇ ਜਾਣ 'ਤੇ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਹਿੰਦੂ ਔਰਤ ਨੂੰ ਸਿੰਧ ਦੀ ਸਿਵਲ ਜੱਜ ਲਾਏ ਜਾਣ ਤੋਂ ਘੱਟ ਗਿਣਤੀਆਂ ਭਾਈਚਾਰਿਆਂ ਵਿੱਚ ਦੇਸ਼ ਪ੍ਰਤੀ ਵਿਸ਼ਵਾਸ ਵਧਣ ਦਾ ਸੰਕੇਤ ਹੈ।

ਮਹਿੰਦਰਪਾਲ ਸਿੰਘ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ਼ ਦੀ ਟਿਕਟ 'ਤੇ ਮੁਲਤਾਨ ਤੋਂ ਐਮਪੀਏ ਚੁਣੇ ਗਏ ਹਨ। ਹੁਣ ਉਨ੍ਹਾਂ ਨੂੰ ਸਰਕਾਰ ਨੇ ਪਾਰਲੀਮਾਨੀ ਸਕੱਤਰ ਬਣਾਇਆ ਗਿਆ ਹੈ। ਸਰਕਾਰ ਵੱਲੋਂ ਲਹਿੰਦੇ ਪੰਜਾਬ ਦੇ ਮੰਤਰੀ ਵਾਲੀਆਂ ਸਾਰੀਆਂ ਸਹੂਲਤਾਂ ਵੀ ਮਹਿੰਦਰਪਾਲ ਨੂੰ ਦਿੱਤੀਆਂ ਗਈਆਂ ਹਨ।

## ਡਾ. ਮਰਵਾਹਾ ਨੂੰ ਸਨਮਾਨਿਤ ਕਰਨ ਦਾ ਫੈਸਲਾ

**ਲਾਸ ਏਂਜਲਸ/ਹੁਸਨ ਲੜੋਆ ਬੰਗਾ :**
ਦੱਖਣੀ ਕੈਲੀਫੋਰਨੀਆ ਦੇ ਇਤਿਹਾਸ ਬਾਰੇ ਸਟੂਡੀਓ ਨੇ ਦੰਦਾਂ ਦੇ ਮਸ਼ਹੂਰ ਡਾਕਟਰ ਅਮਰਜੀਤ ਸਿੰਘ ਮਰਵਾਹਾ ਨੂੰ ਲਾਸ ਏਂਜਲਸ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਲਈ ਪਾਏ ਯੋਗਦਾਨ ਸਦਕਾ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਡਾ. ਮਰਵਾਹਾ ਬਾਲ ਅਤੇ ਦੰਦ ਚਕਿਤਸਾ ਸਬੰਧੀ ਪੜ੍ਹਾਈ ਕਰਨ ਵਾਸਤੇ ਸਕਾਲਰਸ਼ਿਪ 'ਤੇ ਸੰਨ 1953 ਵਿਚ ਨਿਊਯਾਰਕ ਆਏ ਸਨ। ਸਟੂਡੀਓ ਡਾਇਰੈਕਟਰ ਸ਼ੈਰੋਨ ਸੇਖੋਂ ਨੇ ਡਾ. ਮਰਵਾਹਾ ਨੂੰ ਸਲਮਾਨਿਤ ਕਰਨ ਲਈ ਸਾਊਥ ਏਸ਼ੀਅਨ ਅਮਰੀਕਨ ਡਿਜ਼ੀਟਲ ਅਲਾਇੰਸ, ਹਾਲੀਵੁੱਡ ਗੁਰੂਘਰ ਅਤੇ ਕੌਂਸਲ ਮੈਨ ਡੇਵਿਡ ਰਿਊ ਨਾਲ ਮਿਲ ਕੇ ਫੈਸਲਾ ਲਿਆ ਹੈ।



# ਠੰਡ ਨੇ ਐਤਕੀਂ ਅਮਰੀਕਨਾਂ ਦੇ ਕੜਿੱਲ ਕੱਢੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਦੇਸ਼ ਦੇ 10 ਸੂਬਿਆਂ 'ਚ ਜੰਮ ਕੇ ਬਰਫਬਾਰੀ ਹੋ ਰਹੀ ਹੈ। ਤਾਪਮਾਨ ਮਨਫੀ 20 ਡਿਗਰੀ ਤੋਂ ਹੇਠ ਆ ਚੁੱਕਿਆ ਹੈ। ਸ਼ਿਕਾਗੋ ਨਦੀ ਜੰਮ ਚੁੱਕੀ ਹੈ। ਮੌਸਮ ਵਿਭਾਗ ਨੇ ਤਾਪਮਾਨ ਮਨਫੀ 70 ਡਿਗਰੀ ਤਕ ਪਹੁੰਚਣ ਦੀ ਚੇਤਾਵਨੀ ਦਿੱਤੀ ਹੈ। ਪੈਟ੍ਰੋਲਿੰਗ ਕਰਨ ਵਾਲੇ ਅਫਸਰ ਇਸ ਨੂੰ ਅਮਰੀਕਾ ਦੀ ਇਤਿਹਾਸਕ ਠੰਢ ਦੱਸ ਰਹੇ ਹਨ।

10 ਸੂਬਿਆਂ ਇਲੀਨਾਏ, ਅਯੋਵਾ, ਮਿਨੇਸੋਟਾ, ਨਾਰਥ ਡਕੋਟਾ, ਵਿਸਕਾਂਸਿਨ, ਕੰਸਾਸ, ਮਿਸੌਰੀ ਤੇ ਮੋਂਟਾਨਾ 'ਚ ਖੂਬ ਠੰਢ ਪੈ ਰਹੀ ਹੈ। ਠੰਢ ਨੂੰ ਦੇਖਦੇ ਹੋਏ 6 ਸੂਬਿਆਂ ਦੀਆਂ ਪੋਸਟਲ ਸੇਵਾਵਾਂ ਵੀ ਰੱਦ ਕਰ ਦਿੱਤੀਆਂ ਗਈਆਂ ਹਨ। ਲੋਕਾਂ ਨੂੰ ਘਰੋਂ ਨਾ ਨਿਕਲਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।ਇੱਕ ਪੁਲਿਸ ਅਧਿਕਾਰੀ ਨੇ ਟਵੀਟ ਕੀਤਾ, ਕਿ ਖੁੱਲ੍ਹੇ ਇਲਾਕੇ 'ਚ ਵੀ ਵਿਜ਼ੀਵਿਲਟੀ ਕਾਫੀ ਘਟ ਗਈ ਹੈ। ਗੱਡੀਆਂ ਦੀਆਂ ਹੈੱਡਲਾਈਟਾਂ ਤੇ ਟੇਲਲਾਈਟਾਂ ਨੂੰ ਚਾਲੂ ਰੱਖੋ। ਇਹ ਸੁਰੱਖਿਆ ਦੇ ਲਿਹਾਜ਼ ਤੋਂ ਸਹੀ ਰਹੇਗਾ। ਸ਼ਿਕਾਗੋ ਦੀ ਸਥਿਤੀ ਤੋਂ ਸਭ ਤੋਂ ਖ਼ਰਾਬ ਹੈ ਜਿੱਥੇ ਤਾਪਮਾਨ ਮਨਫੀ 27 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਅੰਟਾਰਟਿਕਾ 'ਚ ਤਾਪਮਾਨ ਸਭ ਤੋਂ ਘੱਟ ਹੋ ਸਕਦਾ ਹੈ। ਨਰਥ ਡਕੋਟਾ 'ਚ ਲੋਕਾਂ ਨੂੰ ਦੁਕਾਨਾਂ ਬੰਦ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਵੱਧ ਤੋਂ ਵੱਧ ਕੱਪੜੇ ਪਾਉਣ ਦੀ ਸਲਾਹ ਦਿੱਤੀ ਗਈ ਹੈ।



# ਕੈਲੀਫੋਰਨੀਆ ਯੂਨੀਵਰਸਿਟੀ 'ਚ ਸਿੱਖ ਗਿਆਨ ਖੋਜ ਸਬੰਧੀ ਪ੍ਰੈਜੀਡੈਂਸ਼ੀਅਲ ਚੇਅਰ ਲਈ ਅਨੀਤ ਕੌਰ ਹੁੰਦਲ ਨਾਮਜ਼ਦ

**ਇਰਵਿਨ/ ਹੁਸਨ ਲੜੋਆ ਬੰਗਾ :**
ਸਿੱਖ ਭਾਈਚਾਰੇ ਲਈ ਇਹ ਬੜੀ ਖੁਸ਼ੀ ਵਾਲੀ ਗੱਲ ਹੈ ਕਿ "ਯੂਨੀਵਰਸਿਟੀ ਆਫ ਕੈਲੀਫੋਰਨੀਆ" 'ਚ ਸਿੱਖ ਗਿਆਨ ਖੋਜ (ਸਿੱਖ ਸਟੱਡੀਜ਼) ਸਬੰਧੀ ਸੰਨ 2017 ਵਿਚ ਸਥਾਪਤ ਕੀਤੀ ਗਈ ਧੰਨ ਕੌਰ ਪ੍ਰੈਜੀਡੈਂਸ਼ੀਅਲ ਚੇਅਰ ਲਈ ਬੀਬੀ ਅਨੀਤ ਕੌਰ ਹੁੰਦਲ ਨੂੰ ਨਾਮਜ਼ਦ ਕੀਤਾ ਗਿਆ ਹੈ।



ਬੀਬੀ ਅਨੀਤ ਕੌਰ ਹੁੰਦਲ ਪ੍ਰੈਜੀਡੈਂਸ਼ੀਅਲ ਚੇਅਰ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਇਰਵਿਨ 'ਚ ਮਨੁੱਖੀ ਵਿਗਿਆਨ ਦੀ ਸਹਾਇਕ ਪ੍ਰੋਫੈਸਰ ਵਜੋਂ ਸਿੱਖ ਧਰਮ ਅਤੇ ਸਭਿਆਚਾਰ ਬਾਰੇ ਪੜ੍ਹਾਵੇਗੀ। ਅਮਰੀਕਾ ਵਿਚ ਪ੍ਰਵਾਸੀ ਸਮਾਜ ਦੇ ਮਨੁੱਖੀ ਹੱਕਾਂ ਦੇ ਮਸਲਿਆਂ ਦੇ ਨਾਲ-ਨਾਲ ਅਮਰੀਕਾ ਰਹਿੰਦੇ ਸਿੱਖਾਂ ਉੱਤੇ ਪੈਂਦੇ ਇਸਦੇ ਅਸਰ ਅਤੇ ਵੱਖੋ-ਵੱਖਰੀਆਂ ਸਮਾਜਕ ਚੁਣੌਤੀਆਂ ਬਾਰੇ ਗਿਆਨਪੂਰਨ ਸਮਝ ਵਿਕਸਤ ਕਰਨ ਲਈ ਖੋਜ ਕਾਰਜ ਕਰਨਾ ਅਨੀਤ ਕੌਰ ਹੁੰਦਲ ਦੀ ਮੁੱਖ ਜ਼ਿੰਮੇਵਾਰੀ ਹੋਵੇਗੀ।

ਇਸ ਵੱਕਾਰੀ ਅਹੁਦੇ ਦੀ ਸਥਾਪਨਾ ਲਈ ਡਾ. ਹਰਵਿੰਦਰ ਸਿੰਘ ਸਹੋਤਾ ਅਤੇ ਆਸ਼ਾ ਸਹੋਤਾ ਨੇ ਵੱਡਮੁੱਲਾ ਯੋਗਦਾਨ ਪਾਇਆ ਸੀ। ਦਿਲ ਦੇ ਰੋਗਾਂ ਦੇ ਡਾਕਟਰ ਸ. ਹਰਵਿੰਦਰ ਸਿੰਘ ਸਹੋਤਾ ਨੇ ਦੱਸਿਆ ਕਿ ਇਸ ਚੇਅਰ ਦੀ ਸਥਾਪਨਾ ਨਾਲ ਸਾਨੂੰ ਆਸ ਹੈ ਕਿ ਅਮਰੀਕੀ ਭਾਈਚਾਰਾ ਸਿੱਖ ਧਰਮ ਅਤੇ ਸਭਿਆਚਾਰ ਬਾਰੇ ਗਹਿਰਾਈ ਨਾਲ ਸਮਝ ਸਕੇਗਾ ਇਸ ਨਾਲ ਅਮਰੀਕਾ 'ਚ ਸਿੱਖ ਪਛਾਣ ਸੰਬੰਧੀ ਮੁਹਿੰਮ ਨੂੰ ਹੋਰ ਬਲ ਮਿਲੇਗਾ।

## ਸ਼ਾਮਲ ਹਾਂ ਗਜਿੰਦਰ ਸਿੰਘ !

**- ਸ਼ੇਰ ਸਿੰਘ ਕੰਵਲ**
(011-602-482-2276)

ਸ਼ਾਮਲ ਹਾਂ
ਗਜਿੰਦਰ ਸਿੰਘ!
ਮੈਂ ਬਹੁਤ ਦੂਰ ਤੋਂ...
ਪਰ ਤੇਰੇ ਦਿਲ ਦੇ ਬਹੁਤ ਕਰੀਬ ਤੋਂ
ਤੇਰਾ ਇਕ ਹਮਸਾਇਆ ਬੋਲ ਰਿਹਾ ਹਾਂ।
ਤੇਰੇ ਸੱਜਰੇ ਦੁੱਖ ਵਿਚ ਸ਼ਾਮਲ ਹੋ ਰਿਹਾ ਹਾਂ।
ਤੂੰ ਜ਼ਿੰਦਗੀ ਵਿਚ ਜ਼ਖਮ ਹੀ ਖਾਧੇ ਹਨ
ਇਹ ਜ਼ਖਮ ਤੂੰ ਮੰਗ ਕੇ ਲਏ ਸਨ।
ਆਪਣੀ ਕੌਮ ਲਈ।
ਪਰ ਇਕ ਗਹਿਰਾ ਜਖ਼ਮ
ਤੈਨੂੰ ਘਾਇਲ ਪੰਛੀ ਨੂੰ
ਇਸ ਉਮਰੇ ਆ ਲੱਗਿਐ।
ਚਿੱਤ ਕੀਤਾ
ਤੂੰ ਉਦਾਸ ਹੋਵੇਂਗਾ
ਸਿਸਕ ਰਿਹਾ ਹੋਵੇਂਗਾ।
ਤੇਰੇ ਗਲ ਨਾਲ
ਲੱਗ ਕੇ ਰੋ ਲਵਾਂ
ਕੁਝ ਤਾਂ ਤੇਰਾ ਦਰਦ
ਆਪਣੇ ਵਿਚ ਸਮੋਅ ਲਵਾਂ।
ਮਿੱਤਰਾ! ਤੂੰ ਸੂਰਮਾ ਹੈਂ
ਤੁਸੀਂ ਸੂਰਮੇ, ਪੰਥ ਲਈ ਚਰਖੜੀਆਂ ਚੜ੍ਹ ਜਾਂ
ਪੁਰਜ਼ਾ ਪੁਰਜਾ ਕੱਟ ਜਾਂਦੇ ਹੋ
ਉਮਰ ਭਰ ਜੇਹਲਾਂ ਵਿਚ ਸੜ ਜਾਂਦੇ ਹੋ।
ਤੁਸੀਂ ਜ਼ਾਲਮ ਤੂਫ਼ਾਨਾਂ ਮੂਹਰੇ ਅੜ ਸਕਦੇ ਹੋ।
ਤੇ ਅਨਿਆਏ ਦੇ ਘੁੱਪ ਹਨੇਰਿਆਂ ਨਾਲ ਲੜ ਸਕਦੇ ਹੋ।
ਤੁਸੀਂ ਹੋ ਦਸਮ ਪਿਤਾ ਦੇ ਪੁੱਤਰ
ਤੁਹਾਨੂੰ ਪੰਥ ਪਹਿਲੋਂ ਹੈ
ਪਹਿਲੋਂ ਪਰਿਵਾਰ ਮੂਲੋਂ ਨਹੀਂ।
ਕੁਰਸੀਆਂ ਦੇ ਤਲਬਗਾਰ ਹਨ ਹੋਰ
ਜੋ ਪੰਥ ਨੂੰ ਪਰਿਵਾਰ ਲਈ ਵੇਚ ਦਿੰਦੇ ਹਨ।
ਉਹ ਕੌਮ ਦੇ ਮੂਲੋਂ ਯਾਰ ਨਹੀਂ।
ਤੁਸਾਂ ਦੇ ਸਿਦਕ ਨੂੰ ਸਿਜਦਾ!
ਤੁਸਾਂ ਦੇ ਦਰਦ ਵਿਚ ਸ਼ਾਮਲ!!

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# ਪੰਜਾਬ ਸਰਕਾਰ ’ਤੇ ਸਾਕਾ ਨਕੋਦਰ ਦੀ ਜਾਂਚ ਰਿਪੋਰਟ ਜਾਰੀ ਕਰਨ ਦਾ ਦਬਾਅ ਵਧਿਆ

**ਜਲੰਧਰ/ਬਿਊਰੋ ਨਿਊਜ਼** : 4 ਫਰਵਰੀ 1986 ਨੂੰ ਵਾਪਰੇ ਸਾਕਾ ਨਕੋਦਰ ਨੂੰ ਭਾਵੇਂ 33 ਸਾਲ ਬੀਤ ਚੁੱਕੇ ਹਨ ਪਰ ਇਸ ਘਟਨਾ ਵਿਚ ਸ਼ਹੀਦ ਹੋਏ ਸਿੱਖ ਨੌਜਵਾਨਾਂ ਦੇ ਪਰਵਾਰ ਹਾਲੀ ਵੀ ਨਿਆਂ ਲਈ ਜਦੋ-ਜਹਿਦ ਕਰ ਰਹੇ ਹਨ।ਤਤਕਾਲੀ ਪੰਜਾਬ ਸਰਕਾਰ ਨੇ ਇਸ ਸਾਕੇ ਦੀਆਂ ਘਟਨਾਵਾਂ ਦੀ ਜਾਂਚ ਦੀ ਜਿੰਮੇਵਾਰੀ ਜਸਟਿਸ ਗੁਰਨਾਮ ਸਿੰਘ ਨੂੰ ਦਿੱਤੀ ਸੀ ਜਿਨ੍ਹਾਂ ਆਪਣਹ ਜਾਂਚ ਰਿਪੋਰਟ 1987 ਵਿਚ ਹੀ ਸਰਕਾਰ ਨੂੰ ਸੌਂਪ ਦਿੱਤੀ ਸੀ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਉਸ ਦੀ ਭਾਫ ਤਕ ਵੀ ਨਹੀਂ ਕੱਢੀ।ਲੰਘੇ ਤਿੰਨ ਦਹਾਕਿਆਂ ਦਰਮਿਆਨ ਪੰਜਾਬ ਵਿਚ ਬਣੀਆਂ ਸਾਰੀਆਂ ਹੀ ਸਰਕਾਰਾਂ ਨੇ ਇਸ ਰਿਪੋਰਟ ਨੂੰ ਦੱਬੀ ਰੱਖਿਆ ਹੈ। ਉਸ ਵੇਲੇ ਦੀਆਂ ਅਖਬਾਰਾਂ ਵਿਚ ਇਹ ਗੱਲ ਨਸ਼ਰ ਹੋਈ ਸੀ ਕਿ ਜਸਟਿਸ ਗੁਰਨਾਮ ਸਿੰਘ ਨੇ ਆਪਣੀ ਜਾਂਚ ਰਿਪੋਰਟ ਵਿਚ ਇਸ ਗੱਲ ਦੀ ਤਸਦੀਕ ਕੀਤੀ ਸੀ ਕਿ ਪੁਲਿਸ ਵਲੋਂ ਨਜਾਇਜ਼ ਤੌਰ ਉੱਤੇ ਹੀ ਸਿੱਖ ਸੰਗਤਾਂ ‘ਤੇ ਗੋਲੀ ਚਲਾਈ ਗਈ ਸੀ। ਬੀਤੇ ਸਾਲ ਪੰਜਾਬ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਪਿੰਡ ਬਹਿਬਲ ਕਲਾਂ ਵਿਖੇ ਪੁਲਿਸ ਵਲੋਂ ਸਿੱਖ ਸੰਗਤਾਂ ਉੱਤੇ ਗੋਲੀ ਚਲਾ ਕੇ ਦੋ ਸਿੱਖਾਂ ਨੂੰ ਸ਼ਹੀਦ ਕਰਨ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ ਤਾਂ ਇਹ ਮੰਗ ਵੀ ਮੁੜ ਉੱਠੀ ਕਿ ਸਾਕਾ ਨਕੋਦਰ ਬਾਰੇ ਜਸਟਿਸ ਗੁਰਨਾਮ ਸਿੰਘ ਦਾ ਜਾਂਚ ਲੇਖਾ ਵੀ ਜਨਤਕ ਕੀਤਾ ਜਾਵੇ। ਉਦੋਂ ਤਾਂ ਪੰਜਾਬ ਸਰਕਾਰ ਇਹ ਮਾਮਲਾ ਟਾਲ ਗਈ ਸੀ ਪਰ ਹੁਣ ਮੁੜ ਇਹ ਜਾਂਚ ਜਨਤਕ ਕਰਨ ਲਈ ਪੰਜਾਬ ਸਰਕਾਰ ਉੱਤੇ ਦਬਾਅ ਬਣ ਰਿਹਾ ਹੈ।



ਸ਼ਹੀਦ ਭਾਈ ਰਵਿੰਦਰ ਸਿੰਘ ਸ਼ਹੀਦ ਭਾਈ ਹਰਮਿੰਦਰ ਸਿੰਘ ਸ਼ਹੀਦ ਭਾਈ ਬਲਧੀਰ ਸਿੰਘ ਸ਼ਹੀਦ ਭਾਈ ਝਿਲਮਣ ਸਿੰਘ

## ਰਿਪੋਰਟ ਜਨਤਕ ਕੀਤੀ ਜਾਵੇ: ਹਰਪਾਲ ਸਿੰਘ ਚੀਮਾ



ਵਿਰੋਧੀ ਧਿਰ ਆਮ ਆਦਮੀ ਪਾਰਟੀ ਨੇ ਇਕ ਲਿਖਤੀ ਬਿਆਨ ਜਾਰੀ ਕਰਕੇ ਪੰਜਾਬ ਸਰਕਾਰ ਕੋਲੋਂ ਆਉਂਦੇ ਵਿਧਾਨ ਸਭਾ ਇਜਲਾਸ ਦੌਰਾਨ ਇਹ ਜਾਂਚ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰਾਂ ਨੇ 33 ਸਾਲਾਂ ਤੱਕ ਸੱਚ ਦੱਬੀ ਰੱਖਿਆ ਹੈ ਤੇ ਸ਼ਹੀਦ ਕੀਤੇ ਗਏ ਸਿੱਖ ਨੌਜਵਾਨਾਂ ਦੇ ਪਰਵਾਰਾਂ ਨਾਲ ਬੇਇਨਸਾਫੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਹੁਣ ਅਮਰਿੰਦਰ ਸਿੰਘ ਸਰਕਾਰ ਨੂੰ ਬਿਨਾ ਦੇਰੀ ਜਸਟਿਸ ਗੁਰਨਾਮ ਸਿੰਘ ਦਾ ਜਾਂਚ ਲੇਖਾ ਜਨਤਕ ਕਰਨ ਚਾਹੀਦਾ ਹੈ।

## ਪੰਥਕ ਇਕੱਠ ਵੱਲੋਂ ਵੀ ਜਾਂਚ ਰਿਪੋਰਟ ਜਾਰੀ ਕਰਨ ਦੀ ਮੰਗ

ਲੰਘੀ 27 ਜਨਵਰੀ ਨੂੰ ਚੰਡੀਗੜ੍ਹ ਵਿਖੇ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਲੋਂ ਸੱਦੇ ਗਏ ਪੰਥਕ ਇਕੱਠ ਦੌਰਾਨ ਵੀ ਇਕ ਮਤਾ ਪ੍ਰਵਾਨ ਕਰਕੇ ਸਰਕਾਰ ਕੋਲੋਂ ਮੰਗ ਕੀਤੀ ਗਈ ਸੀ ਕਿ ਸਾਕਾ ਨਕੋਦਰ ਬਾਰੇ ਜਾਂਚ ਲੇਖਾ ਜਨਤਕ ਕੀਤਾ ਜਾਵੇ।

## ਐਚ.ਐਸ.ਫੂਲਕਾ ਨੇ ਅਮਰਿੰਦਰ ਸਿੰਘ ਨੂੰ ਚਿੱਠੀ ਲਿਖੀ



ਵਕੀਲ ਤੋਂ ਸਿਆਸਤਦਾਨ ਬਣੇ ਐਚ.ਐਸ.ਫੂਲਕਾ ਨੇ ਇਕ ਚਿੱਠੀ ਲਿਖ ਕੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਕੋਲੋਂ ਸਾਕਾ ਨਕੋਦਰ ਬਾਰੇ ਜਸਟਿਸ ਗੁਰਨਾਮ ਸਿੰਘ ਦਾ ਜਾਂਚ ਲੇਖਾ ਜਨਤਕ ਕਰਨ ਦੀ ਮੰਗ ਕੀਤੀ ਹੈ। ਅੰਗਰੇਜ਼ੀ ਵਿਚ ਲਿਖੀ ਵਿਚ ਸ. ਫੂਲਕਾ ਨੇ ਇਸ ਸਾਕੇ ਦਾ ਪਿਛੋਕੜ ਵਿਸਥਾਰ ਵਿਚ ਬਿਆਨ ਕੀਤਾ ਹੈ ਤੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ ਕਿ ਇਸ ਸਾਕੇ ਪਿੱਛੇ ਜਲੰਧਰ ਦੇ ਤਤਕਾਲੀ ਐਸਐਸਪੀ ਇਜ਼ਹਾਰ ਆਲਮ, ਐਸਪੀ. ਸੁਰਜੀਤ ਸਿੰਘ, ਨਕੋਦਰ ਦੇ ਡੀਐਸਪੀ. ਗੋਪਾਲ ਸਿੰਘ ਘੁੰਮਣ ਅਤੇ ਇੰਸਪੈਕਟਰ ਹਰਿੰਦਰਪਾਲ ਸਿੰਘ ਦਾ ਹੱਥ ਹੋਣ ਦਾ ਸ਼ੱਕ ਹੈ। ਸ੍ਰੀ ਫੂਲਕਾ ਨੇ ਲਿਖਿਆ ਹੈ ਕਿ ਰੋਸ ਧਰਨੇ ‘ਚ ਉਦੋਂ ਦੇ ਟਕਸਾਲੀ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਤੇ ਸੁਰਜੀਤ ਸਿੰਘ ਮਿਨਹਾਸ ਵੀ ਬੈਠੇ ਸਨ। ਇਸ ਗੋਲੀ ਕਾਂਡ ਬਾਰੇ ਉਸ ਵੇਲੇ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਸੀ। ਉਨ੍ਹਾਂ ਆਪਣੀ ਰਿਪੋਰਟ ਅਕਤੂਬਰ 1986 ਨੂੰ ਸੌਂਪ ਦਿੱਤੀ ਸੀ। ਵਕੀਲ ਫੂਲਕਾ ਨੇ ਆਪਣੀ ਚਿੱਠੀ ਵਿਚ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਉਹ ਸਾਕਾ ਨਕੋਦਰ ਦਾ ਜਾਂਚ ਲੇਖਾ ਅਤੇ ਇਸ ਬਾਰੇ ਸਰਕਾਰ ਵਲੋਂ ਕੀਤੀ ਗਈ ਕਾਰਵਾਈ ਵਿਧਾਨ ਸਭਾ ਵਿਚ ਪੇਸ਼ ਕਰਨ।

## ਡਾ. ਧਰਮਵੀਰ ਗਾਂਧੀ ਨੇ ਜਾਂਚ ਜਨਤਕ ਕਰਨ ਦੀ ਮੰਗ ਚੁੱਕੀ



ਪਟਿਆਲਾ ਤੋਂ ਐਮ.ਪੀ. ਡਾ. ਧਰਮਵੀਰ ਗਾਂਧੀ ਨੇ ਸਾਕਾ ਨਕੋਦਰ ਦੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਭਰਾ ਨਾਲ ਗੱਲਬਾਤ ਕੀਤੀ ਤੇ ਉਹਨਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਡਾ. ਧਰਮਵੀਰ ਗਾਂਧੀ ਨੇ ਵੀ ਸਾਕਾ ਨਕੋਦਰ ਬਾਰੇ ਜਸਟਿਸ ਗੁਰਨਾਮ ਸਿੰਘ ਦੀ ਜਾਂਚ ਦਾ ਲੇਖਾ ਜਨਤਕ ਕਰਕੇ ਦੋਸ਼ੀਆ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਵਿਚਲੇ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਵਿੱਚ ਪੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸੜ ਗਈਆਂ ਸਨ। ਦੋ ਦਿਨਾਂ ਬਾਅਦ 4 ਫਰਵਰੀ 1986 ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਅ ਰਹੇ ਸਿੱਖਾਂ ‘ਤੇ ਪੁਲੀਸ ਨੇ ਗੋਲੀਆਂ ਚਲਾ ਦਿੱਤੀਆਂ ਸਨ ਜਿਸ ਵਿੱਚ ਚਾਰ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ ਤੇ ਕਈ ਜਣੇ ਫੱਟੜ ਵੀ ਹੋ ਗਏ ਸਨ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਭਾਰਤ-ਅਮਰੀਕਾ ਵਿਚਾਲੇ ਅਸਾਲਟ ਰਾਈਫਲ ਸੌਦਾ ਅੰਤਿਮ ਪੜਾਅ 'ਚ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤੀ ਰੱਖਿਆ ਮੰਤਰਾਲੇ ਨੇ ਅਮਰੀਕਾ ਤੋਂ ਕਰੀਬ 73 ਹਜ਼ਾਰ ਅਸਾਲਟ ਰਾਈਫਲਾਂ ਖਰੀਦਣ ਦਾ ਫੈਸਲਾ ਕੀਤਾ ਹੈ। ਲੰਮੇ ਸਮੇਂ ਤੋਂ ਇਹ ਤਜਵੀਜ਼ ਪੈਡਿੰਗ ਪਈ ਸੀ। ਇਸ ਸੌਦੇ 'ਚ ਸ਼ਾਮਲ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, 'ਇਸ ਸਬੰਧੀ ਇਕਰਾਰ ਇੱਕ ਹਫ਼ਤੇ ਅੰਦਰ ਤੈਅ ਹੋਣ ਦੀ ਆਸ ਹੈ। ਅਮਰੀਕੀ ਕੰਪਨੀ ਨੂੰ ਸੌਦਾ ਤੈਅ ਹੋਣ ਦੀ ਤਾਰੀਕ ਤੋਂ ਇੱਕ ਸਾਲ ਦੇ ਅੰਦਰ ਹੀ ਰਾਈਫਲਾਂ ਭੇਜਣੀਆਂ ਹੋਣਗੀਆਂ।' ਸੂਤਰਾਂ ਮੁਤਾਬਕ ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਨੇ



ਐੱਸਆਈਜੀ ਸੌਇਰ ਰਾਈਫਲਾਂ ਦੀ ਖਰੀਦ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਦੀ ਵਰਤੋਂ ਚੀਨ ਨਾਲ ਲੱਗਦੀ ਕਰੀਬ 3600 ਕਿਲੋਮੀਟਰ ਲੰਮੀ ਸਰਹੱਦ 'ਤੇ ਤਾਇਨਾਤ ਜਵਾਨ ਕਰਨਗੇ। ਫੌਜ ਦੇ ਸੂਤਰਾਂ ਨੇ ਦੱਸਿਆ ਕਿ ਅਮਰੀਕਾ ਵੱਲੋਂ ਬਣਾਈਆਂ ਗਈਆਂ ਰਾਈਫਲਾਂ ਇਨਸਾਸ ਰਾਈਫਲਾਂ ਦੀ ਥਾਂ ਲੈਣਗੀਆਂ।

ਅਕਤੂਬਰ 2017 'ਚ ਸੈਨਾ ਨੇ ਕਰੀਬ ਸੱਤ ਲੱਖ ਰਾਈਫਲਾਂ, 44 ਹਜ਼ਾਰ ਲਾਈਟ ਮਸ਼ੀਨ ਗੰਨ ਅਤੇ ਕਰੀਬ 44,600 ਕਾਰਬਾਈਨ ਖਰੀਦਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਸੈਨਾ ਨੇ ਕਰੀਬ 18 ਮਹੀਨੇ ਪਹਿਲਾਂ ਇਸ਼ਾਪੁਰ ਸਥਿਤ ਸਰਕਾਰੀ ਰਾਈਫਲ ਫੈਕਟਰੀ ਵੱਲੋਂ ਬਣਾਈਆਂ ਅਸਾਲਟ ਰਾਈਫਲਾਂ ਨੂੰ ਖਾਰਜ ਕਰ ਦਿੱਤਾ ਸੀ ਕਿਉਂਕਿ ਉਹ ਅਜਮਾਇਸ਼ 'ਚ ਨਾਕਾਮ ਰਹੀਆਂ ਸਨ। ਇਸ ਤੋਂ ਬਾਅਦ ਸੈਨਾ ਨੇ ਵਿਸ਼ਵ ਬਾਜ਼ਾਰ 'ਚ ਰਾਈਫਲਾਂ ਦੀ ਭਾਲ ਸ਼ੁਰੂ ਕੀਤੀ ਸੀ।

### ਪਰਵਾਸੀ ਸਿੱਖਾਂ ਦਾ ਮਹਾਨ ਉਦਮ

# ਹਸਪਤਾਲਾਂ ਲਈ ਰੋਜ਼ਾਨਾ ਬਣੇਗਾ ਲੱਖਾਂ ਰੁਪਏ ਦਾ ਲੰਗਰ

**ਹੁਸ਼ਿਆਰਪੁਰ/ਬਿਊਰੋ ਨਿਊਜ਼ :**
ਗੁਰੂ ਰਾਮਦਾਸ ਲੰਗਰ ਸੇਵਾ ਦੇ ਯਤਨਾਂ ਸਦਕਾ ਸਮੂਹ ਪ੍ਰਵਾਸੀ ਪੰਜਾਬੀਆਂ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਗਰੀਬ ਲੋਕਾਂ ਤੇ ਹਰ ਲੋੜਵੰਦਾਂ ਲਈ ਲੰਗਰ ਸੇਵਾ ਦੀ ਆਰੰਭਤਾ ਕੀਤੀ ਗਈ। ਗੁਰੂ ਰਾਮਦਾਸ ਲੰਗਰ ਸੇਵਾ ਵੱਲੋਂ ਕਰੋੜਾਂ ਦੀ ਲਾਗਤ ਨਾਲ 'ਲੰਗਰ ਰਸੋਈ' ਬਣਾਈ ਗਈ ਹੈ ਜਿੱਥੋਂ ਰੋਜ਼ਾਨਾ ਲੱਖਾਂ ਰੁਪਏ ਦਾ ਭੋਜਨ ਤਿਆਰ ਕਰਕੇ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਵਿੱਚ ਭੇਜਿਆ ਜਾਵੇਗਾ। ਬਾਹਰਲੇ ਮੁਲਕਾਂ ਦੀ ਤਰਜ਼ 'ਤੇ ਤਿਆਰ ਇਸ ਰਸੋਈ ਵਿੱਚ ਅਤਿ ਆਧੁਨਿਕ ਮਸ਼ੀਨਾਂ ਨਾਲ ਤਿੰਨ ਸਮੇਂ ਦਾ ਖਾਣਾ ਤਿਆਰ ਕੀਤਾ ਜਾਏਗਾ।ਇਸ ਮਹਾਨ ਸੇਵਾ ਦੀ ਸ਼ੁਰੂਆਤ ਮੌਕੇ ਵੱਡੀ ਗਿਣਤੀ ਪੰਥਕ ਸ਼ਖ਼ਸੀਅਤਾਂ ਦੀ ਮੌਜੂਦਗੀ 'ਚ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਨੂੰ ਲੰਗਰ ਵਾਲੀਆਂ ਗੱਡੀਆਂ ਦਾ ਕਾਫ਼ਲਾ ਰਵਾਨਾ ਕੀਤਾ ਗਿਆ। ਸੰਸਥਾ ਵੱਲੋਂ ਗੱਡੀਆਂ ਜ਼ਰੀਏ ਤਿੰਨੋਂ ਟਾਈਮ ਦਾ ਖਾਣਾ ਜ਼ਰੂਰਤਮੰਦਾਂ ਤਕ ਪਹੁੰਚਾਇਆ ਜਾਏਗਾ। ਇੱਥੋਂ 24 ਘੰਟੇ ਲੰਗਰ ਮਿਲੇਗਾ। ਲੰਗਰ ਤਿਆਰ ਕਰਨ ਲਈ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਦਿਆਂ ਮਸ਼ੀਨਾਂ ਲਾਈਆਂ ਗਈਆਂ ਹਨ ਜਿਨ੍ਹਾਂ ਨਾਲ ਇੱਕੋ ਸਮੇਂ 10 ਹਜ਼ਾਰ ਲੋਕਾਂ ਦਾ ਖਾਣਾ ਤਿਆਰ ਕੀਤਾ ਜਾ ਸਕਦਾ ਹੈ। ਇੱਕ ਮਸ਼ੀਨ ਇੱਕ ਘੰਟੇ ਵਿੱਚ 4 ਹਜ਼ਾਰ ਰੋਟੀਆਂ ਤਿਆਰ ਕਰਨ ਦੇ ਸਮਰੱਥ ਹੈ ਤੇ ਇਹ 24 ਘੰਟੇ ਕੰਮ ਕਰੇਗੀ। ਸ਼ਖ਼ਸੀਅਤਾਂ ਦਾ ਕਹਿਣਾ ਹੈ ਕਿ ਸੰਸਥਾ ਦਾ ਉਪਰਾਲਾ ਕਾਬਿਲੇ ਤਾਰੀਫ ਹੈ। ਸੰਸਥਾ ਦੀ ਤਮੰਨਾ ਹੈ ਕਿ ਲੰਗਰ ਦੀ ਸੇਵਾ ਤੋਂ ਬਾਅਦ ਉਹ ਜ਼ਰੂਰਤਮੰਦਾਂ ਤਕ ਦਵਾਈਆਂ ਪਹੁੰਚਾਉਣ ਦਾ ਵੀ ਉਪਰਾਲਾ ਕਰਨਗੇ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਦੇ ਵੱਡੇ ਸ਼ਹਿਰ ਸਰੀ 'ਚ ਇਕ ਪੰਜਾਬੀ ਨੌਜਵਾਨ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਬਿਕਰਮਜੀਤ ਸਿੰਘ ਖੱਖ ਵਜੋਂ ਹੋਈ ਹੈ। ਪੁਲੀਸ ਦਾ ਕਹਿਣਾ ਹੈ ਕਿ ਉਹ ਡਰੱਗਜ਼ ਦਾ ਧੰਦਾ ਕਰਦਾ ਸੀ ਅਤੇ ਬਦਮਾਸ਼ਾਂ ਦੇ ਇਕ ਗਰੋਹ ਦਾ ਮੈਂਬਰ ਸੀ। ਉਸ ਉੱਤੇ ਪਿਛਲੇ ਮਹੀਨੇ ਰਿਚਮੰਡ ਵਿੱਚ ਵੀ ਕਾਤਲਾਨਾ ਹਮਲਾ ਹੋਇਆ ਸੀ, ਜਿਸ 'ਚ ਉਹ ਵਾਲ-ਵਾਲ ਬਚ ਗਿਆ ਸੀ। ਜਾਂਚ ਟੀਮ ਦੇ ਬੁਲਾਰੇ ਕਾਰਪੋਰਲ ਫਰੈਂਕ ਜੰਗ ਅਨੁਸਾਰ ਸ਼ਾਮ ਵੇਲੇ 139 ਸਟਰੀਟ ਅਤੇ 58ਏ ਐਵੇਨਿਊ ਸਥਿਤ ਇਕ ਘਰ ਉੱਤੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਪੁਲੀਸ ਜਦੋਂ ਉੱਥੇ ਪਹੁੰਚੀ ਤਾਂ ਬਿਕਰਮਜੀਤ ਗੰਭੀਰ ਜ਼ਖ਼ਮੀ ਹਾਲਤ 'ਚ ਉੱਥੇ ਪਿਆ ਸੀ, ਜਿਸ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਇਸ ਘਟਨਾ ਤੋਂ ਥੋੜੀ ਦੇਰ ਬਾਅਦ ਉੱਥੋਂ ਦੋ ਕਿਲੋਮੀਟਰ ਦੂਰ ਕੋਲ ਬਰੁੱਕ ਰੋਡ ਉੱਤੇ ਇਕ ਕਾਰ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ। ਪੁਲੀਸ ਅਨੁਸਾਰ ਉਸ ਕਾਰ ਨੂੰ ਅੱਗ ਸਬੂਤ ਮਿਟਾਉਣ ਲਈ ਲਾਈ ਗਈ ਹੋ ਸਕਦੀ ਹੈ।

# ਸਿੱਖ ਬੱਚੀਆਂ ਦੇ ਸ਼ੋਸ਼ਣ ਨੂੰ ਠੱਲ੍ਹ ਪਾਉਣ ਲਈ ਸਮਾਰਟ ਸੈਂਟਰ ਕੀਤਾ ਸ਼ੁਰੂ



**ਲੰਡਨ/ਬਿਊਰੋ ਨਿਊਜ਼ :**
ਬਰਤਾਨੀਆ ਵਿੱਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਵਿੱਚ ਪੜ੍ਹਦੀਆਂ ਸਿੱਖ ਲੜਕੀਆਂ ਨੂੰ ਲੰਬੇ ਸਮੇਂ ਤੋਂ ਕਥਿਤ ਮੁਸਲਮਾਨ ਗੈਂਗਸਟਰਾਂ ਵਲੋਂ ਵਰਗਾਉਣ, ਉਹਨਾਂ ਦਾ ਧਰਮ ਤਬਦੀਲ ਕਰਨ ਅਤੇ ਉਹਨਾਂ ਦੀ ਜਿੰਦਗੀ ਨੂੰ ਨਰਕ ਬਣਾਉਣ ਦਾ ਗੈਰ ਸਮਾਜਿਕ ਵਰਤਾਰਾ ਲਗਾਤਾਰ ਜਾਰੀ ਹੈ। ਇਸ ਨੂੰ ਠੱਲ੍ਹ ਪਾਉਣ ਲਈ ਸਿੱਖ ਨੌਜਵਾਨ ਸਮੇਂ ਸਮੇਂ ਉਤੇ ਟੱਕਰ ਲੈਂਦੇ ਆਏ ਹਨ ਅਤੇ ਬਹੁਤ ਕੇਸਾਂ ਵਿੱਚ ਸਿੱਖ ਨੌਜਵਾਨਾਂ ਵਲੋਂ ਦੋਸ਼ੀ ਅਸੱਭਿਅਕ ਵਿਆਕਤੀਆਂ ਨੂੰ ਸਬਕ ਸਿਖਾਇਆ ਗਿਆ ਜਿਸ ਕਾਰਨ ਕਈ ਨੌਜਵਾਨਾਂ ਨੂੰ ਅਦਾਲਤੀ ਕੇਸਾਂ ਦਾ ਸਾਹਮਣਾ ਵੀ ਕਰਨਾ ਪਿਆ। ਸਿੱਖ ਨੌਜਵਾਨਾਂ ਦੀ ਜਥੇਬੰਦੀ ਸਿੱਖ ਯੂਥ ਯੂਕੇ ਵਲੋਂ ਭਾਈ ਦੀਪਾ ਸਿੰਘ, ਸਮੂਹ ਸਾਥੀ ਸਿੰਘਾਂ ਤੇ ਸਿੱਖ ਜਥੇਬੰਦੀਆਂ ਵਲੋਂ ਵਿਸੇਸ਼ ਉਪਰਾਲਾ ਕਰਦਿਆਂ ਪੀੜਤ ਬੱਚੀਆਂ ਨੂੰ ਰਾਹਤ ਪ੍ਰਦਾਨ ਕਰਨ, ਉਹਨਾਂ ਦੇ ਮੁੜ ਵਸੇਬੇ 'ਚ ਮੱਦਦ ਕਰਨ ਅਤੇ ਦੋਸ਼ੀਆਂ ਵਿਅਕਤੀਆਂ ਨੂੰ ਕਨੂੰਨੀ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਸਮਾਰਟ ਸੈਂਟਰ ਦੀ ਸਥਾਪਨਾ ਕੀਤੀ ਗਈ ਹੈ। ਇਸ ਦਾ ਉਦਘਾਟਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਮਾਰਟ ਸੈਂਟਰ ਵਿੱਚ ਚਰਨ ਪਵਾ ਕੇ ਸੁਖਮਨੀ ਸਾਹਿਬ ਦੇ ਪਾਠ ਕਰਨ ਅਤੇ ਕੀਰਤਨ ਕਰਨ ਨਾਲ ਜੈਕਾਰਿਆਂ ਦੀ ਗੂੰਜ ਵਿੱਚ ਕੀਤਾ ਗਿਆ। ਇਹ ਸੈਂਟਰ ਪ੍ਰੀਮੀਅਰ ਹਾਊਸ ਰੌਲਫ ਸਟਰੀਟ ਸਮੈਦਿਕ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਮੌਕੇ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵਿੰਦਰ ਸਿੰਘ ਬਾਂਕਾ, ਯੂਨਾਈਟਿਡ ਖਾਲਸਾ ਦਲ ਯੂਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਮਨਜੀਤ ਸਿੰਘ ਖਾਨੋਵਾਲ, ਭਾਈ ਸਰਬਜੀਤ ਸਿੰਘ ਰਾਜੋਆਣਾ ਟੀਵੀ, ਭਾਈ ਗੁਰਮੇਲ ਸਿੰਘ ਸਮੇਤ ਅਨੇਕਾਂ ਸਿੱਖ ਆਗੂ ਅਤੇ ਨੌਜਵਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਇਸ ਤਰ੍ਹਾਂ ਦੇ ਵਰਤਾਰੇ ਬਾਰੇ ਦਸੰਬਰ ਮਹੀਨੇ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਸਿੱਖ ਯੂਥ ਯੂਕੇ ਵਲੋਂ ਪ੍ਰੈੱਸ ਕਾਨਫਰੰਸ ਦੌਰਾਨ ਇਕ ਬਹੁਤ ਦਰਦਨਾਕ ਅਤੇ ਚਿੰਤਾਜਨਕ ਰਿਪੋਰਟ ਨੂੰ ਜਨਤਕ ਕੀਤਾ ਗਿਆ ਸੀ, ਜਿਸ ਵਿੱਚ ਸਬੂਤਾਂ ਸਹਿਤ ਦਸਤਾਵੇਜ਼ ਪੇਸ਼ ਕੀਤੇ ਗਏ ਸਨ ਅਤੇ 84

ਬਾਕੀ ਸਫ਼ਾ 29 'ਤੇ










# ਧਮਕੀਆਂ ਤੋਂ ਬਾਅਦ ਭਾਜਪਾ ਨਾਲ ਸਮਝੌਤੇ ’ਤੇ ਆਇਆ ਬਾਦਲ ਦਲ

- **ਸੁਖਬੀਰ ਬਾਦਲ ਬੋਲੇ; ਅਕਾਲੀ ਦਲ ਤੇ ਭਾਜਪਾ ਦਰਮਿਆਨ ਗੱਠਜੋੜ ਸਥਾਈ**
- **ਭਾਜਪਾ ਹਾਈਕਮਾਂਡ ਨੇ ਹਾਲੇ ਤੱਕ ਅਕਾਲੀ ਦਲ ਦਾ ਕੋਈ ਨਾ ਭਰਿਆ ਹੁੰਗਾਰਾ**
- **ਅਕਾਲੀ ਦਲ ਦੇ ਖੰਭ ਕੁਤਰਣ ਲਈ ਆਰਐਸਐਸ ਦਾ ਸਿੱਖ ਵਿੰਗ ਰਾਸ਼ਟਰੀ ਸਿੱਖ ਸੰਗਤ ਸਰਗਰਮ**
- **ਢੀਂਡਸਾ ਬਣ ਸਕਦੇ ਹਨ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ**



**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਥੇ ਅਕਾਲੀ ਦਲ ਦੀ ਕੋਰ ਕਮੇਟੀ ਦੀ ਹੋਈ ਬੈਠਕ ਤੋਂ ਬਾਅਦ ਸਪੱਸ਼ਟ ਕੀਤਾ ਕਿ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਸਿਆਸੀ ਗੱਠਜੋੜ ਸਥਾਈ ਹੈ ਅਤੇ ਇਸ ਵਿਚ ਕਿਸੇ ਤਰ੍ਹਾਂ ਦੀ ਨਾ ਕੋਈ ਤਰੇੜ ਆਈ ਹੈ ਅਤੇ ਨਾ ਹੀ ਆਵੇਗੀ। ਬੀਤੇ ਦਿਨੀਂ ਮਹਾਂਰਾਸ਼ਟਰ ਸਰਕਾਰ ਵਲੋਂ ਗੁਰਦੁਆਰਾ ਪ੍ਰਬੰਧ ਵਿਚ ਕੀਤੀ ਗਈ ਨਾਮਜ਼ਦਗੀ ਦੇ ਮੁੱਦੇ ’ਤੇ ਅਕਾਲੀ ਦਲ ਦੇ ਕੁਝ ਆਗੂਆਂ ਵਲੋਂ ਹੋਏ ਤਿੱਖੇ ਵਿਰੋਧ ਸਬੰਧੀ ਸਪੱਸ਼ਟੀਕਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਮਹਾਂਰਾਸ਼ਟਰ ਸਰਕਾਰ ਵਲੋਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਦਖ਼ਲ ਦਿੱਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਵਿਵਾਦਤ ਤਰਮੀਮ ਨੂੰ ਰੱਦ ਕਰ ਦਿੱਤਾ ਜਾਵੇਗਾ।

ਰਾਸ਼ਟਰੀ ਸੰਗਤ ਦੇ ਦਖ਼ਲ ਸਬੰਧੀ ਉਠਾਏ ਗਏ ਕੁਝ ਇਤਰਾਜ਼ਾਂ ਸਬੰਧੀ ਵੀ ਉਨ੍ਹਾਂ ਦੱਸਿਆ ਕਿ ਅਮਿਤ ਸ਼ਾਹ ਵਲੋਂ ਅਜਿਹੇ ਦੋਸ਼ਾਂ ਵੱਲ ਵੀ ਧਿਆਨ ਦੇਣ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਰਾਸ਼ਟਰੀ ਸੰਗਤ ਦਾ ਗੁਰਦੁਆਰਾ ਪ੍ਰਬੰਧ ਵਿਚ ਕੋਈ ਦਖ਼ਲ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੁਖਬੀਰ ਬਾਦਲ ਨੇ ਦੱਸਿਆ ਕਿ ਛੇਤੀ ਹੀ ਅਕਾਲੀ ਦਲ ਅਤੇ ਭਾਜਪਾ ਦੀ ਤਾਲਮੇਲ ਕਮੇਟੀ ਦੀ ਇਕ ਮੀਟਿੰਗ ਰੱਖੀ ਜਾਵੇਗੀ, ਜਿਸ ਵਿਚ ਅਜਿਹੇ ਸਾਰੇ ਮੁੱਦਿਆਂ ਨੂੰ ਵਿਚਾਰਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜੇਕਰ ਅਕਾਲੀ ਦਲ ਤੇ ਭਾਜਪਾ ਵਲੋਂ ਆਉਂਦੀਆਂ ਸੰਸਦੀ ਚੋਣਾਂ ਲਈ ਰਾਜ ਵਿਚ ਕਿਸੇ ਸੀਟ ਦੀ ਵੀ ਆਪਸ ਵਿਚ ਤਬਦੀਲੀ ਕੀਤੀ ਜਾਣੀ ਹੈ ਤਾਂ ਉਸ ਸਬੰਧੀ ਵੀ ਮੁੱਦਾ ਤਾਲਮੇਲ ਕਮੇਟੀ ਸਾਹਮਣੇ ਹੀ ਰੱਖਿਆ ਜਾਵੇਗਾ।

ਦੂਜੇ ਪਾਸੇ ਭਾਜਪਾ ਨੇ ਸੁਖਬੀਰ ਬਾਦਲ ਦੇ ਇਸ ਬਿਆਨ ਦਾ ਕੋਈ ਹੁੰਗਾਰਾ ਨਹੀਂ ਭਰਿਆ ਤੇ ਉਹ ਹਾਲੇ ਤੱਕ ਪੰਜਾਬ ਵਿਚ ਨਵਾਂ ਸਿਆਸੀ ਫਰੰਟ ਬਣਾਉਣ ਦੀਆਂ ਸਰਗਰਮੀਆਂ ਵਿਚ ਜੁਟੀ ਹੋਈ ਦੱਸੀ ਜਾ ਰਹੀ ਹੈ। ਉਧਰ ਸੁਖਦੇਵ ਸਿੰਘ ਢੀਂਡਸਾ ਨੂੰ ਸਿੱਖ ਸਿਆਸਤ ਦਾ ਕੇਂਦਰ ਬਣਾਇਆ ਜਾ ਰਿਹਾ ਹੈ ਅਤੇ ਟਕਸਾਲੀ ਅਕਾਲੀ ਢੀਂਡਸਾ ਦੀ ਅਗਵਾਈ ਵਿਚ ਸਰਗਰਮ ਹੋ ਰਹੇ ਹਨ। ਬਾਦਲ ਬਾਪ-ਬੇਟੇ ਨੂੰ ਭਰੋਸੇ ਵਿੱਚ ਲੈਣ ਤੋਂ ਬਿਨਾਂ ਹੀ ਕੇਂਦਰੀ ਭਾਜਪਾ ਲੀਡਰਸ਼ਿਪ ਨੇ ਅਕਾਲੀ ਦਲ ਤੋਂ ਨਾਰਾਜ਼ ਹੋਏ ਬੈਠੇ ਸੁਖਦੇਵ ਸਿੰਘ ਢੀਂਡਸਾ ਨੂੰ ਪਦਮ ਭੂਸ਼ਣ ਦਿਵਾ ਦਿੱਤਾ ਤਾਂ ਅਕਾਲੀ ਦਲ ਦੀ ਇਸ ਨਵੀਂ ਲੀਡਰਸ਼ਿਪ ਲਈ ਬਰਦਾਸ਼ਤ ਕਰਨਾ ਸੌਖਾ ਨਹੀਂ ਸੀ। ਤਦ ਵੀ ਉਹ ਇਸ ਨੂੰ ਕਿਸੇ ਤਰ੍ਹਾਂ ਸ਼ਾਇਦ ਹਜ਼ਮ ਕਰ ਲੈਂਦੇ ਪਰ ਭਾਜਪਾ ਨੇ ਜਦੋਂ ਸੁਖਬੀਰ ਸਿੰਘ ਬਾਦਲ ਨਾਲ ਸਿੱਧੀ ਬਿਆਨਬਾਜ਼ੀ ਦੀ ਜੰਗ ਲੜਨ ਵਾਲੇ ਵਕੀਲ ਐੱਚਐੱਸ ਫੂਲਕਾ ਨੂੰ ਵੀ ਪਦਮਸ੍ਰੀ ਦਿਵਾ ਦਿੱਤਾ ਤਾਂ ਇਹ ਬਾਦਲ ਪਰਿਵਾਰ ਨੂੰ ਸਿੱਧੀ ਠਿੱਬੀ ਲਾਏ ਜਾਣ ਵਾਲੀ ਗੱਲ ਸੀ। ਸਾਰਿਆਂ ਨੂੰ ਇਹ ਪਤਾ ਹੈ ਕਿ ਐੱਚਐੱਸ ਫੂਲਕਾ ਸ਼੍ਰੋਮਣੀ ਕਮੇਟੀ ਉੱਤੋਂ ਬਾਦਲ ਪਰਿਵਾਰ ਦਾ ਕਬਜ਼ਾ ਤੁੜਵਾਉਣ ਦਾ ਮੋਰਚਾ ਲਗਾਉਣ ਲਈ ਸਰਗਰਮ ਹੈ। ਉਸ ਨੂੰ ਪਦਮਸ੍ਰੀ ਦਿਵਾਉਣ ਤੋਂ ਸਾਫ਼ ਹੈ ਕਿ ਭਾਜਪਾ ਲੀਡਰਸ਼ਿਪ ਇਸ ਵਕਤ ਅਕਾਲੀ ਦਲ ਵਿੱਚ ਬਾਦਲਾਂ ਨਾਲ ਭਿੜਨ ਵਾਲੀ ਹਰ ਕਿਸੇ ਧਿਰ ਨੂੰ ਸ਼ਹਿ ਦੇ ਰਹੀ ਹੈ।

ਇਸ ਦੌਰਾਨ ਆਈ ਇਹ ਖ਼ਬਰ ਵੀ ਹਰ ਕਿਸੇ ਦਾ ਧਿਆਨ ਖਿੱਚਣ ਵਾਲੀ ਸੀ ਕਿ ਭਾਜਪਾ ਨੇ ਲੁਧਿਆਣੇ ਜਾਂ ਕਿਸੇ ਹੋਰ ਢੁਕਵੀਂ ਸੀਟ ਤੋਂ ਵਕੀਲ ਐੱਚਐੱਸ ਫੂਲਕਾ ਨੂੰ ਟਿਕਟ ਦੇਣ ਦਾ ਇਰਾਦਾ ਬਣਾ ਲਿਆ ਹੈ ਅਤੇ ਇਸ ਮਕਸਦ ਲਈ ਭਾਜਪਾ ਦੇ ਹੇਠਲੇ ਵਰਕਰਾਂ ਦੇ ਮਨ ਟੋਹੇ ਜਾਣ ਲੱਗ ਪਏ ਹਨ। ਚੋਣਾਂ ਲੜਨ ਦੇ ਦਾਅਵੇਦਾਰ ਅਕਾਲੀ ਆਗੂ ਇਸੇ ਕਾਰਨ ਪਾਰਟੀ ਹਾਈ ਕਮਾਨ ਨਾਲ ਬਹੁਤਾ ਸੰਪਰਕ ਰੱਖਣ ਦੀ ਥਾਂ ਭਾਜਪਾ ਲੀਡਰਾਂ ਵੱਲ ਝਾਕਦੇ ਸੁਣੇ ਜਾਣ ਲੱਗੇ ਹਨ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਦੇ ਸਰਵੇਖਣ ਤੇ ਰਿਪੋਰਟਾਂ ਇਹੀ ਪ੍ਰਭਾਵ ਦੇ ਰਹੀਆਂ ਹਨ ਕਿ ਅਕਾਲੀ-ਭਾਜਪਾ ਗੱਠਜੋੜ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਸਿਰਫ 1 ’ਤੇ ਹੀ ਜਿੱਤਣ ਦੀ ਸਥਿਤੀ ਵਿਚ ਆ ਸਕਦਾ ਹੈ। ਇਸ ਲਈ ਜੇ ਇਸ ਵੇਲੇ ਭਾਜਪਾ ਆਪਣੇ ਤੌਰ ’ਤੇ ਸਾਰੀਆਂ 13 ਸੀਟਾਂ ’ਤੇ ਚੋਣ ਲੜ ਲਵੇ ਤਾਂ ਇਕ ਸੀਟ ਦੀ ਕੁਰਬਾਨੀ ਪਾਰਟੀ ਲਈ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿਚ ਪਾਰਟੀ ਨੂੰ ਆਪਣੇ ਪੈਰਾਂ ’ਤੇ ਖੜ੍ਹਾ ਕਰ ਲੈਣ ਦਾ ਇਕ ਮੌਕਾ ਬਣ ਸਕਦੀ ਹੈ।

ਇਸੇ ਕਰਕੇ ਹੀ ਅਕਾਲੀ ਲੀਡਰਾਂ ਨੇ ਪਿਛਲੇ ਦਿਨੀਂ ਭਾਜਪਾ ਨੂੰ ਅੱਖਾਂ ਵਿਖਾਈਆਂ ਹਨ। ਇੱਥੋਂ ਤੱਕ ਕਿ ਭਾਜਪਾ ਨੂੰ ਗੱਠਜੋੜ ਤੋੜਨ ਦੀਆਂ ਧਮਕੀਆਂ ਵੀ ਦੇ ਦਿੱਤੀਆਂ। ਇਸ ਮਗਰੋਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਮੀਟਿੰਗ ਕਰ ਕੇ ਮਾਮਲਾ ਸ਼ਾਂਤ ਕੀਤਾ ਹੈ। ਦਰਅਸਲ ਭਾਜਪਾ ਸਿੱਖ ਵੋਟਰਾਂ ਨੂੰ ਆਪਣੇ ਨਾਲ ਜੋੜਨਾ ਚਾਹੁੰਦੀ ਹੈ। ਇਸ ਮਕਸਦ ਲਈ ਭਾਜਪਾ ਦੀ ਸਰਪ੍ਰਸਤ ਆਰਐਸਐਸ ਲੰਮੇ ਸਮੇਂ ਤੋਂ ਕੰਮ ਕਰ ਰਹੀ ਹੈ। ਪਿਛਲੇ ਸਮੇਂ ਵਿੱਚ ਮੋਦੀ ਸਰਕਾਰ ਨੇ ਸਿੱਧਾ ਸਿੱਖ ਮਸਲਿਆਂ ਵਿੱਚ ਦਖਲ ਦੇਣਾ ਸ਼ੁਰੂ ਕੀਤਾ ਹੈ। ਸਰਕਾਰ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਕਈ ਐਲਾਨ ਵੀ ਕੀਤੇ ਹਨ। ਕਰਤਾਰਪੁਰ ਸਾਹਿਬ ਲਾਂਘਾ ਤੇ ਗੁਰੂ ਨਾਨਕ ਦੇਵ ਦੇ 550 ਸਾਲਾ ਸਮਾਗਮ ਮਨਾਉਣ ਬਾਰੇ ਵੀ ਮੋਦੀ ਸਰਕਾਰ ਨੇ ਖੁਦ ਦੇ ਸਿਰ ਸਿਹਰਾ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ। ਅਕਾਲੀ ਲੀਡਰ ਚਾਹੁੰਦੇ ਹਨ ਕਿ ਭਾਜਪਾ ਸਿੱਖਾਂ ਦੇ ਮਸਲਿਆਂ ਬਾਰੇ ਵਾਇਆ ਅਕਾਲੀ ਦਲ ਹੀ ਕੰਮ ਕਰੇ। ਹਾਲ ਦੀ ਘੜੀ ਬਾਦਲ ਦਲ ਕੋਲ ਭਾਜਪਾ ਤੋਂ ਬਿਨਾਂ ਕੋਈ ਗੁਜਾਰਾ ਨਹੀਂ। ਇਸੇ ਲਈ ਅਮਿਤ ਸ਼ਾਹ ਨਾਲ ਮੀਟਿੰਗ ਮਗਰੋਂ ਸੁਖਬੀਰ ਬਾਦਲ ਦੇ ਬੋਲ ਬਦਲ ਗਏ। ਉਨ੍ਹਾਂ ਨੇ ਮੋਦੀ ਸਰਕਾਰ ਦੇ ਬਜ਼ਟ ਦੀ ਵੀ ਰੱਜ ਕੇ ਤਾਰੀਫ ਕੀਤੀ। ਦੂਸਰੇ ਪਾਸੇ ਅਕਾਲੀ ਦਲ ਭਾਵੇਂ ਭਾਜਪਾ ਦੀ ਥਾਂ ਬਸਪਾ ਨਾਲ ਸਮਝੌਤਾ ਕਰ ਲੈਣ ਦੇ ਆਸਾਰ ਵੀ ਤਲਾਸ਼ ਰਿਹਾ ਹੈ ਪਰ ਉਸ ਦੀ ਮਜਬੂਰੀ ਇਹ ਵੀ ਹੈ ਕਿ ਐਸ.ਐਸ.ਪੀ. ਚਰਨਜੀਤ ਸ਼ਰਮਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਜਿਸ ਤਰ੍ਹਾਂ ਦੇ ਚਰਚੇ ਸੁਣਾਈ ਦੇ ਰਹੇ ਹਨ, ਉਨ੍ਹਾਂ ਦੀ ਰੌਸ਼ਨੀ ਵਿਚ ਅਕਾਲੀ ਦਲ ਕੇਂਦਰ ਦੀ ਭਾਜਪਾ ਸਰਕਾਰ ਨੂੰ ਛੱਡਣ ਬਾਰੇ ਦੋ ਟੁਕ ਫ਼ੈਸਲਾ ਲੈਣ ਦੀ ਸਥਿਤੀ ਵਿਚ ਨਹੀਂ ਜਾਪਦਾ। ਇਸ ਲਈ ਸਮਝਿਆ ਜਾ ਰਿਹਾ ਹੈ ਕਿ ਦੋਵੇਂ ਪਾਰਟੀਆਂ ਜ਼ਬਾਨੀ ਕਲਾਮੀ ਜਮ੍ਹਾਂ ਖਰਚ ਭਾਵੇਂ ਜਿੰਨਾ ਮਰਜ਼ੀ ਕਰ ਲੈਣ ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਤੋੜ-ਵਿਛੋੜਾ ਕੀਤੇ ਜਾਣ ਦੇ ਆਸਾਰ ਕਾਫੀ ਘੱਟ ਹਨ।

ਅਕਾਲੀ ਦਲ ਹੁਣ ਕਿਉਂ ਬੋਲਿਆ? ਅਸਲ ਵਿਚ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਸੰਨ 1956 ਦੇ ਗੁਰਦੁਆਰਾ ਬੋਰਡ ਐਕਟ ਦੇ ਅਧੀਨ ਚਲਦਾ ਆ ਰਿਹਾ ਸੀ, ਜਿਸ ਦੇ 17 ਮੈਂਬਰ ਆਪਣਾ ਪ੍ਰਧਾਨ ਚੁਣਦੇ ਸਨ। ਪਰ 18 ਫਰਵਰੀ, 2015 ਨੂੰ ਮਹਾਰਾਸ਼ਟਰ ਸਰਕਾਰ ਨੇ ਇਕ ਆਰਡੀਨੈਂਸ ਜਾਰੀ ਕਰਕੇ ਇਹ ਤਾਕਤ ਆਪਣੇ ਹੱਥਾਂ ਵਿਚ ਲੈ ਲਈ ਸੀ ਤੇ ਇਕ ਭਾਜਪਾ ਵਿਧਾਇਕ ਤਾਰਾ ਸਿੰਘ ਨੂੰ ਬੋਰਡ ਦਾ ਮੁਖੀ ਥਾਪ ਦਿੱਤਾ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਦਾ ਵਿਰੋਧ ਕੀਤਾ। ਹਜ਼ੂਰ ਸਾਹਿਬ ਦੀ ਸਿੱਖ ਸੰਗਤ ਵਲੋਂ ਇਸ ਦੇ ਖਿਲਾਫ਼ ਅਦਾਲਤ ਵਿਚ ਕੇਸ ਵੀ ਕੀਤਾ ਗਿਆ ਜੋ ਅਜੇ ਵੀ ਅਦਾਲਤ ਵਿਚ ਹੈ। ਪਰ ਬਾਅਦ ਵਿਚ ਅਕਾਲੀ ਦਲ ਭਾਣਾ ਮੰਨ ਕੇ ਹੀ ਨਹੀਂ ਬੈਠ ਗਿਆ, ਸਗੋਂ ਬੋਰਡ ਦੇ ਇਕ ਸਾਬਕ ਪ੍ਰਧਾਨ ਲੱਡੂ ਸਿੰਘ ਮਹਾਜਨ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਰਕਾਰ ਵਲੋਂ ਨਿਯੁਕਤ ਤਾਰਾ ਸਿੰਘ ਦੀ ਮਦਦ ਵੀ ਕਰਦੀ ਰਹੀ। ਫਿਰ ਹੁਣ 4 ਸਾਲਾਂ ਬਾਅਦ ਅਜਿਹਾ ਕੀ ਹੋ ਗਿਆ ਕਿ ਅਕਾਲੀ ਦਲ ਨੂੰ ਏਨਾ ਸਖ਼ਤ ਸਟੈਂਡ ਲੈਣਾ ਪਿਆ। ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਅਕਾਲੀ ਦਲ ਇਕ ਤਾਂ ਇਸ ਬੋਰਡ ਦਾ ਪ੍ਰਧਾਨ ਆਪਣੇ ਕਿਸੇ ਵਿਅਕਤੀ ਨੂੰ ਬਣਾਉਣਾ ਚਾਹੁੰਦਾ ਸੀ ਜਿਸ ਬਾਰੇ 2 ਨਾਂਅ ਵਿਚਾਰੇ ਜਾਂਦੇ ਰਹੇ ਇਕ ਮੁੰਬਈ ਦੇ ਇਕ ਧਨਾਢ ਸਿੱਖ ਦਾ ਅਤੇ ਦੂਸਰਾ ਜ਼ਿਲ੍ਹਾ ਲੁਧਿਆਣਾ ਦੇ ਇਕ ਬਾਦਲ ਦੇ ਵਿਸ਼ਵਾਸਪਾਤਰ ਦਾ ਪਰ ਇਹ ਗੱਲ ਸਿਰੇ ਨਹੀਂ ਚੜ੍ਹ ਰਹੀ ਸੀ। ਉੱਪਰੋਂ ਇਸ ਆਰਡੀਨੈਂਸ ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ, ਸੰਤਾਂ ਮਹਾਤਮਾਵਾਂ ਤੇ ਸੰਗਤਾਂ ਵਲੋਂ ਬਕਾਇਦਾ ਮੁਜ਼ਾਹਰਾ ਕਰਕੇ ਵਿਰੋਧ ਸ਼ੁਰੂ ਕਰ ਦਿੱਤਾ ਗਿਆ। ਇਸ ਲਈ ਅਕਾਲੀ ਦਲ ਨੂੰ ਇਹ ਜਾਪਿਆ ਕਿ ਇਸ ਮੌਕੇ ’ਤੇ ਇਸ ਤਰ੍ਹਾਂ ਦਾ ਸਖ਼ਤ ਸਟੈਂਡ ਸਿੱਖਾਂ ਵਿਚ ਅਕਾਲੀ ਦਲ ਦੀ ਗਵਾਚੀ ਸਾਖ਼ ਨੂੰ ਬਹਾਲ ਕਰਨ ਦੇ ਕੰਮ ਆ ਸਕਦਾ ਹੈ।

## ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਕਾਂਗਰਸ ਵਿਚ ਜਾਣ ਦੇ ਚਰਚੇ



ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੁਆਈ ਤੇ ਪੰਜਾਬ ਦੇ ਸਵਰਗੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋਣ ਦੇ ਚਰਚਿਆਂ ਨੇ ਵੀ ਅਕਾਲੀ ਦਲ ਦੀ ਸਿਆਸਤ ਵਿਚ ਵੱਖਰਾ ਹੜਕੰਪ ਮਚਾਇਆ ਹੋਇਆ ਹੈ। ਹਾਲਾਂ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਰੋਂ ਦੇ ਲੰਮੇ ਸਮੇਂ ਤੋਂ ਅਕਾਲੀ ਦਲ ਦੇ ਪ੍ਰਧਾਨ ਤੇ ਬਿਕਰਮ ਸਿੰਘ ਮਜੀਠੀਆ ਨਾਲ ਸਬੰਧ ਬਹੁਤ ਚੰਗੇ ਨਹੀਂ ਹਨ। ਇਸ ਤੋਂ ਪਹਿਲਾਂ ਵੀ ਚੋਣਾਂ ਨੇੜੇ ਆ ਕੇ ਉਨ੍ਹਾਂ ਦੇ ਕਾਂਗਰਸ ਵਿਚ ਸ਼ਾਮਿਲ ਹੋਣ ਦੇ ਚਰਚੇ ਫੈਲਦੇ ਰਹੇ ਹਨ। ਪਰ ਇਸ ਵਾਰ ਜਿਸ ਤਰ੍ਹਾਂ ਦੇ ਚਰਚੇ ਸੁਣਾਈ ਦੇ ਰਹੇ ਹਨ, ਉਨ੍ਹਾਂ ਅਨੁਸਾਰ ਮਾਮਲਾ ਇਸ ਵਾਰ ਪਹਿਲਾਂ ਨਾਲੋਂ ਕੁਝ ਜ਼ਿਆਦਾ ਗੰਭੀਰ ਹੈ। ਕਿਉਂਕਿ ਇਕ ਤਾਂ ਇਸ ਵੇਲੇ ਅਕਾਲੀ ਦਲ ’ਤੇ ਕੰਟਰੋਲ ਵੱਡੇ ਬਾਦਲ ਦਾ ਨਹੀਂ ਸਗੋਂ ਸੁਖਬੀਰ ਬਾਦਲ ਤੇ ਮਜੀਠੀਆ ਦਾ ਹੈ। ਦੂਸਰਾ ਇਸ ਵੇਲੇ ਜੋ ਰਾਜਨੀਤਕ ਸਥਿਤੀ ਅਕਾਲੀ ਦਲ ਦੀ ਹੈ, ਉਸ ਵਿਚ ਕੈਰੋਂ ਨੂੰ ਅਕਾਲੀ ਦਲ ਛੱਡਣਾ ਰਾਜਨੀਤਕ ਤੌਰ ’ਤੇ ਕੋਈ ਘਾਟੇ ਵਾਲਾ ਸੌਦਾ ਨਹੀਂ ਜਾਪ ਰਿਹਾ ਹੋਵੇਗਾ। ਤੀਸਰੇ ਪਾਸੇ ਇਹ ਵੀ ਪਤਾ ਲੱਗਾ ਹੈ ਕਿ ਅਕਾਲੀ ਨੇਤਾ ਪੂਰਾ ਜ਼ੋਰ ਲਾ ਰਹੇ ਹਨ ਕਿ ਕੈਰੋਂ ਅਜੇ ਚੁੱਪ ਰਹਿਣ ਨੂੰ ਹੀ ਤਰਜੀਹ ਦੇ ਰਹੇ ਹਨ। ਕੁਝ ਹਲਕਿਆਂ ਦਾ ਕਹਿਣਾ ਹੈ ਕਿ ਕੈਰੋਂ ਨੂੰ ਕਾਂਗਰਸ ਵਲੋਂ ਖਡੂਰ ਸਾਹਿਬ ਲੋਕ ਸਭਾ ਦੀ ਟਿਕਟ ਦੀ ਪੇਸ਼ਕਸ਼ ਵੀ ਕੀਤੀ ਜਾ ਸਕਦੀ ਹੈ। ਪਰ ਅਜੇ ਇਸ ਬਾਰੇ ਕੋਈ ਪੁਸ਼ਟੀ ਨਹੀਂ ਹੋਈ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਕਰੋੜਾਂ ਦੀ ਧੋਖਾਧੜੀ ਕਰਨ ਵਾਲੇ ਵਿਜੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮ

**ਲੰਡਨ/ਬਿਊਰੋ ਨਿਊਜ਼ :** ਭਾਰਤੀ ਬੈਂਕਾਂ ਨਾਲ ਨੌਂ ਹਜ਼ਾਰ ਕਰੋੜ ਦੀ ਧੋਖਾਧੜੀ ਕਰਨ ਵਾਲੇ ਮਸ਼ਹੂਰ ਹਿੰਦੂ ਕਾਰੋਬਾਰੀ ਵਿਜੇ ਮਾਲਿਆ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਬਰਤਾਨੀਆ ਸਰਕਾਰ ਨੇ ਇਸ ਸ਼ਰਾਬ



ਕਾਰੋਬਾਰੀ ਨੂੰ ਭਾਰਤ ਵਾਪਸ ਭੇਜਣ ਦਾ ਹੁਕਮ ਦਿੱਤਾ ਹੈ। ਬਰਤਾਨੀਆ ਦੇ ਗ੍ਰਹਿ ਮੰਤਰੀ ਸਾਜਿਦ ਜਾਵੀਦ ਨੇ ਦੱਸਿਆ ਕਿ ਧੋਖਾਧੜੀ ਅਤੇ ਕਾਲੇ ਧਨ ਨੂੰ ਸਫ਼ੈਦ ਕਰਨ ਦੇ ਦੋਸ਼ਾਂ ਹੇਠ ਬਰਤਾਨਵੀ ਸਰਕਾਰ ਨੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮ ਦਿੱਤੇ ਹਨ।

ਲੰਡਨ ਦੀ ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ ਨੇ 10 ਦਸੰਬਰ 2018 ਨੂੰ ਕਿਹਾ ਸੀ ਕਿ 63 ਸਾਲਾ ਕਾਰੋਬਾਰੀ ਮਾਲਿਆ ਨੂੰ ਭਾਰਤੀ ਅਦਾਲਤਾਂ ਦੇ ਸਾਹਮਣੇ ਜਵਾਬ ਦੇਣਾ ਪਏਗਾ। ਬਰਤਾਨੀਆ ਵਿੱਚ ਪਾਕਿਸਤਾਨੀ ਮੂਲ ਦੇ ਸਭ ਤੋਂ ਸੀਨੀਅਰ ਮੰਤਰੀ ਜਾਵੀਦ ਦੇ ਦਫ਼ਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਾਰੇ ਪੱਖਾਂ 'ਤੇ ਵਿਚਾਰ ਕਰਨ ਤੋਂ ਬਾਅਦ ਮੰਤਰੀ ਨੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮਾਂ 'ਤੇ ਸਹੀ ਪਾਈ ਹੈ। ਗ੍ਰਹਿ ਮੰਤਰਾਲੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਸਾਰੇ ਨੁਕਤਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਮੰਤਰੀ ਨੇ ਵਿਜੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮ ਦਿੱਤੇ ਹਨ।

ਅਪਰੈਲ-2017 ਵਿਚ ਸਕੌਟਲੈਂਡ ਯਾਰਡ ਨੂੰ ਭੇਜੇ ਗਏ ਵਾਰੰਟ ਤੋਂ ਬਾਅਦ ਮਾਲਿਆ ਜ਼ਮਾਨਤ 'ਤੇ ਹੈ। ਇਹ ਵਾਰੰਟ ਉਸ ਵੇਲੇ ਕੱਢੇ ਗਏ ਸਨ ਜਦੋਂ ਭਾਰਤੀ ਅਧਿਕਾਰੀਆਂ ਨੇ ਕਿੰਗਫਿਸ਼ਰ ਏਅਰਲਾਈਨਜ਼ ਦੇ ਸਾਬਕਾ ਮੁਖੀ ਮਾਲਿਆ ਨੂੰ 9000 ਕਰੋੜ ਰੁਪਏ ਦੀ ਧੋਖਾਧੜੀ 'ਤੇ ਕਾਲੇ ਧਨ ਨੂੰ ਸਫ਼ੈਦ ਕਰਨ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਸੀ। ਮਾਲਿਆ ਕੋਲ ਹੁਣ ਬਰਤਾਨਵੀ ਹਾਈ ਕੋਰਟ 'ਚ ਅਪੀਲ ਦੀ ਇਜਾਜ਼ਤ ਵਾਸਤੇ ਅਰਜ਼ੀ ਦੇਣ ਲਈ 4 ਫਰਵਰੀ ਤੋਂ ਬਾਅਦ 14 ਦਿਨਾਂ ਦਾ ਸਮਾਂ ਹੈ। ਹੁਕਮਾਂ ਤੋਂ ਬਾਅਦ ਮਾਲਿਆ ਨੇ ਕਿਹਾ ਕਿ ਉਹ ਅਪੀਲ ਸਬੰਧੀ ਕਾਰਵਾਈ ਜਲਦੀ ਸ਼ੁਰੂ ਕਰਨਗੇ।

## ਟਰੰਪ ਨੂੰ ਖ਼ੁਫ਼ੀਆ ਏਜੰਸੀਆਂ 'ਤੇ ਨਹੀਂ ਯਕੀਨ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜ਼ਰੂਰੀ ਨਹੀਂ ਕਿ ਉਹ ਖ਼ੁਫ਼ੀਆ ਏਜੰਸੀਆਂ ਦੀ ਰਾਏ ਨਾਲ ਇਤਫ਼ਾਕ ਰੱਖਣ। ਖ਼ੁਫ਼ੀਆਂ ਏਜੰਸੀਆਂ ਦੇ ਮੁਖੀਆਂ ਵੱਲੋਂ ਕਾਂਗਰਸ ਮੂਹਰੇ ਆਲਮੀ ਖ਼ਤਰਿਆਂ ਅਤੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਸਮਝੌਤੇ ਦਾ ਪਾਲਣ ਕਰਨ ਬਾਰੇ ਦਿੱਤੀਆਂ ਰਿਪੋਰਟਾਂ ਦੀ ਟਰੰਪ ਨੇ ਲਾਹ-ਪਾਹ ਕੀਤੀ ਹੈ। ਟਰੰਪ ਨੇ ਦਾਅਵਾ ਕੀਤਾ ਕਿ ਇਰਾਨ ਨੇ ਪਰਮਾਣੂ ਹਥਿਆਰਾਂ ਦੇ ਪ੍ਰੋਗਰਾਮ ਨੂੰ ਜਾਰੀ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਸਲਾਹਕਾਰਾਂ ਵੱਲੋਂ ਇਰਾਕ ਬਾਰੇ ਝੂਠਾ ਮੁਲਾਂਕਣ ਕੀਤੇ ਜਾਣ ਕਰਕੇ ਹੀ ਅਮਰੀਕਾ ਨੂੰ ਜੰਗ ਕਰਨੀ ਪਈ ਸੀ ਕਿਉਂਕਿ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਕਿਹਾ ਸੀ ਕਿ ਇਰਾਕ ਦੇ ਤਾਨਾਸ਼ਾਹ ਸੱਦਾਮ ਹੁਸੈਨ ਕੋਲ ਮਾਰੂ ਹਥਿਆਰਾਂ ਹਨ।



ਉਧਰ ਟਰੰਪ ਨੂੰ ਪਾਰਟੀ 'ਚੋਂ ਹੀ ਚੁਣੌਤੀ ਮਿਲਣ ਲੱਗੀ ਹੈ। ਰਿਪਬਲਿਕਨ ਪ੍ਰਾਇਮਰੀ ਚੁਣੌਤੀ ਤੋਂ ਘਬਰਾਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਚਾਰਕਾਂ ਨੇ ਸੂਬਿਆਂ 'ਚ ਮੁਹਿੰਮ ਆਰੰਭ ਕਰ ਦਿੱਤੀ ਹੈ ਤਾਂ ਜੋ ਪਾਰਟੀ ਅੰਦਰ ਪੈਦਾ ਹੋਏ ਵਿਰੋਧ ਨੂੰ ਠੱਲ੍ਹਿਆ ਜਾ ਸਕੇ।ਉਨ੍ਹਾਂ ਦਾ ਮੰਨਣਾ ਹੈ ਕਿ ਆਮ ਚੋਣਾਂ ਦੇ ਪ੍ਰਚਾਰ ਦੌਰਾਨ ਇਸ ਦਾ ਖ਼ਮਿਆਜ਼ਾ ਭੁਗਤਣਾ ਪੈ ਸਕਦਾ ਹੈ। ਪਿਛਲੇ ਕੁਝ ਹਫ਼ਤਿਆਂ 'ਚ ਵਿਸ਼ੇਸ਼ ਮੁਹਿੰਮ ਦੌਰਾਨ ਰਾਸ਼ਟਰਪਤੀ ਨੂੰ ਨਮੋਸ਼ੀ ਦੇਣ ਵਾਲੇ ਪਾਰਟੀ ਅੰਦਰਲੇ ਵਿਰੋਧੀਆਂ 'ਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਟਰੰਪ ਦੀ ਮੁਹਿੰਮ ਦੌਰਾਨ ਸਥਾਨਕ ਪੱਧਰ 'ਤੇ ਪਾਰਟੀ ਦੇ ਕੰਮਕਾਰ 'ਤੇ ਅਸਰ ਪਾਇਆ ਜਾ ਰਿਹਾ ਹੈ। ਇਸ ਲਈ ਇਸ਼ਤਿਹਾਰਾਂ, ਲਾਬੀ ਅਤੇ ਨਿਯਮਾਂ 'ਚ ਬਦਲਾਅ ਕੀਤਾ ਜਾ ਰਿਹਾ ਹੈ ਤਾਂ ਜੋ ਟਰੰਪ ਦੇ ਵਫ਼ਾਦਾਰ ਅਗਸਤ-2020 'ਚ ਉਸ ਨੂੰ ਮੁੜ ਨਾਮਜ਼ਦ ਕਰਨ। ਟਰੰਪ ਕੈਂਪੇਨ ਦੇ ਸੀਨੀਅਰ ਸਲਾਹਕਾਰ ਬਿੱਲ ਸਟੇਪੀਅਨ ਨੇ ਕਿਹਾ ਕਿ ਟੀਵੀ 'ਤੇ ਕੌਮੀ ਕਨਵੈਨਸ਼ਨ ਦਾ ਪ੍ਰਸਾਰਣ ਰਾਸ਼ਟਰਪਤੀ ਲਈ ਪ੍ਰਚਾਰ ਦਾ ਸਾਧਨ ਹੈ, ਨਾ ਕੇ ਪਾਰਟੀ ਦੀ ਅੰਦਰੂਨੀ ਲੜਾਈ ਹੈ।

**ਅਮਰੀਕੀ ਰਾਸ਼ਟਰਪਤੀ ਨੂੰ ਇਕ ਹੋਰ ਝਟਕਾ :** ਅਮਰੀਕੀ ਸੈਨੇਟ ਨੇ ਸੀਰੀਆ ਤੇ ਅਫਗਾਨਿਸਤਾਨ ਦੇ ਸੈਨਿਕਾਂ ਨੂੰ ਵਾਪਸ ਬੁਲਾਏ ਜਾਣ ਖਿਲਾਫ ਮਤੇ ਨੂੰ ਭਾਰੀ ਬਹੁਮਤ ਨਾਲ ਪਾਸ ਕੀਤਾ ਹੈ। ਇਸ ਮਤੇ ਦੇ ਪੱਖ 'ਚ ਟਰੰਪ ਦੀ ਆਪਣੀ ਰਿਪਬਲੀਕਨ ਪਾਰਟੀ ਦੇ ਸੰਸਦਾਂ ਨੇ ਵੀ ਵੋਟਿੰਗ ਕੀਤੀ। ਇਸ ਨਾਲ ਪਾਰਟੀ 'ਚ ਫੁੱਟ ਹੋਣ ਦਾ ਸਾਫ ਪਤਾ ਲਗਦਾ ਹੈ। ਸੈਨੇਟ 'ਚ ਰਿਪਬਲੀਕਨ ਨੇਤਾ ਮਿੱਚ ਮੈਕਕੋਨੇਲ ਨੇ ਮਤੇ ਨੂੰ ਸੰਸਦ 'ਚ ਰੱਖਿਆ ਤੇ ਮਤਾ ਭਾਰੀ ਬਹੁਮਤ ਨਾਲ ਪਾਸ ਹੋਇਆ। ਇਸ ਦੇ ਪੱਖ 'ਚ 70 ਵੋਟ ਤੇ ਵਿਰੋਧ 'ਚ 26 ਵੋਟ ਪਏ। ਸੰਸਦ ਦੇ 53 ਰਿਪਬਲੀਕਨ ਸੈਨੇਟਰਾਂ ਵਿੱਚੋਂ ਸਿਰਫ ਤਿੰਨ ਨੇ ਇਸ ਦਾ ਵਿਰੋਧ ਕੀਤਾ। ਪਿਛਲੇ ਹਫਤੇ ਅਮਰੀਕੀ ਖੁਫੀਆ ਏਜੰਸੀਆਂ ਨੇ ਸੂਚਨਾ ਦਿੱਤੀ ਸੀ ਕਿ ਜੇਹਾਦੀ ਸੰਗਠਨ ਅਜੇ ਵੀ ਗੰਭੀਰ ਖ਼ਤਰਾ ਹਨ।

## ਯਾਦਵਿੰਦਰ ਸਿੰਘ ਭਾਂਬਾ ਦਾ ਮਨੁੱਖੀ ਤਸਕਰੀ ਦੇ ਕੇਸ 'ਚ ਕਬੂਲਨਾਮਾ

**ਨਿਊਯਾਰਕ/ਬਿਊਰੋ ਨਿਊਜ਼ :** ਭਾਰਤ ਤੋਂ ਕਰੀਬ 400 ਵਿਅਕਤੀਆਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਲਿਆਉਣ ਵਾਲੇ ਯਾਦਵਿੰਦਰ ਸਿੰਘ ਭਾਂਬਾ ਨੇ ਆਪਣਾ ਗੁਨਾਹ ਕਬੂਲ ਲਿਆ ਹੈ। ਪੁਇਰਤੋ ਰਿਕੋ ਦੇ ਜ਼ਿਲ੍ਹਾ ਜੱਜ ਸਿਵਿਆ ਕੈਰੇਨੋ-ਕੋਲ ਮੂਹਰੇ ਉਸ ਨੇ ਮਨੁੱਖੀ ਤਸਕਰੀ ਦੇ 15 'ਚੋਂ ਇਕ ਗੁਨਾਹ ਨੂੰ ਮੰਨ ਲਿਆ ਹੈ। ਉਸ ਨੂੰ ਅਪਰੈਲ 'ਚ ਸਜ਼ਾ ਸੁਣਾਈ ਜਾਵੇਗੀ। ਭਾਂਬਾ ਮੁਤਾਬਕ ਉਹ ਸੰਨ 2013 ਤੋਂ ਮਨੁੱਖੀ ਤਸਕਰੀ ਦੇ ਕੰਮ 'ਚ ਜੁਟਿਆ ਹੋਇਆ ਸੀ ਅਤੇ ਉਹ ਡੋਮਿਨਿਕਨ ਰਿਪਬਲਿਕ, ਹੈਤੀ, ਪੁਇਰਤੋ ਰਿਕੋ ਅਤੇ ਭਾਰਤ ਸਮੇਤ ਹੋਰ ਮੁਲਕਾਂ 'ਚ ਸਰਗਰਮ ਸੀ। ਉਸ ਨੇ ਸੰਨ 2013 ਤੋਂ 2015 ਵਿਚਕਾਰ ਕਰੀਬ 400 ਲੋਕਾਂ ਨੂੰ ਖੁਦ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਕਰਵਾਇਆ। ਨਿਆਂ ਵਿਭਾਗ ਦੀ ਅਪਰਾਧਿਕ ਸ਼ਾਖਾ ਦੇ ਅਸਿਸਟੈਂਟ ਅਟਾਰਨੀ ਜਨਰੀ ਬ੍ਰਾਇਨ ਬੈਨਜ਼ਕੋਵਸਕੀ ਨੇ ਕਿਹਾ ਕਿ ਭਾਰਤ ਤੋਂ ਅਮਰੀਕਾ ਆਉਣ ਲਈ ਵਿਅਕਤੀਆਂ ਨੇ 30 ਹਜ਼ਾਰ ਤੋਂ 85 ਹਜ਼ਾਰ ਡਾਲਰ ਤਕ ਅਦਾ ਕੀਤੇ ਅਤੇ ਭਾਂਬਾ ਦੀ ਆਮਦਨ ਦਾ ਇਹ ਵਸੀਲਾ ਸੀ। ਭਾਂਬਾ ਨੂੰ ਅਗਸਤ-2017 'ਚ ਡੋਮਿਨਿਕਨ ਰਿਪਬਲਿਕ ਤੋਂ ਗ੍ਰਿਫ਼ਤਾਰ ਕਰਕੇ ਪੁਇਰਤੋ ਰਿਕੋ ਭੇਜ ਦਿੱਤਾ ਗਿਆ ਸੀ। ਉਹ ਆਪਣੇ ਸਾਥੀਆਂ ਨਾਲ ਮਿਲ ਕੇ ਭਾਰਤ ਤੋਂ ਲੋਕਾਂ ਨੂੰ ਥਾਈਲੈਂਡ, ਯੂਏਈ, ਅਰਜਨਟੀਨਾ, ਇਰਾਨ, ਪਨਾਮਾ, ਵੈਨੇਜ਼ੁਏਲਾ ਅਤੇ ਹੈਤੀ ਸਮੇਤ ਹੋਰ ਮੁਲਕਾਂ ਰਾਹੀਂ ਡੋਮਿਨਿਕਨ ਰਿਪਬਲਿਕ 'ਚ ਲੈ ਕੇ ਆਉਂਦਾ ਸੀ। ਇਥੋਂ ਉਨ੍ਹਾਂ ਨੂੰ ਕਿਸ਼ਤੀਆਂ ਰਾਹੀਂ ਪੁਇਰਤੋ ਰਿਕੋ ਜਾਂ ਫਲੋਰਿਡਾ ਪਹੁੰਚਾਇਆ ਜਾਂਦਾ ਸੀ ਅਤੇ ਫਿਰ ਕੈਲੀਫੋਰਨੀਆ, ਨਿਊਯਾਰਕ ਜਾਂ ਹੋਰ ਸ਼ਹਿਰਾਂ ਲਈ ਉਡਾਣ ਦਾ ਪ੍ਰਬੰਧ ਹੋਣ ਤਕ ਉਨ੍ਹਾਂ ਨੂੰ ਛਿਪਾ ਕੇ ਰੱਖਿਆ ਜਾਂਦਾ ਸੀ।






ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

### ਮਾਮਲਾ ਡਾ. ਸੁਦਰਸ਼ਨ ਕੁਮਾਰ ਤ੍ਰੇਹਨ ਦੇ ਕਤਲ ਦਾ

# ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਵਿਰੁੱਧ ਪੁਲਿਸ ਚਲਾਨ ਪੇਸ਼

**ਤਰਨ ਤਾਰਨ/ਬਿਊਰੋ ਨਿਊਜ਼ :** ਤਰਨਤਾਰਨ ਪੁਲਿਸ ਨੇ ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਵਿਰੁੱਧ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ ਹੈ। ਇਹ ਚਲਾਨ ਤਰਨਤਾਰਨ 'ਚ ਪੱਟੀ ਦੇ ਇੱਕ ਪ੍ਰਸਿੱਧ ਡਾ. ਸੁਦਰਸ਼ਨ ਕੁਮਾਰ ਤ੍ਰੇਹਨ ਦੇ ਸਾਲ 1983 ਦੌਰਾਨ ਕੀਤੇ ਗਏ ਕਤਲ ਦੇ ਮਾਮਲੇ ਵਿੱਚ



ਪੇਸ਼ ਕੀਤਾ ਗਿਆ ਹੈ। ਉਸੇ ਦਿਨ ਅਣਪਛਾਤੇ ਵਿਅਕਤੀਆਂ ਖਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇੱਕ ਮਹੀਨੇ ਮਗਰੋਂ ਪੁਲਿਸ ਨੇ ਇੱਕ ਹਰਦੇਵ ਸਿੰਘ ਨੂੰ ਰਿਮਾਂਡ ਤੇ ਲਿਆ ਜੋ ਉਸ ਸਮੇਂ ਹੋਰਨਾਂ ਅਪਰਾਧਿਕ ਮਾਮਲਿਆਂ ਚ ਨਾਭਾ ਜੇਲ੍ਹ ਚ ਬੰਦ ਸੀ। ਪੁੱਛਗਿੱਛ ਦੌਰਾਨ ਹਰਦੇਵ ਸਿੰਘ ਨੇ ਮੰਨਿਆ ਕਿ ਉਹ ਬਲਦੇਵ ਸਿੰਘ ਅਤੇ ਵਲਟੋਹਾ ਨਾਲ ਡਾ. ਤ੍ਰੇਹਨ ਦੇ ਕਤਲ ਪਿੱਛੇ ਸੀ। ਆਪਣੇ ਕਬੂਲਨਾਮੇ ਦੇ ਆਧਾਰ ਤੇ ਵਲਟੋਹਾ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ।ਜਾਣਕਾਰੀ ਮੁਤਾਬਕ ਵਲਟੋਹਾ ਖਿਲਾਫ ਮਾਮਲੇ 'ਚ ਕਦੇ ਵੀ ਚਾਲਾਨ ਪੇਸ਼ ਨਹੀਂ ਕੀਤਾ ਗਿਆ ਸੀ ਤੇ ਮਾਮਲੇ ਦੀਆਂ ਫ਼ਾਈਲ ਪੱਟੀ ਪੁਲਿਸ ਸਟੇਸ਼ਨ ਤੋਂ ਗਾਇਬ ਹੋ ਗਈ ਸੀ। ਇਸ ਸਬੰਧੀ ਵੀ ਕੋਈ ਜਾਂਚ ਨਹੀਂ ਕੀਤੀ ਗਈ। ਅਦਾਲਤ ਵਲੋਂ ਪ੍ਰਾਪਤ ਕੀਤੇ ਗਏ ਫ਼ਾਈਲ ਰਿਕਾਰਡ ਮੁਤਾਬਕ ਕੇਸ ਵਿਚ ਵਲਟੋਹਾ ਨੂੰ ਫਰਵਰੀ-1991 ਵਿਚ

**ਬਾਕੀ ਸਫ਼ਾ 29 'ਤੇ**

### ਜਥੇਦਾਰ ਹਵਾਰਾ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਦਾ ਵੱਡਾ ਫੈਸਲਾ

# ਸਿੱਖ ਸੰਘਰਸ਼ ਦੀ ਅਗਵਾਈ ਹੁਣ ਮੁਤਵਾਜ਼ੀ ਜਥੇਦਾਰ ਨਹੀਂ ਕਰਨਗੇ

**ਜਲੰਧਰ/ਬਿਊਰੋ ਨਿਊਜ਼ :** ਸਰਬੱਤ ਖ਼ਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੇ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੂੰ ਸਿੱਖ ਪੰਥ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ ਤੋਂ ਲਾਂਭੇ ਕਰ ਦਿੱਤਾ ਹੈ। ਇਹ ਫ਼ੈਸਲਾ ਇੱਥੇ ਗੁਰੂ ਤੇਗ ਬਹਾਦਰ ਨਗਰ ਵਿਚਲੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਮੀਟਿੰਗ ਦੌਰਾਨ ਕੀਤਾ ਗਿਆ। ਇਸ ਪੰਜ ਮੈਂਬਰੀ ਕਮੇਟੀ ਵਿੱਚੋਂ ਚਾਰ ਮੈਂਬਰ ਹਾਜ਼ਰ ਸਨ। ਇਨ੍ਹਾਂ ਵਿਚ ਭਾਈ ਅਮਰ ਸਿੰਘ ਚਾਹਲ, ਭਾਈ ਨਰਾਇਣ ਸਿੰਘ ਚੌੜਾ, ਪ੍ਰੋਫੈਸਰ ਬਲਜਿੰਦਰ ਸਿੰਘ ਤੇ ਮਾਸਟਰ ਸੰਤੋਖ ਸਿੰਘ ਦਾਬਾਂਵਾਲਾ ਹਾਜ਼ਰ ਹੋਏ, ਜਦੋਂਕਿ ਜਸਪਾਲ ਸਿੰਘ ਹੇਰਾਂ ਕਿਸੇ ਕਾਰਨ ਨਹੀਂ ਆ ਸਕੇ।

ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰ ਨੇ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਸਿੱਖ ਕੌਮ ਨੂੰ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਮੀਟਿੰਗ ਵਿਚ ਸਾਰੇ ਮੈਂਬਰਾਂ ਨੇ ਇੱਕਮੱਤ ਹੁੰਦਿਆਂ ਇਨ੍ਹਾਂ ਜਥੇਦਾਰਾਂ ਨੂੰ ਪੰਥਕ ਸੰਘਰਸ਼ਾਂ ਤੋਂ ਦੂਰ ਰੱਖਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਨ੍ਹਾਂ ਜਥੇਦਾਰਾਂ ਦੀ ਆਪਸ ਵਿਚ ਬਣਦੀ ਨਹੀਂ ਸੀ, ਇਸੇ ਕਰ ਕੇ ਇਹ ਫ਼ੈਸਲਾ



ਕਰਨਾ ਪਿਆ। ਪੰਜਾਬ ਸਰਕਾਰ ਨੂੰ 15 ਫਰਵਰੀ ਤੱਕ ਦਾ ਅਲਟੀਮੇਟਮ ਪਹਿਲਾਂ ਹੀ ਦਿੱਤਾ ਹੋਇਆ ਹੈ। ਉਸ ਤੋਂ ਬਾਅਦ ਐਲਾਨੇ ਜਾਣ ਵਾਲੇ ਸੰਘਰਸ਼ ਦੀ ਅਗਵਾਈ ਉਕਤ ਜਥੇਦਾਰ ਨਹੀਂ ਕਰਨਗੇ।

ਉਨ੍ਹਾਂ ਦੱਸਿਆ ਕਿ ਜਦੋਂ ਤੱਕ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੇ ਅਸਲ ਦੋਸ਼ੀ ਨਹੀਂ ਫੜੇ ਜਾਂਦੇ, ਉਦੋਂ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਮੋਗੇ ਦੇ ਐੱਸਐੱਸਪੀ ਰਹੇ ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿਹਾ ਗੋਲੀ ਚਲਾਉਣ ਦੇ ਹੁਕਮ ਉਸ ਦੇ ਇੱਕਲੇ ਦੇ ਨਹੀਂ ਹੋ ਸਕਦੇ। ਜਦੋਂ ਤੱਕ ਬਾਕੀਆਂ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ, ਉਦੋਂ ਤੱਕ ਸੰਘਰਸ਼ ਮੱਠਾ ਨਹੀਂ ਪੈਣ ਦਿੱਤਾ ਜਾਵੇਗਾ।

# ਬਾਦਲਾਂ ਨੇ ਰੱਖੀ ਸੀ ਗੁਰਦੁਆਰਾ ਪ੍ਰਬੰਧ ਨੂੰ ਭ੍ਰਿਸ਼ਟ ਕਰਨ ਦੀ ਨੀਂਹ : ਕੁਲਵੰਤ ਸਿੰਘ ਰੰਧਾਵਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਵੱਲੋਂ ਲਿਖੀ ਪੁਸਤਕ 'ਸਚੁ ਸੁਣਾਇਸੀ ਸਚ ਕੀ ਬੇਲਾ' ਵਿੱਚ ਉਨ੍ਹਾਂ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਮੁਤਾਬਕ ਇਸ ਦੇ ਮੁਲਾਜ਼ਮ ਅਤੇ ਮੈਂਬਰਾਂ ਦੇ ਰਿਸ਼ਤੇਦਾਰਾਂ ਨੂੰ ਇਸ ਵਿੱਚ ਮੁਲਾਜ਼ਮਤ ਨਹੀਂ ਮਿਲ ਸਕਦੀ ਹੈ ਪਰ ਬਾਦਲ ਰਾਜ ਦੌਰਾਨ 12 ਨਵੰਬਰ 2002 ਨੂੰ ਇਕ ਮਤੇ ਰਾਹੀਂ ਇਸ ਨਿਯਮ ਵਿੱਚ ਤਰਮੀਮ ਕਰਕੇ ਗੁਰਦੁਆਰਾ ਪ੍ਰਬੰਧ ਨੂੰ ਭ੍ਰਿਸ਼ਟ ਕਰਨ ਦੀ ਨੀਂਹ ਰੱਖ ਦਿੱਤੀ ਗਈ ਸੀ। ਉਨ੍ਹਾਂ ਪਿਛਲੇ ਤੇ ਮੌਜੂਦਾ ਪ੍ਰਬੰਧ ਦੀ ਤੁਲਨਾ ਕਰਦਿਆਂ ਦੱਸਿਆ ਕਿ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ



**ਐਸਜੀਪੀਸੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।**

ਸੰਸਥਾ ਦੇ ਵਾਹਨ ਦੀ ਵਰਤੋਂ ਕਰਨ ਸਮੇਂ ਸੰਕੋਚ ਕੀਤਾ ਜਾਂਦਾ ਸੀ ਪਰ ਅੱਜ ਸੰਸਥਾ ਦਾ ਛੋਟਾ ਅਧਿਕਾਰੀ ਵੀ ਖੁੱਲ੍ਹੇਆਮ ਸੰਸਥਾ ਦੇ ਵਾਹਨਾਂ ਦੀ ਦੁਰਵਰਤੋਂ ਕਰ ਰਿਹਾ ਹੈ। ਇੱਥੇ ਕੰਮ ਕਰਦੇ ਕਰਮਚਾਰੀਆਂ ਨੂੰ ਲੰਗਰ ਮੁਹੱਈਆ ਕੀਤੇ ਜਾਣ ਬਾਰੇ ਉਨ੍ਹਾਂ ਆਖਿਆ ਕਿ ਪਹਿਲਾਂ ਇਹ ਨਿਯਮ ਸੀ ਕਿ ਕਿਸੇ ਵੀ ਕਰਮਚਾਰੀ ਨੂੰ ਲੰਗਰ ਉਪਲਬੱਧ ਨਹੀਂ ਹੁੰਦਾ ਸੀ। ਅਗਾਊਂ ਪ੍ਰਵਾਨਗੀ ਤਹਿਤ ਹੀ ਅਜਿਹੇ ਕਰਮਚਾਰੀ ਨੂੰ ਲੰਗਰ ਉਪਲਬੱਧ ਹੁੰਦਾ ਸੀ, ਜੋ ਇੱਥੇ ਪਰਿਵਾਰ ਤੋਂ ਬਿਨਾਂ ਇਕੱਲਾ ਰਹਿ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਹਰੇਕ ਕਰਮਚਾਰੀ ਇੱਥੇ ਸ਼ਰਧਾਲੂਆਂ ਲਈ ਬਣਦੇ ਲੰਗਰ ਦੀ ਵਰਤੋਂ ਕਰ ਰਿਹਾ ਹੈ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਦਖਲ ਅੰਦਾਜ਼ੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸੰਨ 1999 ਤੋਂ ਬਾਅਦ ਕਿਵੇਂ ਜਥੇਦਾਰਾਂ ਨੂੰ ਬਦਲਿਆ ਗਿਆ ਅਤੇ ਉਨ੍ਹਾਂ ਦੀ ਅਹਿਮੀਅਤ ਨੂੰ ਘੱਟ ਕਰ ਦਿੱਤਾ ਗਿਆ। ਉਨ੍ਹਾਂ ਇਸ ਮਾਮਲੇ ਵਿਚ ਭਾਈ ਰਣਜੀਤ ਸਿੰਘ, ਗਿਆਨੀ ਪੂਰਨ ਸਿੰਘ ਅਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀਆਂ ਸੇਵਾਵਾਂ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚੋਂ ਧਾਰਮਿਕ ਧਰੋਹਰਾਂ ਦੇ ਖਾਤਮੇ ਦਾ ਵੀ ਜ਼ਿਕਰ ਕੀਤਾ ਹੈ, ਜਿਸ ਵਿੱਚ ਉਨ੍ਹਾਂ ਅਕਾਲ ਤਖ਼ਤ ਦੇ ਹੇਠਾਂ ਬਣੇ ਇਤਿਹਾਸਕ ਭੋਰੇ ਨੂੰ ਖਤਮ ਕਰਨ ਬਾਰੇ ਦੱਸਿਆ ਹੈ। ਉਨ੍ਹਾਂ ਨਾਨਕਸ਼ਾਹੀ ਕੈਲੰਡਰ 'ਚ ਤਬਦੀਲੀ ਕਰਕੇ ਸਿੱਖ ਭਾਈਚਾਰੇ ਨੂੰ ਦੋਫਾੜ ਕਰਨ ਲਈ ਦਮਦਮੀ ਟਕਸਾਲ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਪੁਸਤਕ ਦੇ ਰਿਲੀਜ਼ ਸਮੇਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਿਲਜੀਤ ਸਿੰਘ ਬੇਦੀ, ਪੰਜ ਪਿਆਰਿਆਂ

**ਬਾਕੀ ਸਫ਼ਾ 29 'ਤੇ**



# ਪੂਰਾ ਭਾਰਤ ਨਸ਼ਿਆਂ ਦੀ ਲਪੇਟ 'ਚ ਆਇਆ



**ਗਲੋਬਲ ਐਡਲਟ ਟੋਬੈਕੋ ਸਰਵੇਖਣ ਦੀ ਤਾਜ਼ਾ ਰਿਪੋਰਟ ਮੁਤਾਬਕ ਭਾਰਤ ਦੀ ਕੁੱਲ 130 ਕਰੋੜ ਆਬਾਦੀ ਵਿੱਚੋਂ 28.6 ਫੀਸਦੀ ਲੋਕ ਕਰਦੇ ਨੇ ਤੰਬਾਕੂ ਦਾ ਸੇਵਨ**

## 18.4 ਫੀਸਦੀ ਨੌਜਵਾਨ ਨਾ ਸਿਰਫ ਤੰਬਾਕੂ, ਬਲਕਿ ਸਿਗਰੇਟ, ਬੀੜੀ, ਖੈਣੀ, ਬੀਟਲ, ਅਫ਼ੀਮ ਤੇ ਗਾਂਜਾ ਵਰਗੇ ਖ਼ਤਰਨਾਕ ਨਸ਼ੀਲੇ ਪਦਾਰਥਾਂ ਦਾ ਸ਼ਿਕਾਰ

- **ਹਾਈਕੋਰਟ ਵਲੋਂ ਡਰੱਗ ਕੇਸਾਂ ਦੇ ਭਗੌੜੇ ਅਪਰਾਧੀਆਂ ਦੀ ਹਵਾਲਗੀ ਬਾਰੇ ਸੰਜੀਦਾ ਕਾਰਵਾਈ ਦੀਆਂ ਹਦਾਇਤਾਂ**
- **ਜੇਲ੍ਹਾਂ 'ਚ ਕੈਦੀ ਮੋਬਾਇਲਾਂ ਰਾਹੀਂ ਚਲਾ ਰਹੇ ਨੇ ਡਰੱਗ ਦਾ ਧੰਦਾ**

ਜਲੰਧਰ/ਬਿਊਰੋ ਨਿਊਜ਼ :

ਅਕਸਰ ਪੰਜਾਬ ਦੀ 80 ਫੀਸਦੀ ਨੌਜਵਾਨੀ ਨਸ਼ਿਆਂ ਦੇ ਜਾਲ ਵਿੱਚ ਫਸੀ ਹੋਣ ਦੇ ਦਾਅਵਾ ਕੀਤੇ ਜਾਂਦੇ ਹਨ ਪਰ ਤਾਜ਼ਾ ਅੰਕੜਿਆਂ ਵਿੱਚ ਪਤਾ ਲੱਗਾ ਹੈ ਕਿ ਪੰਜਾਬ ਹੀ ਨਹੀਂ ਪੂਰੇ ਦੇਸ਼ ਦੇ ਨੌਜਵਾਨਾਂ 'ਤੇ ਨਸ਼ਿਆਂ ਦਾ ਕਹਿਰ ਹੈ। ਗਲੋਬਲ ਐਡਲਟ ਟੋਬੈਕੋ ਸਰਵੇਖਣ ਦੀ ਤਾਜ਼ਾ ਰਿਪੋਰਟ ਮੁਤਾਬਕ, ਭਾਰਤ ਦੀ ਕੁੱਲ 130 ਕਰੋੜ ਆਬਾਦੀ ਵਿੱਚੋਂ 28.6 ਫੀਸਦੀ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਹੈਰਾਨ ਕਰਨ ਵਾਲਾ ਤੱਥ ਇਹ ਹੈ ਕਿ ਕਰੀਬ 18.4 ਫੀਸਦੀ ਨੌਜਵਾਨ ਨਾ ਸਿਰਫ ਤੰਬਾਕੂ, ਬਲਕਿ ਸਿਗਰੇਟ, ਬੀੜੀ, ਖੈਣੀ, ਬੀਟਲ, ਅਫ਼ੀਮ ਤੇ ਗਾਂਜਾ ਵਰਗੇ ਖ਼ਤਰਨਾਕ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹਨ। ਬੀਤੇ ਸਾਲ ਆਈ ਡਬਲਯੂ ਐਚ ਓ ਦੀ ਗਲੋਬਲ ਸਟੇਟਸ ਰਿਪੋਰਟ ਵਿੱਚ ਵੀ ਕੁਝ ਅਜਿਹੇ ਹੀ ਚਿੰਤਾਜਨਕ ਅੰਕੜੇ ਸਾਹਮਣੇ ਆਏ ਸੀ। 2017 ਵਿੱਚ ਆਈ ਇਸ ਰਿਪੋਰਟ ਮੁਤਾਬਕ ਭਾਰਤ ਵਿੱਚ ਬੀਤੇ 11 ਸਾਲਾਂ ਵਿੱਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਦੁੱਗਣੀ ਹੋ ਗਈ ਸੀ। 11 ਸਾਲ ਪਹਿਲਾਂ ਪਹਿਲਾਂ ਜਿੱਥੇ ਇੱਕ ਵਿਅਕਤੀ 3 ਲੀਟਰ ਸ਼ਰਾਬ ਪੀਂਦਾ ਸੀ, ਉੱਥੇ ਇਹ ਖਪਤ ਵਧ ਕੇ 6 ਲੀਟਰ ਹੋ ਗਈ ਹੈ। ਰਿਪੋਰਟ ਮੁਤਾਬਕ ਇਸ ਦਹਾਕੇ ਵਿੱਚ ਭਾਰਤੀ ਨੌਜਵਾਨਾਂ ਵਿੱਚ ਤੰਬਾਕੂ ਤੇ ਸ਼ਰਾਬ ਦੇ ਇਲਾਵਾ ਇੱਕ ਹੋਰ ਨਸ਼ੀਲੇ ਪਦਾਰਥ ਦੀ ਆਦਤ ਤੇਜ਼ੀ ਨਾਲ ਵਧ ਰਹੀ ਹੈ। ਸੁਪਰਫੂਡ ਤੋਂ ਲੈ ਕੇ ਜੰਕ ਫੂਡ ਨਾ ਸਿਰਫ ਸ਼ਹਿਰਾਂ, ਬਲਕਿ ਪੇਂਡੂ ਇਲਾਕਿਆਂ ਵਿੱਚ ਵੀ ਆਪਣੇ ਪੈਰ ਪਸਾਰ ਰਹੇ ਹਨ। 2018 ਵਿੱਚ ਆਈ ਕਲਿੰਟ ਦੀ ਰਿਪੋਰਟ ਮੁਤਾਬਕ 35 ਫੀਸਦੀ ਭਾਰਤੀ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਇੱਕ ਵਾਰ ਫਾਸਟ ਫੂਡ ਖਾਂਦੇ ਹਨ। ਇੰਡੀਅਨ ਜਨਰਲ ਆਫ਼



ਪਬਲਿਕ ਹੈਲਥ ਦੇ ਸਰਵੇਖਣ ਮੁਤਾਬਕ 14 ਫੀਸਦੀ ਸਕੂਲੀ ਬੱਚੇ ਮੋਟਾਪੇ ਦਾ ਸ਼ਿਕਾਰ ਹਨ। ਜੰਕ ਫੂਡ ਵਿੱਚ ਜ਼ਰੂਰੀ ਪੋਸ਼ਣ ਤੱਤਾਂ ਦੀ ਕਮੀ ਦੇ ਕਰਕੇ ਮੋਟਾਪਾ ਵਧਦਾ ਹੈ। ਬਦਲਦੇ ਤੌਰ-ਤਰੀਕੇ ਤੇ ਸ਼ਹਿਰੀ ਲਾਈਫਸਟਾਈਲ ਘੱਟ ਨੀਂਦ ਦਾ ਮੁੱਖ ਕਾਰਨ ਹੈ। ਦਰਅਸਲ ਭੱਜ ਦੌੜ ਵਾਲੇ ਜੀਵਨ, ਕੰਮ ਦਾ ਬੋਝ ਤੇ ਮਾਨਸਿਕ ਤਣਾਓ ਹੋਣ ਦੇ ਨਾਲ-ਨਾਲ ਮੌਜੂਦਾ ਦੌਰ ਵਿਚ ਮਾੜੀਆਂ ਆਦਤਾਂ ਲੋਕਾਂ ਦੀਆਂ ਪ੍ਰੇਸ਼ਾਨੀਆਂ ਹੋਰ ਵਧਾ ਸਕਦੀਆਂ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦੀ ਸਰੀਰਕ ਊਰਜਾ ਘਟਦੀ ਜਾਂਦੀ ਹੈ।



ਨਸ਼ਿਆਂ ਬਾਰੇ ਪੰਜਾਬ ਹਾਈਕੋਰਟ ਸਖ਼ਤ : ਪੰਜਾਬ ਹਰਿਆਣਾ ਹਾਈ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਭਾਰਤ ਵਿਚ ਨਸ਼ਿਆਂ ਦੇ ਕੇਸਾਂ ਵਿਚ ਅਪਰਾਧ ਕਰ ਕੇ ਵਿਦੇਸ਼ ਦੌੜ ਜਾਣ ਵਾਲੇ ਮੁਲਜ਼ਮਾਂ ਅਤੇ ਉਨ੍ਹਾਂ ਨਾਲ ਗੰਢਤੁਪ ਕਰਨ ਤੇ ਮਦਦ ਕਰਨ ਵਾਲਿਆਂ ਨੂੰ ਦੇਸ਼ ਵਾਪਸ ਲੈ ਕੇ ਆਉਣਾ ਚਾਹੀਦਾ ਹੈ। ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠਲੇ ਬੈਂਚ ਨੇ ਆਖਿਆ ਕਿ ਪੰਜਾਬ ਅਤੇ ਕੁਝ ਹੋਰ ਰਾਜਾਂ ਵਿਚ ਨਸ਼ਿਆਂ ਦੀ ਵਰਤੋਂ ਦੀ ਸਮੱਸਿਆ ਬਹੁਤ ਗੰਭੀਰ ਹੁੰਦੀ ਜਾ ਰਹੀ ਹੈ। ਇਨ੍ਹਾਂ ਗਰੋਹਾਂ ਦੇ ਸਰਗਣੇ ਅਕਸਰ ਵਿਦੇਸ਼ ਵਿਚ ਬੈਠ ਕੇ ਧੰਦਾ ਚਲਾਉਂਦੇ ਹਨ ਅਤੇ ਜੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸੰਜੀਦਾ ਯਤਨ ਨਹੀਂ ਕਰਦੀਆਂ ਤਾਂ ਉਨ੍ਹਾਂ ਤੱਕ ਅੱਪੜਨਾ ਆਸਾਨ ਨਹੀਂ ਹੁੰਦਾ। ਬੈਂਚ ਨੇ ਆਖਿਆ ਕਿ ਮੁਲਜ਼ਮਾਂ ਨੂੰ ਭਗੌੜੇ ਐਲਾਨੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਸੰਪਤੀਆਂ ਜ਼ਬਤ ਤੇ ਕੁਰਕ ਕਰ ਕੇ ਕਾਨੂੰਨ ਨੂੰ ਅੰਜਾਮ ਤੱਕ ਪਹੁੰਚਾਉਣ ਦੀ ਲੋੜ ਹੈ।

ਅਦਾਲਤ ਦੀਆਂ ਇਹ ਹਦਾਇਤਾਂ ਇਕ ਕੇਸ ਦੀ ਸੁਣਵਾਈ ਦੌਰਾਨ ਦਿੱਤੀਆਂ ਗਈਆਂ ਹਨ ਜਿਸ ਵਿਚ ਤਿੰਨ ਮੁਲਜ਼ਮਾਂ ਰਣਜੀਤ ਸਿੰਘ, ਹਰਦੀਪ ਸਿੰਘ ਸੰਧੂ ਅਤੇ ਗੁਰਵਿੰਦਰ ਸਿੰਘ ਨੂੰ ਮਾਰਚ 2010 ਵਿਚ ਇਸ਼ਤਿਹਾਰੀ ਮੁਜਰਮ ਐਲਾਨਿਆ ਗਿਆ ਸੀ। ਬੈਂਚ ਨੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਦੀ ਤਰਫੋਂ ਪੇਸ਼ ਹੋਏ ਵਕੀਲ ਤੋਂ ਅਦਾਲਤੀ ਹੁਕਮਾਂ ਤੋਂ ਬਾਅਦ ਕੀਤੀ ਗਈ ਕਾਰਵਾਈ ਬਾਰੇ ਵੀ ਪੁੱਛਿਆ। ਇਸ 'ਤੇ ਵਕੀਲ ਨੇ ਜਵਾਬ ਦਿੱਤਾ ਕਿ ਇਸ਼ਤਿਹਾਰੀ ਮੁਜਰਮਾਂ ਦੀ ਚੱਲ ਅਤੇ ਅਚੱਲ ਸੰਪਤੀ ਜ਼ਬਤ ਕਰਨ ਦੀ ਕਾਰਵਾਈ ਲਈ ਕਈ ਕਦਮ ਚੁੱਕੇ ਗਏ ਹਨ। ਅਦਾਲਤੀ ਸੁਣਵਾਈ ਦੌਰਾਨ ਦੱਸਿਆ ਗਿਆ ਸੀ ਕਿ ਮੁਲਜ਼ਮ ਕੈਨੇਡਾ ਵਿਚ ਰਹਿ ਰਹੇ ਹਨ। ਜਦੋਂ ਉਨ੍ਹਾਂ ਦੀ ਸਪੁਰਦਗੀ ਲਈ ਕੀਤੇ ਗਏ ਯਤਨਾਂ ਬਾਰੇ ਪੁੱਛਿਆ ਗਿਆ ਤਾਂ ਵਕੀਲ ਨੇ ਦੱਸਿਆ ਕਿ ਇਸ ਸਬੰਧੀ ਸਿਰਫ ਲੁੱਕਆਊਟ ਨੋਟਿਸ ਭੇਜੇ ਗਏ ਸਨ।

## ਜੇਲ੍ਹਾਂ 'ਚ ਮੋਬਾਇਲ ਤੇ ਡਰੱਗ

ਸਾਡੀਆਂ ਜੇਲ੍ਹਾਂ ਵਰ੍ਹਿਆਂ ਤੋਂ ਘੋਰ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਰ ਹਨ। ਕਿਰਿਆਤਮਕ ਤੌਰ 'ਤੇ ਅਪਰਾਧੀ ਅਨਸਰਾਂ ਵਲੋਂ ਆਪਣੀਆਂ ਨਜਾਇਜ਼ ਸਰਗਰਮੀਆਂ ਚਲਾਉਣ ਦਾ ਸਰਕਾਰੀ ਹੈਡਕੁਆਰਟਰ ਅਤੇ ਐਸ਼ਗਾਹ ਬਣ ਕੇ ਰਹਿ ਗਈਆਂ ਹਨ। ਪਿਛਲੇ ਇਕ ਮਹੀਨੇ ਦੀਆਂ ਤਾਜ਼ਾਂ ਮਿਸਾਲਾਂ ਤੋਂ ਸਪੱਸ਼ਟ ਹੈ ਕਿ ਸਾਡੀਆਂ ਜੇਲ੍ਹਾਂ ਕਿਸ ਤਰ੍ਹਾਂ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ।

- ➢ 30 ਦਸੰਬਰ ਦੀ ਰਾਤ ਨੂੰ ਲੁਧਿਆਣਾ ਸੈਂਟਰਲ ਜੇਲ੍ਹ ਵਿਚ 5 ਵਿਚਾਰ ਅਧੀਨ ਕੈਦੀਆਂ ਦੇ ਕਬਜ਼ੇ ਵਿਚੋਂ ਬਿਸਤਰੇ ਵਿਚ ਲੁਕੋ ਕੇ ਰੱਖੇ ਮੋਬਾਇਲ ਫੋਨ ਬਰਾਮਦ ਹੋਣ ਤੋਂ ਇਲਾਵਾ ਜੇਲ ਕੰਪਲੈਕਸ ਵਿਚ ਵੱਖ-ਵੱਖ ਥਾਵਾਂ 'ਤੇ ਲਾਵਾਰਿਸ ਪਏ ਚਾਰ ਮੋਬਾਇਲ ਫੋਨ ਮਿਲੇ।
- ➢ 05 ਜਨਵਰੀ ਨੂੰ ਪਟਿਆਲਾ ਅਤੇ ਨਾਭਾ ਜੇਲ੍ਹ ਵਿਚ ਬੰਦ ਨਾਈਜੀਰੀਅਨਾਂ, ਜਿਨ੍ਹਾਂ ਵਿਚ ਦੋ ਔਰਤਾਂ ਹਨ, ਤੋਂ 14 ਮੋਬਾਇਲ ਫੋਨ ਬਰਾਮਦ ਹੋਏ।
- ➢ 10 ਜਨਵਰੀ ਨੂੰ ਲੁਧਿਆਣਾ ਸੈਂਟਰਲ ਜੇਲ੍ਹ ਵਿਚ ਨਸ਼ਾ ਤਸਕਰੀ ਦੇ ਦੋਸ਼ ਹੇਠ ਇਕ ਸਾਲ ਤੋਂ ਬੰਦ ਯੁਗਾਂਡਾ ਦੀ ਔਰਤ ਤੋਂ ਮੋਬਾਇਲ ਫੋਨ, ਬੀੜੀਆਂ ਦਾ ਬੰਡਲ, ਤੰਬਾਕੂ ਦਾ ਪੈਕੇਟ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ।
- ➢ 13 ਜਨਵਰੀ ਨੂੰ ਹੀ ਕਪੂਰਥਲਾ ਦੀ ਮਾਡਰਨ ਜੇਲ੍ਹ ਵਿਚ ਇਕ ਕੈਦੀ ਸਮੇਤ 2 ਵਿਅਕਤੀਆਂ ਵਿਰੁੱਧ ਨਜਾਇਜ਼ ਤੌਰ 'ਤੇ ਜੇਲ੍ਹ ਵਿਚ ਹੋਰ ਕੈਦੀਆਂ ਨੂੰ ਨਕਦ ਰਕਮ ਦੀ ਸਪਲਾਈ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ। ਇਹ ਲੋਕ ਅਜਿਹਾ ਕਰਨ ਲਈ ਕੈਦੀਆਂ ਦੇ ਪਰਿਵਾਰ ਵਾਲਿਅਆਂ ਤੋਂ 10 ਫੀਸਦੀ ਕਮਿਸ਼ਨ ਵਸੂਲ ਰਹੇ ਸਨ।
- ➢ 13 ਜਨਵਰੀ ਨੂੰ ਹੀ ਲੁਧਿਆਣਾ ਸੈਂਟਰਲ ਜੇਲ੍ਹ ਵਿਚ 4 ਹਵਾਲਾਤੀਆਂ ਦੇ ਕਬਜ਼ੇ ਵਿਚੋਂ 6 ਮੋਬਾਇਲ ਫੋਨ ਜ਼ਬਤ ਕੀਤੇ ਗਏ।
- ➢ 17 ਜਨਵਰੀ ਦੀ ਰਾਤ ਨੂੰ ਫਤਿਹਪੁਰ ਜੇਲ੍ਹ ਵਿਚ 3 ਹਵਾਲਾਤੀ ਆਪਣੀ ਬੈਰਕ ਵਿਚ ਮੋਬਾਇਲ ਫੋਨ ਚਲਾਉਂਦੇ ਫੜੇ ਗਏ। ਜਦੋਂ ਵਾਰਡਨ ਨੇ ਮੋਬਾਇਲ ਫੋਨ ਕਬਜ਼ੇ ਵਿਚ ਲੈਣਾ ਚਾਹਿਆਂ ਤਾਂ ਉਨ੍ਹਾਂ ਨੇ ਉਸ ਨੂੰ ਬੰਧਕ ਬਣਾ ਲਿਆ, ਜਿਸ ਨੂੰ ਜੇਲ੍ਹ ਅਧਿਕਾਰੀਆਂ ਨੇ ਬੜੀ ਮੁਸ਼ਕਿਲ ਨਾਲ ਛੁਡਾਇਆ।
- ➢ 19 ਜਨਵਰੀ ਨੂੰ ਸੈਂਟਰਲ ਜੇਲ ਫਿਰੋਜ਼ਪੁਰ ਵਿਚ ਬੰਦ ਆਪਣੇ ਦਿਓਰ ਨੂੰ ਨਸ਼ਾ ਪਹੁੰਚਾਉਣ ਪਹੁੰਚੀ ਔਰਤ ਨੂੰ ਜੇਲ੍ਹ ਮੁਲਾਜ਼ਮਾਂ ਨੇ ਗ੍ਰਿਫ਼ਤਾਰ ਕਰ ਲਿਆ। ਔਰਤ ਨੇ ਆਪਣੇ ਪ੍ਰਾਈਵੇਟ ਪਾਰਟ ਵਿਚ ਨਸ਼ੇ ਵਾਲੀਆਂ 234 ਗੋਲੀਆਂ ਲੁਕੋਈਆਂ ਹੋਈਆਂ ਸਨ।
- ➢ 20 ਜਨਵਰੀ ਨੂੰ ਕਪੂਰਥਲਾ ਦੀ ਮਾਡਰਨ ਜੇਲ੍ਹ ਦੀ ਤਲਾਸ਼ੀ ਦੌਰਾਨ 3 ਕੈਦੀਆਂ ਤੋਂ 2 ਮੋਬਾਇਲ ਫੋਨ, 2 ਬੈਟਰੀਆਂ ਤੇ ਸਿਮ ਕਾਰਡ ਜ਼ਬਤ ਕੀਤਾ ਗਿਆ।
- ➢ 22 ਜਨਵਰੀ ਨੂੰ ਹਿੰਸਾ ਤੋਂ ਪ੍ਰਭਾਵਿਤ ਜੰਮੂ-ਕਸ਼ਮੀਰ ਦੀ ਕੋਟ ਭਲਵਾਲ ਜੇਲ੍ਹ, ਜਿੱਥੇ ਕਈ ਨਾਮੀ ਦੇਸੀ ਵਿਦੇਸ਼ੀ ਖਾੜਕੂ ਰੱਖੇ ਗਏ ਹਨ, ਤੋਂ 2 ਮੋਬਾਇਲ ਫੋਨ ਅਤੇ 3 ਪੈਨ ਡ੍ਰਾਈਵਾਂ ਤੋਂ ਇਲਾਵਾ 1 ਚਾਕੂ ਜ਼ਬਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੋਟ ਭਲਵਾਲ ਜੇਲ੍ਹ ਪਹਿਲਾਂ ਵੀ ਕਈ ਵਿਵਾਦਾਂ ਵਿਚ ਰਹਿ ਚੁੱਕੀ ਹੈ ਤੇ ਇਥੇ ਦੋ ਵਾਰ ਖਤਰਨਾਕ ਅਪਰਾਧੀ ਫਰਾਰ ਹੋ ਚੁੱਕੇ ਹਨ।
- ➢ 23 ਜਨਵਰੀ ਨੂੰ ਨਾਭਾ ਜੇਲ੍ਹ ਦੀ ਬਹੁਤ ਜ਼ਿਆਦਾ ਸੁਰੱਖਿਆ ਵਾਲੀ ਜੇਲ ਵਿਚ ਤਲਾਸ਼ੀ ਦੌਰਾਨ 12 ਮੋਬਾਇਲ ਫੋਨ, ਚਾਰਜਰ, ਸਿਮ, ਇਕ ਇੰਟਰਨੈਟ ਡੋਂਗਲ, 2 ਈਅਰ ਫੋਨ ਅਤੇ ਫਰੀਦਕੋਟ ਜੇਲ੍ਹ ਵਿਚੋਂ 6 ਸਮਾਰਟਫੋਨ ਜ਼ਬਤ ਕੀਤੇ ਗਏ। ਨਾਭਾ ਜੇਲ੍ਹ ਵਿਚ ਥ੍ਰੀ-ਜੀ ਦਾ ਜੈਮਰ ਲੱਗਾ ਹੋਇਆ ਹੈ, ਜਦਕਿ ਕੈਦੀ 4-ਜੀ ਨੈਟਵਰਕ ਵਾਲੇ ਮੋਬਾਇਲ ਫੋਨ ਇਸਤੇਮਾਲ ਕਰਕੇ ਨਾ ਸਿਰਫ ਆਪਣੀ ਫੇਸਬੁੱਕ ਅਪਡੇਟ ਕਰਦੇ ਹਨ, ਸਗੋਂ ਜੇਲ੍ਹ ਤੋਂ ਬਾਹਰ ਆਪਣੇ ਸਾਥੀਆਂ ਨਾਲ ਵੀ ਸੰਪਰਕ ਬਣਾਈ ਰੱਖਦੇ ਹਨ ਅਤੇ ਨਸ਼ਿਆਂ ਦੀ ਤਸਕਰੀ ਆਦਿ ਦਾ ਆਪਣਾ ਨੈਟਵਰਕ ਚਲਾਉਂਦੇ ਹਨ।
- ➢ ਇਸੇ ਦਿਨ ਸੈਂਟਰਲ ਜੇਲ੍ਹ ਫਿਰੋਜ਼ਪੁਰ ਵਿਚ ਕੈਦੀਆਂ ਤੋਂ 6 ਮੋਬਾਇਲ ਫੋਨ ਤੇ ਨਸ਼ੇ ਵਾਲੇ ਪਦਾਰਥ ਫੜੇ ਗਏ।

ਸਾਡੀਆਂ ਜੇਲ੍ਹਾਂ ਵਿਚ ਪ੍ਰਬੰਧਾਂ ਦਾ ਇੰਨਾ ਬੁਰਾ ਹਾਲ ਹੈ ਕਿ ਉੱਥੇ ਮੋਬਾਇਲ ਫੋਨ, ਬਾਹਰਲੀ ਦੁਨੀਆਂ ਨਾਲ ਸੰਪਰਕ ਕਰਨ ਵਿਚ ਸਹਾਇਕ ਹੋਰ ਇਲੈਕਟਰਾਨਿਕ ਯੰਤਰ, ਨਸ਼ੇ ਵਾਲੇ ਪਦਾਰਥ, ਚਾਕੂ, ਛੁਰੀਆਂ ਅਤੇ ਹੋਰ ਚੀਜ਼ਾਂ ਬਰਾਮਦ ਹੋ ਰਹੀਆਂ ਹਨ। ਜੇਲ੍ਹਾਂ ਵਿਚ ਬੰਦ ਕੈਦੀ 4-ਜੀ ਨੈਟਵਰਕ ਦੇ ਮੋਬਾਇਲ ਇਸਤੇਮਾਲ ਕਰ ਰਹੇ ਹਨ, ਜਿਨ੍ਹਾਂ ਨੂੰ ਕੰਮ ਕਰਨ ਤੋਂ ਰੋਕਣ ਵਿਚ ਜੇਲ੍ਹਾਂ ਵਿਚ ਲੱਗੇ ਜੈਮਰ ਨਕਾਮ ਸਿੱਧ ਹੋ ਰਹੇ ਹਨ। ਸਪੱਸ਼ਟ ਹੈ ਕਿ ਜਦੋਂ ਤੱਕ ਜੇਲ੍ਹਾਂ ਵਿਚ ਸੁਰੱਖਿਆ ਪ੍ਰਣਾਲੀ ਮਜ਼ਬੂਤ ਨਹੀਂ ਬਣਾਈ ਜਾਂਦੀ, ਉਥੋਂ ਦਾ ਮਾਹੌਲ ਅਤੇ ਅਨੁਸ਼ਾਸ਼ਨ ਨਹੀਂ ਸੁਧਾਰਿਆ ਜਾਂਦਾ, ਪ੍ਰਸ਼ਾਸ਼ਨ ਨੂੰ ਚੁਸਤ ਅਤੇ ਜੁਆਬਦੇਹ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਉਥੇ ਸਭ ਹੁੰਦਾ ਹੀ ਰਹੇਗਾ, ਜਿਸ ਨੂੰ ਰੋਕਣ ਲਈ ਫੌਰਨ ਕਦਮ ਚੁੱਕਣ ਦੀ ਲੋੜ ਹੈ।

# ਇਸਾਈ ਮੱਤ ਦੇ ਮਾਡਰਨ ਡੇਰੇਦਾਰਾਂ ਦਾ ਪੰਜਾਬ ਵਿਚ ਬੋਲਬਾਲਾ

- ਸਾਦਗੀ ਦੀ ਥਾਂ ਚਮਕ-ਦਮਕ ਦੇ ਮਾਲਕ ਨੇ ਨੌਜਵਾਨ ਡੇਰੇਦਾਰ
- ਸੋਸ਼ਲ ਮੀਡੀਆ ਬਣਿਆ ਪ੍ਰਚਾਰਕਾਂ ਲਈ ਵਰਦਾਨ
- ਸਾਧ ਬਜਿੰਦਰ ਸਿੰਘ ਹਰਿਆਣਵੀਂ ਫਸ ਚੁੱਕਾ ਹੈ ਬਲਾਤਕਾਰ ਦੇ ਕੇਸ 'ਚ
- 6 ਸਾਲ ਪਹਿਲਾਂ ਨਸ਼ਿਆਂ ਦੇ ਐਬ 'ਚ ਪਿਆ ਇੰਜੀਨੀਅਰ ਬਾਬਾ ਅੰਕੁਰ ਨਰੂਲਾ ਲੋਕਾਂ ਦੀਆਂ ਪ੍ਰਾਰਥਨਾ ਨਾਲ ਕਰ ਰਿਹਾ ਏ ਬਿਮਾਰੀਆਂ ਦੂਰ ਕਰਨ ਦਾ ਡਰਾਮਾ

**ਜਲੰਧਰ/ਬਿਊਰੋ ਨਿਊਜ਼ :**

ਜਲੰਧਰ ਦੇ ਇਕ ਪਿੰਡ ਖਾਂਬਰਾ ਵਿਚ 6 ਕੁ ਸਾਲ ਪਹਿਲਾਂ ਨਸ਼ਿਆਂ ਦੇ ਐਬ ਵਿਚ ਪਏ ਇੰਜੀਨੀਅਰਿੰਗ ਦੇ ਦਰਮਿਆਨੇ ਪਰਿਵਾਰ ਦੇ ਨੌਜਵਾਨ ਅੰਕੁਰ ਨਰੂਲਾ ਨੇ ਪ੍ਰਾਰਥਨਾ ਰਾਹੀਂ ਪੀੜਤ ਲੋਕਾਂ ਦੀਆਂ ਬਿਮਾਰੀਆਂ ਦੂਰ ਕਰਨ ਦਾ ਅਜਿਹਾ ਡਰਾਮਾ ਰਚਿਆ ਕਿ ਉਸ ਨੇ ਥੋੜ੍ਹੇ ਹੀ ਸਮੇਂ ਵਿਚ ਹੁਣ ਆਪਣੇ ਘਰ ਵਾਲੀ ਜਗ੍ਹਾ ਛੱਡ ਕੇ ਪਿੰਡ ਦੇ ਨਾਲ ਲਗਦੀ ਮਹਿੰਗੇ ਭਾਅ ਦੀ 30 ਏਕੜ ਦੇ ਕਰੀਬ ਜ਼ਮੀਨ ਖ਼ਰੀਦ ਲਈ ਹੈ ਤੇ ਚਾਰ ਏਕੜ ਵਿਚ ਇਕ ਵੱਡਾ ਆਲੀਸ਼ਾਨ ਗਿਰਜਾ ਘਰ ਉਸਾਰਿਆ ਜਾ ਰਿਹਾ ਹੈ ਤੇ ਬਾਕੀ ਥਾਂ ਵਿਚ ਤੰਬੂ ਲਗਾ ਕੇ ਹਫ਼ਤੇ ਵਿਚ ਦੋ ਵਾਰ ਪ੍ਰਾਰਥਨਾ ਸਭਾ (ਸਤਿਸੰਗ) ਕੀਤੀ ਜਾਂਦੀ ਹੈ। ਇਸ ਸਤਿਸੰਗ ਵਿਚ ਹਰ ਹਫ਼ਤੇ ਐਤਵਾਰ ਨੂੰ 25-30 ਹਜ਼ਾਰ ਦੇ ਕਰੀਬ ਸੰਗਤ ਹਾਜ਼ਰੀ ਭਰਦੀ ਦੱਸੀ ਜਾਂਦੀ ਹੈ।

ਇਸ ਤੋਂ ਡੇਢ-ਦੋ ਕਿਲੋਮੀਟਰ ਦੂਰ ਪਿੰਡ ਤਾਜਪੁਰ ਹੈ, ਜਿਥੇ ਪਿੰਡ ਦੇ ਬਾਹਰ ਇਕ ਹਰਿਆਣਵੀ ਜਾਟ ਬਜਿੰਦਰ ਸਿੰਘ ਇਹੋ ਜਿਹਾ ਹੀ ਅਡੰਬਰ ਚਲਾ ਰਿਹਾ ਹੈ। ਇਸ ਹਰਿਆਣਵੀ ਜਾਟ ਨੇ ਨਿਊ ਚੰਡੀਗੜ੍ਹ ਵਿਚ ਵੀ ਅਜਿਹਾ ਹੀ ਇਕ ਕੇਂਦਰ ਖੋਲ੍ਹਿਆ ਹੈ। ਦੋਵੇਂ ਥਾਂ ਉਹ ਬੁੱਧਵਾਰ ਤੇ ਐਤਵਾਰ ਸਮਾਗਮ ਕਰਦਾ ਹੈ। ਪਿਛਲੇ ਵਰ੍ਹੇ ਬਜਿੰਦਰ ਸਿੰਘ ਨੂੰ ਬਲਾਤਕਾਰ ਤੇ ਠੱਗੀ ਮਾਰਨ ਦੇ ਦੋਸ਼ ਵਿਚ ਦਿੱਲੀ ਹਵਾਈ ਅੱਡੇ ਤੋਂ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ ਤੇ ਕੁਝ ਸਮਾਂ ਜੇਲ੍ਹ ਵਿਚ ਰਹਿਣ ਬਾਅਦ ਹੁਣ ਜ਼ਮਾਨਤ 'ਤੇ ਹੈ। ਉਸ ਵਲੋਂ ਤੰਬੂ ਲਗਾ ਕੇ ਕੀਤੇ ਜਾ ਰਹੇ ਸਤਿਸੰਗ ਵਿਚ ਡੇਢ ਕੁ ਸਾਲ ਵਿਚ ਹੀ ਹਰ ਐਤਵਾਰ 10 ਹਜ਼ਾਰ ਤੋਂ ਵਧੇਰੇ ਲੋਕ ਹਾਜ਼ਰੀ ਭਰਨ ਆਉਂਦੇ ਹਨ।

ਇਹੋ ਜਿਹਾ ਇਕ ਹੋਰ ਕੇਂਦਰ ਜਲੰਧਰ-ਕਪੂਰਥਲਾ ਸੜਕ 'ਤੇ ਪੈਂਦੇ ਪਿੰਡ ਖੋਜੇਵਾਲ ਵਿਚ ਹੈ। ਇੱਥੇ ਵਧੇਰੇ ਜੱਟ ਸਿੱਖ ਵਸੋਂ ਰਹਿੰਦੀ ਹੈ। ਇਸ ਪਿੰਡ ਵਿਚ ਪਿਛਲੇ 7-8 ਸਾਲ ਤੋਂ ਨੌਜਵਾਨ ਹਰਪ੍ਰੀਤ ਦਿਓਲ ਨੇ ਜਦੋਂ ਤੋਂ ਇਸ ਕੇਂਦਰ ਦੀ ਕਮਾਨ ਸੰਭਾਲੀ ਹੈ ਤਾਂ ਇਸ



ਦੇ ਆਕਾਰ ਵਿਚ ਵੱਡਾ ਵਾਧਾ ਹੋਇਆ ਹੈ। ਹੁਣ ਇਥੇ ਪਿੰਡ ਵਿਚ ਹੀ ਇਕ ਛੋਟੀ ਜਿਹੀ ਇਮਾਰਤ ਵਿਚ ਚੱਲ ਰਹੇ ਪ੍ਰਚਾਰ ਕੇਂਦਰ ਦੇ ਨਾਲ ਬੇਸਮੈਂਟ ਵਾਲਾ ਇਕ ਵੱਡ ਆਕਾਰੀ ਓਪਨ ਡੋਰ ਚਰਚ ਉਸਰ ਰਿਹਾ ਹੈ ਤੇ ਹਫ਼ਤੇ ਵਿਚ ਦੋ ਵਾਰ ਹੋਣ ਵਾਲੇ ਸਤਿਸੰਗ ਲਈ ਪਿੰਡ ਦੇ ਨਾਲ ਲਗਦੀ ਢਾਈ ਏਕੜ ਜ਼ਮੀਨ ਖ਼ਰੀਦ ਕੇ ਉਥੇ ਸ਼ੈੱਡ ਉਸਾਰਿਆ ਗਿਆ ਹੈ।

ਇਸਾਈ ਮੱਤ ਦੇ ਡੇਰਿਆਂ ਦਾ ਉਭਾਰ : ਨਵੇਂ ਉੱਭਰ ਰਹੇ ਇਹ ਤਿੰਨੋਂ ਨੌਜਵਾਨ ਪ੍ਰਚਾਰਕ 35-40 ਸਾਲ ਦੀ ਉਮਰ ਦੇ ਹਨ ਤੇ ਇਹ ਯਿਸੂ ਮਸੀਹ ਦੇ ਪੈਰੋਕਾਰ ਬਣ ਕੇ ਪ੍ਰਚਾਰ ਕਰਨ ਦਾ ਦਾਅਵਾ ਕਰਦੇ ਹਨ। ਸਾਰਿਆਂ ਦੀ ਟੇਕ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਆਪਣੇ ਡੇਰਿਆਂ ਵਿਚ ਇਜਾਫਾ ਕਰਨਾ ਹੈ। ਪਹਿਲੀ ਵਾਰ ਹੈ ਕਿ ਪੰਜਾਬ ਵਿਚ ਯਿਸੂ ਮਸੀਹ ਦੇ ਮੁੱਖ ਪ੍ਰਚਾਰਕ ਕੋਈ ਪੰਜਾਬੀ ਜਾਂ ਹਰਿਆਣਵੀ ਜਾਟ ਬਣੇ ਹਨ। ਇਹ ਤਿੰਨੇ ਮੁੱਖ ਪ੍ਰਚਾਰਕ ਗ਼ੈਰ-ਇਸਾਈ ਧਰਮਾਂ ਵਿਚੋਂ ਆਏ ਹਨ। ਹਰਪ੍ਰੀਤ ਸਿੰਘ ਦਿਓਲ ਜੱਟ ਸਿੱਖ ਪਰਿਵਾਰ ਪਿਛੋਕੜ ਵਾਲਾ ਹੈ, ਜਦ ਕਿ ਅੰਕੁਰ ਨਰੂਲਾ ਖੱਤਰੀ ਪਰਿਵਾਰ ਨਾਲ ਸਬੰਧਿਤ ਹੈ ਤੇ ਬਜਿੰਦਰ ਸਿੰਘ ਹਰਿਆਣਵੀ ਜਾਟ ਹੈ। ਉਕਤ ਪਿੰਡਾਂ ਦੇ ਲੋਕ ਕੁਝ ਹੀ ਸਾਲਾਂ ਵਿਚ ਇਨ੍ਹਾਂ ਡੇਰਿਆਂ ਦੀ ਧਨ ਦੌਲਤ ਵਿਚ ਹੋਏ ਵਾਧੇ ਤੋਂ ਹੈਰਾਨ ਹਨ। ਇਨਕਮ ਟੈਕਸ ਵਿਭਾਗ ਤੇ ਸਰਕਾਰੀ ਪ੍ਰਸ਼ਾਸਨ ਨੇ ਇਸ ਸੰਬੰਧੀ ਕੋਈ ਜਾਂਚ ਨਹੀਂ ਕੀਤੀ ਕਿ ਇਹ ਪੈਸਾ ਕਿੱਥੋਂ ਆਇਆ ਹੈ ਤੇ ਕੌਣ ਭੇਜ ਰਿਹਾ ਹੈ। ਇਸ ਤੋਂ ਪਹਿਲਾਂ ਇਸਾਈ ਧਰਮ ਦੇ ਪ੍ਰਚਾਰਕ ਪਾਦਰੀ ਆਮ ਕਰਕੇ ਕੇਰਲ ਵਾਸੀ ਹੀ ਰਹੇ ਹਨ ਤੇ ਸੰਗਤ ਪੰਜਾਬੀ ਹੁੰਦੀ ਹੈ। ਇਸਾਈ ਧਰਮ ਦੇ ਉਸਰ ਰਹੇ ਇਨ੍ਹਾਂ ਡੇਰਿਆਂ ਦੇ ਮੁਖੀ ਬਾਈਬਲ ਵਿਚੋਂ ਆਇਤਾਂ ਪੜ੍ਹਦੇ ਹਨ ਤੇ ਯਿਸੂ ਮਸੀਹ ਦੇ ਨਾਂਅ 'ਤੇ ਪ੍ਰਾਰਥਨਾ ਕਰਦੇ ਹਨ। ਰਵਾਇਤੀ ਪਾਦਰੀ ਜਿਥੇ ਵਿਆਹੁਤਾ ਜੀਵਨ ਤੋਂ ਦੂਰ ਰਹਿੰਦੇ ਹਨ, ਉਥੇ ਨਰੂਲਾ ਅਤੇ ਦਿਓਲ ਸ਼ਾਦੀਸ਼ੁਦਾ ਤੇ ਉਨ੍ਹਾਂ ਦੀਆਂ ਪਤਨੀਆਂ ਵੀ ਪ੍ਰਚਾਰਕਾਂ ਵਜੋਂ ਸਰਗਰਮ ਹਨ ਤੇ ਉਹ ਬਾਲ-ਬੱਚੇਦਾਰ ਹਨ। ਪਰ ਇਨ੍ਹਾਂ ਡੇਰਿਆਂ ਦਾ ਇਥੇ ਚੱਲ ਰਹੇ ਰਵਾਇਤੀ ਕੈਥੋਲਿਕ ਜਾਂ ਹੋਰ ਚਰਚਾਂ ਨਾਲ ਕੋਈ ਸਬੰਧ ਨਹੀਂ।

ਫਾਈਵ ਸਟਾਰ ਜ਼ਿੰਦਗੀ ਜਿਊਣ ਵਾਲੇ ਪ੍ਰਚਾਰਕ : ਇਸਾਈ ਡੇਰਿਆਂ ਦੇ ਇਹ ਨਵੇਂ ਪ੍ਰਚਾਰਕ ਸ਼ਾਹੀ ਠਾਠ-ਬਾਠ ਜ਼ਿੰਦਗੀ ਜਿਊਣ ਵਾਲੇ ਹਨ। ਰਵਾਇਤੀ ਪਾਦਰੀਆਂ ਵਾਂਗ ਚੋਲੇ ਪਾ ਕੇ ਸਾਦਗੀ ਭਰੀ ਜ਼ਿੰਦਗੀ ਦੀ ਥਾਂ ਇਹ ਨਵੇਂ ਪ੍ਰਚਾਰਕ ਮਹਿੰਗੀਆਂ ਕਾਰਾਂ ਝੂਟਦੇ ਹਨ, ਆਲੀਸ਼ਾਨ ਬੰਗਲੇ ਬਣਾ ਕੇ ਰਹਿੰਦੇ ਹਨ ਅਤੇ ਮਹਿੰਗੀਆਂ ਘੜੀਆਂ ਤੇ ਪੁਸ਼ਾਕਾਂ ਪਾਉਣ ਦੇ ਸ਼ੌਕੀਨ ਹਨ। ਰੂਹਾਨੀਅਤ ਤੇ ਸਾਦਗੀ ਦੀ ਮੂਰਤ ਦੀ ਥਾਂ ਗਲੈਮਰਜ਼ ਜੀਵਨ ਸ਼ੈਲੀ ਦੇ ਧਾਰਨੀ ਹਨ। ਆਲੀਸ਼ਾਨ ਘਰਾਂ ਵਿਚੋਂ ਨਿਕਲ ਕੇ ਜਦ ਇਹ ਪ੍ਰਚਾਰਕ ਸਤਿਸੰਗ ਵਾਲੀ ਜਗ੍ਹਾ ਪੁੱਜਦੇ ਹਨ ਤਾਂ ਉਨ੍ਹਾਂ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਰੱਖਣ ਲਈ ਬਾਸਰ (ਨਿੱਜੀ ਅੰਗ ਰੱਖਿਅਕ) ਪਰਛਾਵੇਂ ਵਾਂਗ ਉਨ੍ਹਾਂ ਦੇ ਦੁਆਲੇ ਘੇਰਾ ਘੱਤੀ ਰੱਖਦੇ ਹਨ। ਇਹ ਪ੍ਰਚਾਰਕ ਆਮ ਲੋਕਾਂ ਵਿਚ ਜਾਣ ਤੇ ਉਨ੍ਹਾਂ ਨਾਲ ਘੁਲਣ-ਮਿਲਣ ਤੋਂ ਗੁਰੇਜ਼ ਹੀ ਕਰਦੇ ਹਨ। ਖੋਜੇਵਾਲਾ ਦੇ ਲੋਕ ਕਹਿ ਰਹੇ ਸਨ ਕਿ ਹਰਪ੍ਰੀਤ ਸਿੰਘ ਦਿਓਲ ਪਿੰਡ ਵਿਚ ਰਹਿੰਦੇ ਤਾਂ ਹਨ ਪਰ ਮਿਲਦੇ-ਜੁਲਦੇ ਕਿਸੇ ਨੂੰ ਨਹੀਂ ਤੇ ਨਾ ਹੀ ਕਿਸੇ ਦੇ ਸਮਾਜਿਕ ਸਮਾਗਮ ਵਿਚ ਹੀ ਸ਼ਾਮਿਲ ਹੁੰਦੇ ਹਨ। ਅੰਕੁਰ ਨਰੂਲਾ ਵੀ ਆਮ ਮਿਲਣ ਤੋਂ ਗੁਰੇਜ਼ ਕਰਦੇ ਹਨ ਤੇ ਜਦ ਉਹ ਚਰਚ ਆਉਂਦਾ ਹੈ ਤਾਂ ਸਭ ਭਗਤਾਂ ਨੂੰ ਵਲੰਟੀਅਰਾਂ ਵਲੋਂ ਆਸੇ-ਪਾਸੇ ਕਰ ਦਿੱਤਾ ਜਾਂਦਾ ਹੈ। ਇਹ ਪ੍ਰਚਾਰਕ ਸਿਰਫ ਪ੍ਰਾਰਥਨਾ ਸਮੇਂ ਹੀ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਹਨ, ਉਹ ਰਵਾਇਤੀ ਪ੍ਰਚਾਰਕਾਂ ਵਾਂਗ ਬੈਠ ਕੇ ਕਥਾ ਕੀਰਤਨ ਜਾਂ ਪ੍ਰਾਰਥਨਾ ਕਰਨ ਦੀ ਥਾਂ ਬੜੇ ਦਿਲਖਿੱਚਵੇਂ ਅੰਦਾਜ਼ ਵਿਚ ਵੱਡੀ ਉੱਚੀ ਲੰਮੀ ਸਟੇਜ ਤੋਂ



ਹੱਥ ਵਿਚ ਮਾਈਕ ਫੜੀ ਵੱਡੇ ਗਾਇਕਾਂ ਵਾਂਗ ਤੁਰਦੇ-ਫਿਰਦੇ ਲੋਕਾਂ ਨੂੰ ਉਪਦੇਸ਼ ਦਿੰਦੇ ਨਵੀਂ ਪੀੜ੍ਹੀ ਨੂੰ ਵਧੇਰੇ ਆਕਰਸ਼ਤ ਕਰ ਰਹੇ ਹਨ। ਖ਼ਾਂਬਰਾ ਵਿਖੇ ਅੰਕੁਰ ਨਰੂਲਾ ਦੇ ਸਤਿਸੰਗ ਵਿਚ ਤਾਂ ਨੌਜਵਾਨ ਮੁੰਡੇ-ਕੁੜੀਆਂ ਸਾਜ਼ਾਂ ਦੀ ਤਾਲ 'ਤੇ ਪ੍ਰਭੂ ਯਿਸੂ ਦੇ ਗੁਣਗਾਣ ਵਿਚ ਮਦਹੋਸ਼ ਹੋਏ ਖ਼ੂਬ ਨੱਚਦੇ, ਟੱਪਦੇ ਤੇ ਤਾੜੀਆਂ ਵਜਾਉਂਦੇ ਵੀ ਨਜ਼ਰ ਆਉਂਦੇ ਹਨ। ਸੋਸ਼ਲ ਮੀਡੀਆ ਉਕਤ ਡੇਰੇਦਾਰਾਂ ਦੇ ਪ੍ਰਚਾਰ ਤੇ ਫੈਲਾਅ ਦਾ ਵੱਡਾ ਜ਼ਰੀਆ ਬਣਿਆ ਹੋਇਆ ਹੈ। ਤਿੰਨੇ ਹੀ ਪ੍ਰਚਾਰਕ ਸੋਸ਼ਲ ਮੀਡੀਆ ਦੀ ਖ਼ੂਬ ਵਰਤੋਂ ਕਰਦੇ ਹਨ। ਉਨ੍ਹਾਂ ਦਾ ਹਰ ਸਤਿਸੰਗ ਆਨਲਾਈਨ ਹੁੰਦਾ ਹੈ। ਯੂ. ਟਿਊਬ 'ਤੇ ਇਹ ਵੀਡੀਓ ਫ਼ਿਲਮਾਂ ਆਮ ਚਲਦੀਆਂ ਹਨ, ਫੇਸਬੁੱਕ, ਵੈੱਬ ਟੀ. ਵੀ. ਆਦਿ ਰਾਹੀਂ ਉਨ੍ਹਾਂ ਦੇ ਪ੍ਰੋਗਰਾਮ ਦੁਨੀਆ ਭਰ ਵਿਚ ਵੇਖੇ ਜਾ ਸਕਦੇ ਹਨ। ਨਰੂਲਾ ਤੇ ਦਿਓਲ ਦੇ ਪ੍ਰੋਗਰਾਮ ਦੂਰਦਰਸ਼ਨ 'ਤੇ ਵੀ ਚਲਦੇ ਹਨ।

'ਭੂਤਾਂ' ਤੋਂ ਮੁਕਤੀ ਦੇ ਦਾਅਵੇ : ਜਦੋਂ ਧਰਮ ਯੁੱਧ ਮੋਰਚਾ ਪੰਜਾਬ ਵਿਚ ਚੱਲਿਆ ਸੀ ਤਾਂ ਇਕ ਸਰਕਾਰੀ ਸਾਜ਼ਿਸ਼ ਨਾਲ ਡੇਰੇਦਾਰਾਂ ਦਾ ਇਕ ਵੱਡਾ ਅਡੰਬਰ ਖੜਾ ਕਰ ਦਿੱਤਾ ਗਿਆ ਸੀ। ਨਿਰੰਕਾਰੀ ਮਿਸ਼ਨ, ਰਾਧਾ ਸੁਆਮੀ ਤੇ ਬਾਅਦ ਵਿਚ ਡੇਰਾ ਸਿਰਸਾ, ਨੂਰਮਹਿਲੀਏ ਆਸ਼ੂਤੋਸ਼ ਤੇ ਭਨਿਆਰੇ ਵਾਲੇ ਬਾਬੇ ਵਰਗੇ ਅਨੇਕ ਡੇਰੇ ਹਰ ਧਰਮ ਦੇ ਲੋਕਾਂ ਖ਼ਾਸ ਕਰ ਪੰਜਾਬ ਦੇ ਗ਼ਰੀਬ ਤੇ ਪਛੜੇ ਵਰਗ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਬਣੇ। ਹੁਣ ਪੁਰਾਣੇ ਘਸੇ-ਪਿਟੇ ਕੌਤਕਾਂ ਨੂੰ ਅੱਜ ਗਲੈਮਰ ਦੇ ਲਬਾਦੇ ਵਿਚ ਲਪੇਟ ਕੇ ਅਜਿਹੇ ਨਵੇਂ ਧਾਰਮਿਕ ਅਲੰਬਰਦਾਰ ਲੋਕਾਂ ਨੂੰ ਪਰੋਸਣ ਲੱਗੇ ਹਨ। ਅਨੇਕ ਤਰ੍ਹਾਂ ਦੀਆਂ ਬਿਮਾਰੀਆਂ ਦੇ ਗੰਭੀਰ ਮਰੀਜ਼ ਇੱਥੇ ਆਉਂਦੇ ਹਨ। ਮਾਨਸਿਕ ਤੌਰ 'ਤੇ ਪ੍ਰੇਸ਼ਾਨ ਮਜਬੂਰ ਲੋਕ ਇਨ੍ਹਾਂ ਦੇ ਬੋਲਾਂ ਉਪਰ ਨੱਚਦੇ ਹਨ। ਇੱਥੋਂ ਤੱਕ ਕਿ ਬਾਹਰਲੇ ਦੇਸ਼ਾਂ ਦੇ ਵੀਜ਼ੇ ਲਗਾਉਣ, ਵਿਆਹ ਤੇ ਔਲਾਦ ਦਾ ਸੁਖ ਪ੍ਰਾਪਤ ਕਰਨ ਵਰਗੀਆਂ ਮੁਰਾਦਾਂ ਪੂਰੀਆਂ ਕਰਵਾਉਣ ਲਈ ਵੀ ਲੋਕ ਇੱਥੇ ਆ ਕੇ ਝੋਲੀਆਂ ਅੱਡਦੇ ਦੇਖੇ ਜਾਂਦੇ ਹਨ। ਸੰਤਾਨ ਸੁੱਖ ਪਾਉਣ ਤੇ ਵਿੱਦਿਆ ਦਾਨ ਹਾਸਲ ਕਰਨ ਲਈ ਕਈ ਲੋਕ ਪ੍ਰਾਰਥਨਾ ਕਰਦੇ ਦੇਖੇ ਜਾਂਦੇ ਹਨ। ਇਨ੍ਹਾਂ ਡੇਰਿਆਂ ਦੇ ਮੁੱਖ ਪ੍ਰਚਾਰਕ ਗੰਭੀਰ ਤੋਂ ਗੰਭੀਰ ਬਿਮਾਰੀਆਂ ਦੇ ਫੋਕੇ ਮੰਤਰਾਂ ਨਾਲ ਇਲਾਜ ਕਰਨ ਤੇ ਵੀਜ਼ੇ ਲਗਵਾਉਣ ਤੋਂ ਲੈ ਕੇ ਔਲਾਦ ਦੀ ਮੁਰਾਦ ਪੂਰੀ ਕਰਨ ਦੇ ਖੁੱਲ੍ਹੇਆਮ ਐਲਾਨ ਕਰਦੇ ਹਨ। ਮੁੱਖ ਪ੍ਰਚਾਰਕ ਸਟੇਜਾਂ ਉਪਰੋਂ 'ਸ਼ੈਤਾਨ' ਤੋਂ ਰੂਹਾਂ ਮੁਕਤ ਕਰਵਾਉਣ ਲਈ ਹੱਥਾਂ ਵਿਚ ਮਾਈਕ ਫੜ ਕੇ 'ਹਲੇਲੂਈਆ' ਦੇ ਲਲਕਾਰੇ ਮਾਰਦੇ ਸਟੇਜਾਂ ਉੱਪਰ ਘੁੰਮਦੇ ਹਨ। ਹਜ਼ਾਰਾਂ ਦੀ ਗਿਣਤੀ ਵਾਲੇ ਪੰਡਾਲ ਵਿਚ ਸ਼ਾਮਿਲ ਲੋਕ ਖੁਦ ਵੀ ਹੱਥ ਖੜ੍ਹੇ ਕਰਕੇ ਸਿਰ ਮਾਰਦੇ ਹੋਏ ਨੱਚਣ-ਟੱਪਣ ਲਗਦੇ ਹਨ। ਇਕ ਵੇਲਾ ਅਜਿਹਾ ਆਉਂਦਾ ਹੈ ਕਿ ਬਹੁਤ ਸਾਰੀਆਂ ਔਰਤਾਂ ਮੰਤਰ ਮੁਗਧ ਹੋਈਆਂ ਸਟੇਜ ਅੱਗੇ ਛੱਡੀ ਖ਼ਾਲੀ ਥਾਂ ਆ ਜਾਂਦੀਆਂ ਹਨ ਤੇ ਮੂਰਛਤ ਅਵਸਥਾ ਵਿਚ ਧਰਤੀ ਉੱਪਰ ਡਿੱਗਣ ਲਗਦੀਆਂ ਹਨ। ਸਟੇਜ ਉਪਰੋਂ ਮੁੱਖ ਪ੍ਰਚਾਰਕ ਵਲੋਂ ਇਸ ਅਵਸਥਾ ਨੂੰ ਸ਼ੈਤਾਨ ਵਲੋਂ 'ਰੂਹਾਂ ਛੱਡਣ' ਦਾ ਨਾਂਅ ਦਿੱਤਾ ਜਾਂਦਾ ਹੈ। ਅੰਕੁਰ ਨਰੂਲਾ ਦੇ ਸਤਿਸੰਗ ਵਿਚ ਪ੍ਰਾਰਥਨਾ ਨਾਲ ਤਿਆਰ ਕੀਤਾ ਤੇਲ, ਮਠਿਆਈ ਵੀ ਦਿੱਤੀ ਜਾਂਦੀ ਹੈ ਜਿਸ ਦੇ ਲਗਾਉਣ ਤੇ ਖਾਣ ਨਾਲ ਲੋਕਾਂ ਦੇ ਤੰਦਰੁਸਤ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ।

ਡੇਰਾ ਖਾਂਬਰਾ ਤੇ ਤਾਜਪੁਰ ਵਲੋਂ ਲਗਾਏ ਜਾਂਦੇ ਸਤਿਸੰਗਾਂ ਵਿਚ ਮਨੋਕਾਮਨਾਵਾਂ ਪੂਰੀਆਂ ਹੋਣ ਦੀ ਗੱਲ ਸੁਣ ਕੇ ਨੱਚਦੇ ਦੇਖੇ ਜਾਂਦੇ ਹਨ। ਇਨ੍ਹਾਂ ਡੇਰਿਆਂ ਵਿਚ ਮੁਰਦਿਆਂ ਨੂੰ ਜਿਊਂਦੇ ਕਰਨ ਦੇ ਦਾਅਵੇ ਹੀ ਨਹੀਂ, ਸਗੋਂ ਸਟੇਜਾਂ ਤੋਂ ਛਲਾਵੇ ਵੀ ਕੀਤੇ ਜਾਂਦੇ ਹਨ। ਬਜਿੰਦਰ ਸਿੰਘ ਵਲੋਂ ਡੀ.ਐਮ.ਸੀ. ਲੁਧਿਆਣਾ ਵਿਚ ਬੁਖ਼ਾਰ ਕਾਰਨ ਕਈ ਦਿਨਾਂ ਤੱਕ ਦਾਖ਼ਲ ਰਹਿਣ ਪਿੱਛੋਂ ਮੌਤ ਦੇ ਮੂੰਹ ਜਾ ਪਏ ਇਕ ਦਸ ਕੁ ਸਾਲਾਂ ਬੱਚੇ ਨੂੰ ਸਟੇਜ ਉੱਪਰ ਜਿਊਂਦਾ ਹੁੰਦਾ ਦਿਖਾਇਆ ਗਿਆ। ਇਸ ਕਰਾਮਾਤ ਦੀ ਵੀਡੀਓ ਸ਼ਰੇਆਮ ਵਾਇਰਲ ਹੋ ਰਹੀ ਹੈ। ਤਾਜਪੁਰ ਦੇ ਲੋਕ ਡੇਰੇ ਦੀਆਂ ਸਰਗਰਮੀਆਂ ਤੋਂ ਖ਼ੁਸ਼ ਨਹੀਂ ਸਗੋਂ ਉਹ ਇਸ ਗੱਲੋਂ ਔਖੇ ਹਨ ਕਿ ਡੇਰੇ ਵਾਲਿਆਂ ਨੇ ਪਿੰਡ ਦੇ ਸ਼ਮਸ਼ਾਨਘਾਟ ਨੂੰ ਜਾਂਦੇ ਰਸਤੇ 'ਤੇ ਧੱਕੇ ਨਾਲ ਕਬਜ਼ਾ ਕਰ ਰੱਖਿਆ ਹੈ।

ਇਸੇ ਤਰ੍ਹਾਂ ਖੋਜੇਵਾਲ ਦੇ ਚਰਚ ਵਿਚ ਇਕ ਪ੍ਰਬੰਧਕ ਆਖ ਰਿਹਾ ਸੀ ਕਿ 'ਬੁਰੀਆਂ ਆਤਮਾਵਾਂ' ਤੋਂ ਮੁਕਤੀ ਹੀ ਉਨ੍ਹਾਂ ਦਾ ਮੁੱਖ ਮਨੋਰਥ ਹੈ। ਉਨ੍ਹਾਂ ਵਲੋਂ ਛਾਪੇ ਕਿਤਾਬਚਿਆਂ ਵਿਚ ਵੀ ਯਿਸੂ ਮਸੀਹ ਦੀ ਪ੍ਰਾਰਥਨਾ ਨਾਲ ਬਿਮਾਰਾਂ ਦੇ ਦੁੱਖ ਟੁੱਟਦੇ ਤੇ ਪ੍ਰੇਤ ਛਾਇਆ ਤੋਂ ਛੁਟਕਾਰੇ ਦੇ ਕੌਤਕ ਦਰਜ ਕੀਤੇ ਹੋਏ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਤਿੰਨਾਂ ਹੀ ਪਿੰਡਾਂ ਦੇ ਲੋਕ ਡੇਰੇਦਾਰਾਂ ਦੀਆਂ ਸਰਗਰਮੀਆਂ ਤੋਂ ਬਹੁਤੇ ਨਾ ਤਾਂ ਪ੍ਰਭਾਵਤ ਹਨ ਤੇ ਨਾ ਹੀ ਮਾਣ ਕਰਦੇ ਹਨ।

ਚੌਕੀਆਂ ਭਰਨ ਵਿਚ ਸਿੱਖ ਵੀ ਪਿੱਛੇ ਨਹੀਂ : ਨਵੇਂ ਉਭਰੇ ਇਸਾਈ ਪ੍ਰਚਾਰ ਵਾਲੇ ਡੇਰਿਆਂ ਵਿਚ ਨਾ ਸਿਰਫ ਪਗੜੀਧਾਰੀ ਸਗੋਂ ਅੰਮ੍ਰਿਤਧਾਰੀ ਸਿੱਖ ਵੀ ਪਰਿਵਾਰਾਂ ਸਮੇਤ ਸਤਿਸੰਗ ਤੇ ਮੀਟਿੰਗਾਂ ਵਿਚ ਸ਼ਾਮਿਲ ਹੁੰਦੇ ਦੇਖੇ ਜਾਂਦੇ ਹਨ।

ਕਿਸੇ ਦਾ ਨਹੀਂ ਬਦਲਿਆ ਜਾਂਦਾ ਨਾਂਅ : ਧਾਰਮਿਕ ਡੇਰਿਆਂ ਤੇ ਦਰਗਾਹਾਂ ਲਈ ਮਸ਼ਹੂਰ ਦੁਆਬੇ ਦੀ ਧਰਤੀ ਉਪਰ ਇਸਾਈ ਮੱਤ ਦੇ ਪ੍ਰਚਾਰ ਦੇ ਨਾਂਅ ਹੇਠ ਖੁੱਲ੍ਹੇਆਮ ਅੰਧਵਿਸ਼ਵਾਸ ਫੈਲਾਅ ਰਹੇ ਨਵੇਂ ਉੱਭਰੇ ਈਸਾਈ ਮੱਤ ਦੇ ਡੇਰੇ ਧਾਰਮਿਕ ਖੁੱਲ੍ਹ ਤੇ ਗਲੈਮਰ ਦਾ ਬੇਮੇਲ ਜੋੜ ਬਣ ਕੇ ਚੱਲ ਰਹੇ ਹਨ। ਈਸਾਈ ਧਰਮ ਵਿਚ ਸ਼ਾਮਲ ਹੋਣ ਵਾਲਿਆਂ ਦੇ ਧਰਮ ਬਦਲਦਿਆਂ ਹੀ ਇਸਾਈ ਮੱਤ ਵਾਲੇ ਨਵੇਂ ਨਾਂਅ ਰੱਖੇ ਜਾਂਦੇ ਰਹੇ ਹਨ, ਪਰ ਨਵੇਂ ਉਭਰੇ ਡੇਰਿਆਂ ਦੇ ਨਾ ਤਾਂ ਮੁਖੀਆਂ ਨੇ ਹੀ ਆਪਣੇ ਨਾਂਅ ਬਦਲੇ ਹਨ ਤੇ ਨਾ ਹੀ ਸ਼ਰਧਾਲੂ ਬਣ ਰਹੇ ਲੋਕਾਂ ਨੂੰ ਨਾਂਅ ਤੇ ਦਿਖ ਬਦਲਣ ਲਈ ਕਿਹਾ ਜਾਂਦਾ ਹੈ। ਹਿੰਦੂ ਖੱਤਰੀ ਪਰਿਵਾਰ ਦੇ ਜੰਮਪਲ ਖਾਂਬਰਾ ਵਾਲੇ ਅੰਕੁਰ ਨਰੂਲਾ ਤੇ ਉਨ੍ਹਾਂ ਦੀ ਪਤਨੀ ਸੋਨੀਆ ਨਰੂਲਾ, ਖੋਜੇਵਾਲਾ ਓਪਨ ਡੋਰ ਚਰਚ ਦੇ ਮੁੱਖ ਪ੍ਰਚਾਰਕ ਜੱਟ ਸਿੱਖ ਪਰਿਵਾਰ ਵਿਚ ਜਨਮੇ ਹਰਪ੍ਰੀਤ ਸਿੰਘ ਦਿਓਲ ਤੇ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਦਿਓਲ ਇਸਾਈ ਪ੍ਰਚਾਰਕ ਬਣ ਕੇ ਆਪਣੇ ਪਹਿਲੇ ਨਾਵਾਂ ਨਾਲ ਹੀ ਜਾਣੇ ਜਾਂਦੇ ਹਨ। ਹਰਿਆਣਵੀ ਜਾਟ ਬਜਿੰਦਰ ਸਿੰਘ ਨੇ ਵੀ ਆਪਣਾ ਨਾਂਅ ਨਹੀਂ ਬਦਲਿਆ, ਡੇਰਿਆਂ ਦੀਆਂ ਪ੍ਰਾਰਥਨਾ ਵਾਲੀਆਂ ਸਭਾਵਾਂ ਵਿਚ ਬਾਈਬਲ ਵੀ ਪੜ੍ਹੀ ਜਾਂਦੀ ਹੈ ਤੇ ਇਸਾਈਅਤ ਦਾ ਪ੍ਰਚਾਰ ਵੀ ਕੀਤਾ ਜਾਂਦਾ ਹੈ, ਪਰ ਹਾਲ ਦੀ ਘੜੀ ਇਹ ਡੇਰੇਦਾਰ ਆਏ ਸ਼ਰਧਾਲੂਆਂ ਨੂੰ ਇਸਾਈ ਮੱਤ ਧਾਰਨ ਕਰਨ ਲਈ ਕਹਿਣ ਦੀ ਬਜਾਏ ਉਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਤੇ ਹਰ ਤਰ੍ਹਾਂ ਦੀ ਮਰਜ਼ ਦਾ ਪ੍ਰਾਰਥਨਾ ਰਾਹੀਂ ਨਿਪਟਾਰਾ ਕਰਨ ਦੇ ਕ੍ਰਿਸ਼ਮੇ ਰਾਹੀਂ ਪ੍ਰਭਾਵਿਤ ਕਰ ਕੇ ਆਪਣਾ ਘੇਰਾ ਵੱਡਾ ਕਰਨ ਦੇ ਯਤਨਾਂ ਵਿਚ ਹਨ।

ਇਨ੍ਹਾਂ ਪ੍ਰਚਾਰਕਾਂ ਤੇ ਡੇਰਿਆਂ ਦੀ ਕਾਰਜਸ਼ੈਲੀ ਤੇ ਅੰਦਾਜ਼ ਨਾ ਤਾਂ ਰੂਹਾਨੀ ਹੈ ਤੇ ਨਾ ਹੀ ਸਾਦਗੀ ਵਾਲਾ ਹੈ। ਚਮਤਕਾਰੀ ਗੱਲਾਂ ਨਾਲ ਲੋਕਾਂ ਉਪਰ ਜਾਦੂਈ ਅਸਰ ਪਾਉਣਾ ਇਨ੍ਹਾਂ ਦੀ ਕਾਰਜਸ਼ੈਲੀ ਦਾ ਮੂਲ ਮੰਤਵ ਹੈ। ਕੁਝ ਹੀ ਸਾਲਾਂ ਵਿਚ ਇਨ੍ਹਾਂ ਡੇਰਿਆਂ ਕੋਲ ਆਇਆ ਅੰਨਾ ਪੈਸਾ ਤੇ ਬਣਾਈ ਜਾਇਦਾਦ ਇਕ ਵੱਡਾ ਸੁਆਲ ਖੜ੍ਹਾ ਕਰਦੀ ਹੈ। ਖਾਂਬਰਾ ਤੇ ਖੋਜੇਵਾਲਾ ਵਿਚ ਇੰਨੇ ਵੱਡੇ ਤੇ ਆਲੀਸ਼ਾਨ ਚਰਚ ਉਸਰ ਰਹੇ ਹਨ, ਜਿਹੜੇ ਰਵਾਇਤੀ ਇਸਾਈ ਭਾਈਚਾਰਾ ਪਿਛਲੇ ਸੌ ਸਾਲ ਵਿਚ ਵੀ ਨਹੀਂ ਸੀ ਉਸਾਰ ਸਕਿਆ। ਖਾਂਬਰਾ ਵਿਚ ਅੰਕੁਰ ਨਰੂਲਾ ਦੇ ਪਰਿਵਾਰ ਦੀ ਇਕ ਦੁਕਾਨ ਹੈ ਤੇ ਇਕ ਕੋਚਿੰਗ ਕਾਲਜ ਉਹ ਸਮਾਜ ਸੇਵਾ ਵਜੋਂ ਚਲਾ ਰਿਹਾ ਹੈ। ਇਸੇ ਤਰ੍ਹਾਂ ਹਰਪ੍ਰੀਤ



ਸਿੰਘ ਦਿਓਲ ਵੀ ਦਰਮਿਆਨੇ ਜੱਟ ਪਰਿਵਾਰ ਵਿਚ ਹੈ, ਜਿਸ ਦੀ ਜੱਦੀ ਜ਼ਮੀਨ 15 ਏਕੜ ਦੱਸੀ ਜਾਂਦੀ ਹੈ। ਹਰਿਆਣਵੀ ਜਾਟ ਬਜਿੰਦਰ ਸਿੰਘ ਨੇ ਰਿਹਾਇਸ਼ ਚੰਡੀਗੜ੍ਹ ਰੱਖੀ ਹੋਈ ਹੈ ਤੇ ਹਫ਼ਤੇ ਵਿਚ ਦੋ ਦਿਨ ਸਤਿਸੰਗ ਕਰਨ ਉੱਥੋਂ ਹੀ ਆਉਂਦਾ ਹੈ। ਜਬਰ ਜਨਾਹ ਦੇ ਕੇਸ ਵਿਚ ਪਤਾ ਲੱਗਾ ਹੈ ਕਿ ਜੇਲ੍ਹ ਵਿਚ ਬੰਦ ਹੋਣ ਸਮੇਂ ਉਸ ਦਾ ਹਮਸ਼ਕਲ ਭਰਾ ਪ੍ਰਾਰਥਨਾ ਸਭਾ ਲਗਾਉਂਦਾ ਰਿਹਾ ਹੈ। ਤਾਜਪੁਰ ਵਿਚ ਚੁਰਸਤੇ ਵਿਚ ਬੈਠੇ ਲੋਕ ਸੁਆਲ ਕਰ ਰਹੇ ਸਨ ਕਿ ਜਿਹੜਾ ਵਿਅਕਤੀ ਖ਼ੁਦ ਨੂੰ ਜਬਰ ਜਨਾਹ ਵਰਗੇ ਅੱਤ ਘਿਨਾਉਣੇ ਜੁਰਮ ਵਿਚ ਜੇਲ੍ਹ ਜਾਣ ਤੋਂ ਨਹੀਂ ਬਚਾ ਸਕਿਆ, ਉਹ ਭਲਾ ਹੋਰ ਲੋਕਾਂ ਦੇ ਕਸ਼ਟ ਕਿੱਥੋਂ ਦੂਰ ਕਰ ਸਕੇਗਾ।

ਇਸਾਈ ਮੱਤ ਦੇ ਨਵੇਂ ਉਭਰੇ ਡੇਰੇਦਾਰਾਂ ਵਲੋਂ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਥਾਂ ਹਰ ਮਰਜ਼ ਦੇ ਇਲਾਜ ਲਈ ਅੱਖਾਂ ਬੰਦ ਕਰ ਕੇ ਪ੍ਰਾਰਥਨਾ ਰਾਹੀਂ ਦੁੱਖ ਦੂਰ ਕਰਨ ਦੀ ਨਵੀਂ ਚਲਾਈ ਇਹ ਰੀਤ ਅੰਧ-ਵਿਸ਼ਵਾਸ ਦਾ ਨਵਾਂ ਰੂਪ ਹੈ। ਸੰਨ 1978 ਦੇ ਨਿਰੰਕਾਰੀ ਸਿੱਖ ਖ਼ੂਨੀ ਸਾਕੇ ਪਿੱਛੇ ਡੇਰੇਦਾਰਾਂ ਤੇ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਹੱਥ ਰਿਹਾ ਹੈ। ਹੁਣ ਵੀ ਕਿਤੇ ਨਾ ਕਿਤੇ ਇਨ੍ਹਾਂ ਡੇਰਿਆਂ ਪਿੱਛੇ ਸਰਕਾਰੀ ਸਾਜ਼ਿਸ਼ਾਂ ਦਾ ਹੱਥ ਜਾਪਦਾ ਹੈ। ਇਕਦਮ ਇਨ੍ਹਾਂ ਡੇਰਿਆਂ ਲਈ ਮਾਇਆ ਦੇ ਅੰਬਾਰ ਡਿੱਗਣੇ ਬੜੇ ਰਹੱਸ ਦਾ ਵਿਸ਼ਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
06 ਫਰਵਰੀ 2019 ਤੋਂ 12 ਫਰਵਰੀ 2019

# ਮਨੁੱਖੀ ਤਸਕਰੀ ਤੇ ਪੰਜਾਬ

-ਮਨਜੀਤ ਸਿੰਘ ਟਿਵਾਣਾ

ਪੰਜਾਬ ਦੇ ਨੌਜਵਾਨਾਂ ਦਾ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ 'ਚ ਜਾਣ ਦਾ ਰੁਝਾਨ ਇੰਗਲੈਂਡ, ਅਮਰੀਕਾ, ਕਨੇਡਾ ਸਮੇਤ ਹੋਰ ਯੂਰਪੀਨ ਮੁਲਕਾਂ ਲਈ ਪਿਛਲੇ ਕਾਫੀ ਸਮੇਂ ਤੋਂ ਚੁਣੌਤੀ ਬਣਿਆ ਹੋਇਆ ਹੈ। ਉਂਝ ਤਾਂ ਮਨੁੱਖੀ ਤਸਕਰੀ ਦੀ ਸਮੱਸਿਆ ਵਿਸ਼ਵ-ਵਿਆਪੀ ਵਰਤਾਰਾ ਹੈ ਪਰ ਸਾਡਾ ਪੰਜਾਬੀ ਭਾਈਚਾਰਾ ਹਾਲ ਦੀ ਘੜੀ ਇਸ ਤੋਂ ਕਾਫੀ ਪ੍ਰਭਾਵਿਤ ਹੋ ਰਿਹਾ ਹੈ। ਹਰ ਰੋਜ਼ ਹੀ ਗ਼ੈਰਕਾਨੂੰਨੀ ਮਨੁੱਖੀ ਸਮਗਲਿੰਗ ਦੀਆਂ ਬਹੁਤ ਸਾਰੀਆਂ ਖਬਰਾਂ ਵੇਖਣ-ਸੁਣਨ ਤੇ ਪੜ੍ਹਨ ਨੂੰ ਮਿਲ ਰਹੀਆਂ ਹਨ। ਪੰਜਾਬ ਦੇ ਦੁਆਬਾ ਖੇਤਰ ਦੇ ਲੋਕਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਸਭ ਤੋਂ ਵੱਧ ਹੈ। ਇਕ ਰਿਪੋਰਟ ਮੁਤਾਬਕ ਪੰਜਾਬ ਤੋਂ ਵਿਦੇਸ਼ਾਂ 'ਚ ਗਏ ਨੌਜਵਾਨਾਂ ਵਿਚੋਂ 65 ਫ਼ੀਸਦੀ ਸਿਰਫ਼ ਦੁਆਬਾ ਖੇਤਰ ਦੇ ਹੀ ਹਨ। ਪੰਜਾਬ ਤੋਂ ਇਸ ਮਣਾਂਮੂੰਹੀ ਪਰਵਾਸ ਕਾਰਨ ਸੂਬੇ ਵਿਚ ਬਹੁਤ ਸਾਰੀਆਂ ਆਰਥਿਕ, ਸਮਾਜਿਕ ਤੇ ਰਾਜਨੀਤਕ ਸਮੱਸਿਆਵਾਂ ਵੀ ਉਤਪੰਨ ਹੋ ਰਹੀਆਂ ਹਨ। ਪੰਜਾਬ ਦਾ ਬਹੁਤ ਸਾਰਾ ਮਾਲੀ ਤੇ ਬੌਧਿਕ ਸਰਮਾਇਆ ਇਥੋਂ ਜਾ ਰਿਹਾ ਹੈ।

ਬੀਤੇ ਵਿਚ ਬਹੁਤ ਸਾਰੇ ਨੌਜਵਾਨ ਜ਼ੋਖਮ ਭਰੇ ਰਸਤਿਆਂ ਰਾਹੀਂ ਦੂਜੇ ਮੁਲਕਾਂ ਵਿਚ ਜਾਂਦੇ ਸਮੇਂ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਦੋ ਦਹਾਕੇ ਪਹਿਲਾਂ ਵਾਪਰੇ ਮਾਲਟਾ ਕਿਸ਼ਤੀ ਕਾਂਡ ਦੌਰਾਨ 120 ਘਰਾਂ ਦੇ ਚਿਰਾਗ ਬੁਝ ਗਏ ਸਨ ਪਰ ਪੰਜਾਬ ਦੇ ਲੋਕਾਂ ਦਾ ਗੈਰਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵਿਚ ਜਾਣ ਦਾ ਮੁਹਾਣ ਫਿਰ ਵੀ ਨਹੀਂ ਰੁਕ ਸਕਿਆ। ਮਾਲਟਾ ਕਿਸ਼ਤੀ ਕਾਂਡ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਸੀ। ਉਸ ਤੋਂ ਬਾਅਦ ਵੀ ਵਾਰ-ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ।

ਹਾਲ ਹੀ ਵਿਚ ਅਮਰੀਕਾ ਵਿਚ ਫਰਜ਼ੀ ਯੂਨੀਵਰਸਿਟੀ ਰਾਹੀਂ ਪੜ੍ਹਾਈ ਕਰਨ ਦੇ ਬਹਾਨੇ ਇਥੇ ਆਏ ਭਾਰਤ ਦੇ 129 ਵਿਦਿਆਰਥੀਆਂ ਕਾਨੂੰਨੀ ਸ਼ਿਕੰਜੇ ਵਿਚ ਫਸ ਚੁੱਕੇ ਹਨ। ਇਹ ਗੱਲ ਵੀ ਸਪੱਸ਼ਟ ਹੀ ਹੈ ਕਿ ਪੰਜਾਬ ਤੋਂ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਆਉਣ ਦੇ ਨਾਂ ਉਤੇ ਬਹੁਤਾ ਇਕ ਤਰ੍ਹਾਂ ਨਾਲ ਕਾਨੂੰਨੀ ਚੋਰ-ਮੋਰੀ ਰਾਹੀਂ ਗੈਰਕਾਨੂੰਨੀ ਪਰਵਾਸ ਦਾ ਗੋਰਖਧੰਦਾ ਹੀ ਚੱਲ ਰਿਹਾ ਹੈ। ਅੰਕੜਿਆਂ ਮੁਤਾਬਕ ਇਨ੍ਹਾਂ ਤੋਂ ਇਲਾਵਾ ਵੀ ਬਹੁਤ ਸਾਰੇ ਪੰਜਾਬੀ ਨੌਜਵਾਨ ਅਮਰੀਕਾ ਦੀਆਂ ਜੇਲ੍ਹਾਂ ਵਿਚ ਕੈਦ ਹਨ। ਪਿੱਛੇ ਜਿਹੇ ਹੀ ੫੦ ਪੰਜਾਬੀ ਮੁੰਡਿਆਂ ਦਾ ਇੱਕ ਗਰੁੱਪ ਮੈਕਸੀਕੋ-ਟੈਕਸਾਸ (ਅਮਰੀਕਾ) ਬਾਰਡਰ 'ਤੇ ਫੜ ਕੇ ਓਟੇਰਟੋ ਪ੍ਰਾਸੈਸਿੰਗ ਸੈਂਟਰ ਵਿਖੇ ਭੇਜਿਆ ਗਿਆ ਸੀ। ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕਰਾਈਮ'(ਯੂਐਨਓਡੀਸੀ.) ਵੱਲੋਂ ਕੁਝ ਵਰ੍ਹੇ ਪਹਿਲਾਂ ਪੰਜਾਬ ਵਿੱਚੋਂ ਗੈਰ-ਕਾਨੂੰਨੀ ਪਰਵਾਸ ਕਰਨ ਵਾਲੇ ਵਿਅਕਤੀਆਂ ਸਬੰਧੀ ਕਰਵਾਏ ਵਿਸ਼ੇਸ਼ ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਪੰਜਾਬ ਵਿਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਸਰਵੇਖਣ ਮੁਤਾਬਕ ਪੰਜਾਬੀਆਂ ਲਈ ਪਰਵਾਸ ਲਈ ਅਮਰੀਕਾ, ਕਨੇਡਾ ਤੇ ਬਰਤਾਨੀਆ ਸਭ ਤੋਂ ਹਰਮਨ-ਪਿਆਰੀ ਥਾਂ ਹੈ। ਇਸ ਰਿਪੋਰਟ ਨੂੰ ਚੰਡੀਗੜ੍ਹ 'ਚ ਯੂਰਪੀਨ ਮੁਲਕਾਂ ਦੇ ਭਾਰਤ ਵਿਚਲੇ ਕੌਂਸਲਖਾਨਿਆਂ ਦੇ ਅਧਿਕਾਰੀਆਂ ਦੀ ਹਾਜ਼ਰੀ ਵਿਚ ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਕੇਂਦਰੀ ਪਰਵਾਸੀ ਭਾਰਤੀ ਵਿਭਾਗ ਅਤੇ ਪੰਜਾਬ ਦੇ ਗ੍ਰਹਿ ਵਿਭਾਗ ਨੇ ਇਸ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਵਿਚਾਰ-ਵਟਾਂਦਰਾ ਵੀ ਕੀਤਾ। ਇਸ ਰਿਪੋਰਟ ਨੇ ਟਰੈਵਲ ਏਜੰਟਾਂ ਦੇ ਗੈਰ-ਕਾਨੂੰਨੀ ਹਥਕੰਡਿਆਂ ਅਤੇ ਮਨੁੱਖੀ ਤਸਕਰੀ ਦੇ ਕੌਮਾਂਤਰੀ ਪੱਧਰ ਤੱਕ ਫੈਲੇ ਹੋਣ ਦੀ ਗੱਲ ਵੀ ਸਾਹਮਣੇ ਲਿਆਂਦੀ ਸੀ। ਸੂਬਾਈ ਅਤੇ ਕੇਂਦਰ ਸਰਕਾਰਾਂ ਵੱਲੋਂ ਆਮ ਲੋਕਾਂ ਅਤੇ ਨੌਜਵਾਨਾਂ ਨੂੰ ਮਨੁੱਖੀ ਤਸਕਰਾਂ ਤੋਂ ਬਚਾਉਣ ਲਈ ਪ੍ਰਚਾਰ ਅਤੇ ਦਾਅਵੇ ਕੀਤੇ ਜਾਂਦੇ ਹਨ ਪਰ ਹੁੰਦਾ ਕੁਝ ਵੀ ਨਹੀਂ ਹੈ। ਇਸ ਵਰਤਾਰੇ ਨੂੰ ਰੋਕਣ ਵਿਚ ਕੇਂਦਰ ਤੇ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈਆਂ ਹਨ। ਸਾਡੀਆਂ ਕਾਨੂੰਨੀ ਏਜੰਸੀਆਂ ਇਸ ਪਾਸੇ ਧਿਆਨ ਨਹੀਂ ਦੇਣਾ ਚਾਹੁੰਦੀਆਂ। ਪੰਜਾਬੀ ਨੌਜਵਾਨਾਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟਾਂ 'ਤੇ ਸ਼ਿਕੰਜਾ ਕਸਣ ਲਈ ਪੰਜਾਬ ਸਰਕਾਰ ਦੀ ਅਜੇ ਤਕ ਕੋਈ ਕਾਰਗਰ ਕਾਨੂੰਨੀ ਕਾਰਵਾਈ ਅਮਲ ਵਿਚ ਨਹੀਂ ਆ ਸਕੀ ਹੈ। ਇਸ ਗ਼ੈਰਕਾਨੂੰਨੀ ਪਰਵਾਸ ਨੂੰ ਰੋਕਣ ਲਈ ਸਮੇਂ-ਸਮੇਂ ਉਤੇ ਕਾਨੂੰਨ ਤਾਂ ਬਹੁਤ ਬਣੇ ਹਨ ਪਰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਇੱਛਾ ਸ਼ਕਤੀ ਦੀ ਘਾਟ ਕਾਰਨ ਇਹ ਸਭ ਬੇਕਾਰ ਸਾਬਤ ਹੋ ਰਹੇ ਹਨ। ਇਨ੍ਹਾਂ ਵਿਚ ਇਮੀਗਰੇਸ਼ਨ ਐਕਟ-1983 ਅਤੇ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ- 20 13 ਆਉਂਦਾ ਹੈ, ਜਿਸ ਨੂੰ ਪਹਿਲਾਂ ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ-2012 ਦਾ ਨਾਮ ਦਿੱਤਾ ਗਿਆ ਸੀ। ਇਸ ਐਕਟ ਤਹਿਤ ਟਰੈਵਲ ਏਜੰਸੀ ਚਲਾਉਣ ਵਾਸਤੇ ਲਾਇਸੈਂਸ ਪ੍ਰਾਪਤ ਕਰਨਾ ਜ਼ਰੂਰੀ ਕੀਤਾ ਗਿਆ ਹੈ ਤੇ ਕਾਨੂੰਨ ਦੀ ਧਾਰਾ (13) ਤਹਿਤ ਇਸ ਐਕਟ ਦੀ ਉਲੰਘਣਾ ਕਰਕੇ ਟਰੈਵਲ ਏਜੰਸੀ ਦਾ ਕਾਰੋਬਾਰ ਸ਼ੁਰੂ ਕਰਨ ਵਾਲੇ ਲੋਕਾਂ ਲਈ ਸਜ਼ਾ ਦਾ ਪ੍ਰਬੰਧ ਵੀ ਹੈ। ਇਸ ਐਕਟ ਅਧੀਨ ਗੈਰਕਾਨੂੰਨੀ ਕੰਪਨੀਆਂ/ਟਰੈਵਲ ਏਜੰਟਾਂ ਵਿਰੁੱਧ ਕਾਰਵਾਈ ਤਾਂ ਕੀਤੀ ਜਾ ਸਕਦੀ ਹੈ ਪਰ ਅਕਸਰ ਇਹ ਹੁੰਦੀ ਨਹੀਂ ਹੈ। ਇਮੀਗਰੇਸ਼ਨ ਐਕਟ-1983 (ਭਾਰਤ ਦੀ ਸੰਸਦ ਦੁਆਰਾ ਬਣਾਇਆ ਗਿਆ) ਕਿਸੇ ਵੀ ਵਿਅਕਤੀ ਨੂੰ ਵਿਦੇਸ਼ ਵਿਚ ਮਜ਼ਦੂਰੀ ਕਰਨ ਲਈ ਭੇਜਣ ਦੇ ਮਕਸਦ ਨਾਲ ਟਰੈਵਲ ਏਜੰਸੀ ਦੇ ਉਪਰੋਕਤ ਕਾਰੋਬਾਰ ਸ਼ੁਰੂ ਕਰਨ ਦੇ ਚਾਹਵਾਨ ਵਿਅਕਤੀ ਨੂੰ ਭਾਰਤ ਦੀ ਪ੍ਰੋਟੈਕਟੋਰੇਟ ਜਨਰਲ ਅਤੇ ਵਿਦੇਸ਼ੀ ਮਾਮਲਿਆਂ, ਭਾਰਤ ਸਰਕਾਰ ਨਾਲ ਰਿਕਰੂਟਿੰਗ ਏਜੰਟ ਵਜੋਂ ਖੁਦ ਨੂੰ ਰਜਿਸਟਰ ਕਰਾਉਣ ਦੀ ਸ਼ਰਤ ਲਾਉਂਦਾ ਹੈ ਪਰ ਇਹ ਐਕਟ ਮੁੱਖ ਤੌਰ 'ਤੇ ਵਿਦੇਸ਼ਾਂ (ਖਾਸ ਕਰ ਅਰਬ ਮੁਲਕਾਂ) ਵਿਚ ਜਾ ਰਹੇ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਵਿਦੇਸ਼ਾਂ ਵਿਚ ਮਾਲਕਾਂ ਤੋਂ ਮਜ਼ਦੂਰਾਂ ਦਾ ਸ਼ੋਸ਼ਣ ਰੋਕਣ ਤਕ ਹੀ ਸੀਮਤ ਹੈ। ਇਹ ਵੀ ਤੱਥ ਸਾਹਮਣੇ ਆਏ ਹਨ ਕਿ ਮਨੁੱਖੀ ਤਸਕਰੀ ਦੇ ਧੰਦੇ ਨਾਲ ਜੁੜੇ ਵੱਡੇ ਤਸਕਰਾਂ ਤਕ ਕਾਨੂੰਨ ਦੇ ਲੰਬੇ ਹੱਥ ਪਹੁੰਚਦੇ ਹੀ ਨਹੀ ਹਨ। ਕਾਨੂੰਨ ਸਿਰਫ਼ ਕਰਿੰਦਿਆਂ ਨੂੰ ਹੀ ਹੱਥ ਪਾਉਣ ਵਿਚ ਕਾਮਯਾਬ ਹੁੰਦਾ ਹੈ। ਇਸ ਗੁੰਝਲਦਾਰ ਤੇ ਹਾਨੀਕਾਰਕ ਵਰਤਾਰੇ ਉਤੇ ਬਹੁਤ ਸਾਰੇ ਸੈਮੀਨਾਰ ਹੋਏ ਹਨ ਤੇ ਬਹੁਤ ਸਾਰੇ ਲੇਖ ਲਿਖੇ ਗਏ ਹਨ ਪਰ ਪੰਜਾਬ ਤੇ ਭਾਰਤ ਸਰਕਾਰ ਹਾਲਾਂ ਤਕ ਕੋਈ ਬਹੁਤਾ ਗੰਭੀਰ ਨਹੀਂ ਜਾਪਦੀਆਂ। ਵਿਦਵਾਨਾਂ ਵੱਲੋਂ ਬਹੁਤ ਸਾਰੇ ਸੁਝਾਅ ਦਿੱਤੇ ਗਏ ਹਨ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਪੰਜਾਬ ਵਿਚੋਂ ਮਨੁੱਖੀ ਤਸਕਰੀ ਦੇ ਧੰਦੇ ਨੂੰ ਸਖਤੀ ਨਾਲ ਬੰਦ ਕਰਵਾਉਣ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਲਈ ਭੇਜਣ ਲਈ ਸਰਕਾਰੀ ਕਾਰਪੋਰੇਸ਼ਨ ਦੀ ਸਥਾਪਨਾ ਕੀਤੇ ਜਾਣ ਦੀ ਗੱਲ ਵੀ ਹੋਈ ਹੈ। ਪੰਜਾਬ ਵਿਚ ਸੈਂਕੜੇ ਪਰਿਵਾਰਾਂ ਨੂੰ ਬਰਬਾਦ ਕਰ ਦੇਣ ਵਾਲੇ ਇਸ ਗੈਰ-ਕਾਨੂੰਨੀ ਵਪਾਰ ਨੂੰ ਕੋਈ ਵੀ ਸਰਕਾਰ ਤੇ ਉਸ ਦੀ ਕੋਈ ਏਜੰਸੀ ਠੱਲ੍ਹ ਨਹੀਂ ਪਾ ਸਕੀ ਜਾਂ ਉਹ ਅਜਿਹਾ ਕਰਨਾ ਹੀ ਨਹੀਂ ਚਾਹੁੰਦੀਆਂ। ਹਾਲ ਦੀ ਘੜੀ ਪੰਜਾਬ ਤੋਂ ਇਸ ਤਰ੍ਹਾਂ ਦੇ ਗ਼ੈਰਕਾਨੂੰਨੀ ਮਨੁੱਖੀ ਪਰਵਾਸ ਦਾ ਅੰਤ ਹੋਣ ਦੀ ਕੋਈ ਬਹੁਤੀ ਸੰਭਾਵਨਾ ਨਜ਼ਰ ਨਹੀਂ ਆ ਰਹੀ।

# ਪੰਜਾਬ ਚੋਂ ਪੜ੍ਹਾਈ ਓਹਲੇ ਹਿਜ਼ਰਤ

**ਕੁਝ ਤਾਜ਼ਾ ਸਟੱਡੀਜ਼ ਦੇ ਹਵਾਲੇ ਨਾਲ ਪਰਵਾਸ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਪੰਜਾਬ ਵਿਚੋਂ ਨੌਜਵਾਨਾਂ ਨੂੰ ਵਿਦੇਸ਼ ਜਾਣ ਦੇ ਰਾਹ ਪੈਣ ਦਾ ਇੱਕ ਵੱਡਾ ਕਾਰਨ ਬੇਰੁਜ਼ਗਾਰੀ ਬਣਦਾ ਹੈ ਕਿਉਂਕਿ ਪੰਜਾਬ ਦੀ ਜਵਾਨੀ ਖੇਤੀ ਅਤੇ ਇਸ ਨਾਲ ਜੁੜੇ ਹੋਏ ਹੋਰ ਰਵਾਇਤੀ ਧੰਦਿਆਂ ਨੂੰ ਅਪਣਾਉਣਾ ਨਹੀਂ ਚਾਹੁੰਦੀ। ਦੂਜਾ ਪੇਂਡੂ ਨੌਜਵਾਨ ਆਪਣੇ ਮੁਲਕ ਅੰਦਰ ਹੀ ਉਪਲੱਬਧ ਰੋਜ਼ਗਾਰ ਦੇ ਹੋਰਨਾਂ ਮੌਕਿਆਂ ਦੇ ਮਾਮਲੇ ਵਿੱਚ ਵੀ ਸ਼ਹਿਰੀ ਨੌਜਵਾਨਾਂ ਨਾਲ ਸਖਤ ਮੁਕਾਬਲੇ 'ਚ ਪਛੜ ਜਾਂਦਾ ਹੈ ਕਿਉਂਕਿ ਪੇਂਡੂ ਨੌਜਵਾਨ ਕੋਲ ਰਵਾਇਤੀ ਵਿਦਿਆ ਅਤੇ ਤਕਨੀਕੀ ਮੁਹਾਰਤ ਦੀ ਘਾਟ ਹੈ। ਅਜਿਹੀ ਹਾਲਤ ਵਿੱਚ ਉਹਨਾਂ ਸਾਹਮਣੇ ਵਿਦੇਸ਼ ਜਾ ਕੇ ਕੰਮ ਦੇ ਮੌਕਿਆਂ ਦੀ ਤਲਾਸ਼ ਕਰਨਾ ਅਤੇ ਉੱਥੇ ਵਸਣਾ ਹੀ ਇਕੋ ਇਕ ਰਾਹ ਬਾਕੀ ਰਹਿ ਜਾਂਦਾ ਹੈ।**




ਡਾ. ਬਲਜਿੰਦਰ ਸਿੰਘ
(ਸੰਪਰਕ : 94170-79720)

ਮਨੁੱਖ ਜਾਤੀ ਦੇ ਇਸ ਗ੍ਰਹਿ 'ਤੇ ਆਮਦ ਨਾਲ ਹੀ ਪ੍ਰਵਾਸ ਦੇ ਸਿਲਸਿਲੇ ਦਾ ਮੁੱਢ ਬੱਝ ਜਾਂਦਾ ਹੈ। ਆਦਿ ਕਾਲ ਤੋਂ ਹੀ ਆਪਣੇ ਭੋਜਨ ਦੀ ਤਲਾਸ਼ 'ਚ ਮਨੁੱਖ ਆਪਣੇ ਨੇੜੇ ਤੇੜੇ ਪ੍ਰਵਾਸ ਕਰਦਾ ਆ ਰਿਹਾ ਹੈ। ਹੜ੍ਹ, ਸੋਕਾ, ਬਿਮਾਰੀ, ਅੱਗ, ਭੂਚਾਲ ਆਦਿ ਵਰਗੇ ਕੁਦਰਤੀ ਵਰਤਾਰਿਆਂ ਸਾਂਹਵੇ ਮਨੁੱਖ ਨਿਤਾਣਾ ਮਹਿਸੂਸ ਕਰਦਾ ਸੀ। ਮੁਆਫ਼ਕ ਮੌਸਮ ਨਾ ਹੋਣ ਕਾਰਨ, ਭੁੱਖਮਰੀ ਅਤੇ ਮੌਤ ਸਾਹਵੇਂ ਪ੍ਰਵਾਸ ਕਰਕੇ ਮੁਕਾਬਲਤਨ ਵੱਧ ਮੁਆਫ਼ਕ ਖੇਤਰਾਂ ਵਿੱਚ ਚਲੇ ਜਾਣ ਦਾ ਰੁਝਾਨ ਮਨੁੱਖ ਜਾਤੀ ਦੇ ਨਾਲ ਨਾਲ ਸਮੁੱਚੀ ਜੀਵ ਜਾਤੀ 'ਚ ਵੀ ਪਾਇਆ ਜਾਂਦਾ ਹੈ। ਪ੍ਰਵਾਸੀ ਪੰਛੀ ਕੂੰਜਾਂ ਤੋਂ ਕੌਣ ਵਾਕਫ਼ ਨਹੀਂ ਹੈ , ਇਹ ਪੰਛੀ ਸਾਇਬੇਰੀਆ ਦੀਆਂ ਠੰਢੀਆਂ ਯੱਖ ਹਵਾਵਾਂ 'ਚੋਂ ਉਡਾਰੀ ਮਾਰਕੇ ਧੁਰ ਦੱਖਣ ਵੱਲ ਕੂਚ ਕਰਕੇ ਭਾਰਤ ਦੇ ਊਸ਼ਣ ਜਲਵਾਯੂ ਵਾਲੇ ਖੇਤਰਾਂ ਵਿਚ ਆ ਡੇਰੇ ਲਾਉਂਦੀਆਂ ਨੇ ਅਤੇ ਮੌਸਮ ਬਦਲਦੇ ਸਾਰ ਮੁੜ ਚਾਲੇ ਪਾ ਜਾਂਦੀਆਂ ਨੇ।

ਪ੍ਰਵਾਸ ਦੇ ਇੱਕ ਅਜਿਹੇ ਹੀ ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਦੇ ਬਠਿੰਡਾ ਖੇਤਰੀ ਕੈਂਪਸ ਦੇ ਡਾਕਟਰ ਕਮਲਜੀਤ ਸਿੰਘ ਅਤੇ ਡਾਕਟਰ ਰਕਸ਼ਿੰਦਰ ਕੌਰ ਨੇ "ਪੰਜਾਬ ਚੋਂ ਪੜ੍ਹਾਈ ਉਹਲੇ ਪ੍ਰਵਾਸ" ਦੇ ਸਿਰਲੇਖ ਹੇਠ ਅੰਗਰੇਜ਼ੀ ਜ਼ੁਬਾਨ 'ਚ ਲਿਖੀ ਇਕ ਪੁਸਤਕ ਪੰਜਾਬੀ ਲੋਕਾਂ ਦੀ ਝੋਲੀ ਪਾਈ ਹੈ। ਜਿਵੇਂ ਕਿ ਇਸ ਦੇ ਸਿਰਲੇਖ ਤੋਂ ਹੀ ਇਹ ਗੱਲ ਸਪੱਸ਼ਟ ਹੈ ਕਿ ਇਸ ਵਿਚਲਾ ਵਿਸ਼ਾ ਪੰਜਾਬ ਦੇ ਮੁੰਡੇ ਕੁੜੀਆਂ ਦਾ ਆਪਣੀ ਪੜ੍ਹਾਈ ਲਈ ਬਾਹਰਲੇ ਮੁਲਕਾਂ ਵੱਲ ਨੂੰ ਪ੍ਰਵਾਸ ਕਰਨ ਨਾਲ ਸਬੰਧਤ ਹੈ। ਵਿਦਵਾਨ ਲੇਖਕਾਂ ਦੀ ਇਸ ਪੁਸਤਕ ਅੰਦਰ ਇਸ ਗੱਲ ਦੀ ਝਲਕ ਮਿਲਦੀ ਹੈ ਕਿ ਪੜ੍ਹਾਈ ਬਹਾਨੇ ਪਰਵਾਸ ਦੇ ਇਸ ਮਸਲੇ ਦੀਆਂ ਜੜ੍ਹਾਂ ਧੁਰ ਤੱਕ ਡੂੰਘੀਆਂ ਹਨ।

ਪੰਜਾਬੀ ਵਿਦਿਆਰਥੀਆਂ ਦੇ ਪਰਵਾਸ ਦੀ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਵਿਦਿਆ ਦੇ ਕਾਰੋਬਾਰ ਬਣਨ ਨਾਲ ਆਲਮੀ ਪੱਧਰ ਤੇ ਹੋਏ ਸਮਝੌਤੇ ਨੇ ਪੰਜਾਬੀ ਵਿਦਿਆਰਥੀਆਂ ਸਾਹਮਣੇ ਵਿਕਸਤ ਪੱਛਮੀ ਮੁਲਕਾਂ ਅਤੇ ਆਸਟ੍ਰੇਲੀਆ ਨਿਊਜ਼ੀਲੈਂਡ ਆਦਿ ਦੀਆਂ ਯੂਨੀਵਰਸਿਟੀਆਂ ਅਤੇ ਉੱਚ ਵਿਦਿਅਕ ਸੰਸਥਾਵਾਂ 'ਚ ਦਾਖਲੇ ਲੈਣ ਦੇ ਮੌਕਿਆਂ 'ਚ ਵੱਡੀ ਪੱਧਰ ਤੇ ਵਾਧਾ ਕੀਤਾ ਹੈ ਅਤੇ ਇਉਂ ਉਹਨਾਂ ਦਾ ਰੁਝਾਨ ਬਾਹਰਲੇ ਮੁਲਕਾਂ 'ਚ ਜਾ ਕੇ ਪੜ੍ਹਾਈ ਕਰਨ ਵੱਲ ਵਧਿਆ ਹੈ।

ਉਚ-ਵਿਦਿਆ ਪ੍ਰਦਾਨ ਕਰਨ ਵਾਲੀਆਂ ਇਹਨਾਂ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖਲਾ ਲੈਣ ਲਈ IELTS, TOEFL ਅਤੇ PET ਵਰਗੇ ਅੰਗਰੇਜ਼ੀ ਭਾਸ਼ਾ 'ਤੇ ਮੁਹਾਰਤ ਨੂੰ ਪਰਖਣ ਵਾਲੇ ਟੈਸਟਾਂ ਦਾ ਇਕ ਖਾਸ ਪੈਮਾਨਾ ਨਿਰਧਾਰਤ ਕੀਤਾ ਹੋਇਆ ਹੈ। ਇਹਨਾਂ ਟੈਸਟਾਂ 'ਚ ਉਸ ਘੱਟੋ ਘੱਟ ਮਿਆਰੀ ਮੁਹਾਰਤ ਨੂੰ ਹਾਸਲ ਕਰਨ ਲਈ ਛੋਟੇ-ਛੋਟੇ ਸ਼ਹਿਰਾਂ ਤੋਂ ਲੈ ਕੇ ਵੱਡੇ ਮਹਾਂਨਗਰਾਂ 'ਚ ਹਜ਼ਾਰਾਂ ਦੀ ਗਿਣਤੀ ਵਿਚ ਖੁੱਲ੍ਹੇ ਟਰੇਨਿੰਗ ਸੈਂਟਰਾਂ ਦੀਆਂ ਚਕਾਚੌਂਧ ਰੌਸ਼ਨੀ ਵਾਲੀਆਂ ਮਸ਼ਹੂਰੀਆਂ ਅਤੇ ਰੰਗ-ਬਰੰਗੇ ਦਫ਼ਤਰਾਂ ਤੋਂ ਹੀ ਇਸ ਗੱਲ ਦਾ ਅੰਦਾਜ਼ਾ ਲੱਗ ਜਾਂਦਾ ਹੈ ਕਿ ਪੰਜਾਬ ਦਾ ਨੌਜਵਾਨ ਵਰਗ ਪੜ੍ਹਾਈ ਬਹਾਨੇ ਪਰਵਾਸ ਕਰਨ ਲਈ ਕਿਸ ਹੱਦ ਤਕ ਤਹੂ ਹੈ। ਇਸ ਵਰਤਾਰੇ ਦੀ ਵਿਆਪਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਜਦੋਂ ਕਿਸੇ ਵੀ 11ਵੀਂ 12ਵੀਂ ਵਾਲੇ ਵਿਦਿਆਰਥੀ ਨੂੰ ਉਸਦੀ ਅਗਲੀ ਪੜ੍ਹਾਈ ਸਬੰਧੀ ਸੁਆਲ ਕੀਤਾ ਜਾਂਦਾ ਹੈ ਤਾਂ ਝੱਟ ਹੀ ਘੜਿਆ ਘੜਾਇਆ ਜੁਆਬ ਮਿਲਦਾ ਹੈ ਕਿ ਅਬਰੌਡ ਸਟੱਡੀ ਕਰਨਾ ਹੈ।

ਕੁਝ ਤਾਜ਼ਾ ਸਟੱਡੀਜ਼ ਦੇ ਹਵਾਲੇ ਨਾਲ ਪਰਵਾਸ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਪੰਜਾਬ ਵਿਚੋਂ ਨੌਜਵਾਨਾਂ ਨੂੰ ਵਿਦੇਸ਼ ਜਾਣ ਦੇ ਰਾਹ ਪੈਣ ਦਾ ਇੱਕ ਵੱਡਾ ਕਾਰਨ ਬੇਰੁਜ਼ਗਾਰੀ ਬਣਦਾ ਹੈ ਕਿਉਂਕਿ ਪੰਜਾਬ ਦੀ ਜਵਾਨੀ ਖੇਤੀ ਅਤੇ ਇਸ ਨਾਲ ਜੁੜੇ ਹੋਏ ਹੋਰ ਰਵਾਇਤੀ ਧੰਦਿਆਂ ਨੂੰ ਅਪਣਾਉਣਾ ਨਹੀਂ ਚਾਹੁੰਦੀ। ਦੂਜਾ ਪੇਂਡੂ ਨੌਜਵਾਨ ਆਪਣੇ ਮੁਲਕ ਅੰਦਰ ਹੀ ਉਪਲੱਬਧ ਰੋਜ਼ਗਾਰ ਦੇ ਹੋਰਨਾਂ ਮੌਕਿਆਂ ਦੇ ਮਾਮਲੇ ਵਿੱਚ ਵੀ ਸ਼ਹਿਰੀ ਨੌਜਵਾਨਾਂ ਨਾਲ ਸਖਤ ਮੁਕਾਬਲੇ 'ਚ ਪਛੜ ਜਾਂਦਾ ਹੈ ਕਿਉਂਕਿ ਪੇਂਡੂ ਨੌਜਵਾਨ ਕੋਲ ਰਵਾਇਤੀ ਵਿਦਿਆ ਅਤੇ ਤਕਨੀਕੀ ਮੁਹਾਰਤ ਦੀ ਘਾਟ ਹੈ। ਅਜਿਹੀ ਹਾਲਤ ਵਿੱਚ ਉਹਨਾਂ ਸਾਹਮਣੇ ਵਿਦੇਸ਼ ਜਾ ਕੇ ਕੰਮ ਦੇ ਮੌਕਿਆਂ ਦੀ ਤਲਾਸ਼ ਕਰਨਾ ਅਤੇ ਉੱਥੇ ਵਸਣਾ ਹੀ ਇਕੋ ਇਕ ਰਾਹ ਬਾਕੀ ਰਹਿ ਜਾਂਦਾ ਹੈ।

ਪ੍ਰਸਿੱਧ ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ ਦਾ ਕਹਿਣਾ ਹੈ ਕਿ ਪੰਜਾਬ ਕੋਲ ਨੌਜਵਾਨਾਂ ਨੂੰ ਕੋਈ ਲਾਹੇਵੰਦ ਰੁਜ਼ਗਾਰ ਦੇਣ ਦੀ ਕੋਈ ਸਕੀਮ ਹੀ ਨਹੀਂ ਹੈ। ਖੇਤੀ ਖੇਤਰ ਵਿੱਚ ਰੁਜ਼ਗਾਰ ਦੇ ਵਸੀਲਿਆਂ 'ਚ ਭਾਰੀ ਕਟੌਤੀ ਦਰਜ ਕੀਤੀ ਗਈ ਹੈ। ਸੰਨ 2012 ਦੇ ਇਕ ਅਧਿਐਨ 'ਚ ਦੱਸਿਆ ਗਿਆ ਹੈ ਕਿ ਔਸਤਨ ਹਰ ਪੰਜਾਬੀ ਕਾਨੂੰਨੀ ਜਾਂ ਗੈਰ-ਕਾਨੂੰਨੀ ਹਰ ਹੀਲਾ ਵਰਤ ਕੇ ਬਾਹਰਲੇ ਮੁਲਕ ਵਿਚ ਪਰਵਾਸ ਕਰਨ ਲਈ ਉਤਾਵਲਾ ਹੈ।

ਪੜ੍ਹਾਈ ਲਈ ਪਰਵਾਸ ਦਾ ਇਤਿਹਾਸ ਵੀ ਪੁਰਾਣਾ ਹੈ। ਅਜਿਹੀ ਰਵਾਇਤ ਦਾ ਇਤਿਹਾਸ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ। ਚੌਥੀ ਸ਼ਤਾਬਦੀ 'ਚ ਨਾਲੰਦਾ ਦੇ ਵਿਸ਼ਵਵਿਦਿਆਲੇ 'ਚ ਨੇਪਾਲ, ਤਿੱਬਤ, ਚੀਨ ਅਤੇ ਕੋਰੀਆ ਤੋਂ ਵਿਦਿਆਰਥੀਆਂ ਦਾ ਇਥੇ ਆ ਕੇ ਪੜ੍ਹਾਈ ਕਰਨ ਦਾ ਇਤਿਹਾਸ ਮਿਲਦਾ ਹੈ। ਅਜੋਕੇ ਸਮਿਆਂ 'ਚ ਦੁਨੀਆ ਭਰ ਅੰਦਰ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਸਬੰਧੀ ਯੂਨੈਸਕੋ ਦੇ ਅੰਕੜਿਆਂ ਅਨੁਸਾਰ 1960 ਚ 5 ਲੱਖ , 1980 ਚ 9 ਲੱਖ 20 ਹਜ਼ਾਰ, 1990 'ਚ 12 ਲੱਖ ਅਤੇ 1995 'ਚ 15 ਲੱਖ ਸੀ। ਭਾਰਤੀ ਲੋਕ ਸਭਾ ਵਿੱਚ ਵਿਦੇਸ਼ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪੁੱਛੇ ਜਾਣ ਦੇ ਸਬੰਧ ਵਿੱਚ ਇਕ ਸੁਆਲ ਦੇ ਜੁਆਬ 'ਚ 9 ਅਗਸਤ 2017 ਨੂੰ ਵਿਦੇਸ਼ ਮੰਤਰੀ ਨੇ ਦੱਸਿਆ ਸੀ ਕਿ ਦੁਨੀਆਂ ਦੇ 86 ਮੁਲਕਾਂ ਅੰਦਰ ਇਸ ਸਮੇਂ 5 ਲੱਖ 53 ਹਜ਼ਾਰ 440 ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਇਹਨਾਂ ਦੀ ਦੋ ਤਿਹਾਈ ਗਿਣਤੀ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਚ ਪੜ੍ਹਾਈ ਕਰ ਰਹੀ ਹੈ।

ਕਿਸੇ ਰਾਜ ਚੋਂ ਵੱਡੀ ਪੱਧਰ 'ਤੇ ਹੋ ਰਹੇ ਪਰਵਾਸ ਨੂੰ ਆਮ ਤੌਰ 'ਤੇ ਉਸ ਖੇਤਰ ਦੇ ਆਰਥਿਕ ਵਿਕਾਸ 'ਚ ਪਛੜੇਵੇਂ ਦੇ ਰੂਪ ਵਿੱਚ ਪੈਦਾ ਹੋਈ ਸਮਾਜਿਕ ਜਾਂ ਸਿਆਸੀ ਉਥਲ- ਪੁਥਲ ਦੇ ਨਤੀਜੇ ਵਜੋਂ ਦੇਖਿਆ ਜਾਂਦਾ ਹੈ। ਪਰ ਪੰਜਾਬ ਦੇ ਮਾਮਲੇ ਵਿਚ ਹਾਲਾਤ ਵੱਖਰੇ ਹਨ ਕਿਉਂਕਿ ਆਰਥਿਕ ਪੱਖ ਤੋਂ ਇਸ ਨੂੰ ਭਾਰਤ ਦੇ ਇਕ ਸਭ ਤੋਂ ਵੱਧ ਵਿਕਸਤ ਸੂਬੇ ਦੇ ਰੂਪ ਵਿੱਚ ਦੇਖਿਆ ਜਾਂਦਾ ਰਿਹਾ ਹੈ ਅਤੇ ਜਿਸ ਦਾ ਭਾਰਤ ਦੀ ਖੇਤੀ ਅਧਾਰਤ ਆਰਥਿਕਤਾ ਅਤੇ ਮਨੁੱਖੀ ਸਰੋਤ ਦੇ ਵਿਕਾਸ ਦੇ ਮਾਮਲੇ 'ਚ ਇਕ ਅਹਿਮ ਯੋਗਦਾਨ ਹਮੇਸ਼ਾ ਰਿਹਾ ਹੈ।

ਸੱਤਰਵਿਆਂ 'ਚ ਅਮਰੀਕੀ ਤਰਜ਼ 'ਤੇ ਕੀਤੀ ਜਾਣ ਵਾਲੀ ਆਧੁਨਿਕ ਖੇਤੀ ਉਤਰੀ ਭਾਰਤ ਦੇ ਮੈਦਾਨੀ ਇਲਾਕਿਆਂ 'ਚ ਆਏ ਹਰੇ ਇਨਕਲਾਬ 'ਚ ਖੇਤੀ ਉਤਪਾਦਨ 'ਚ ਹੋਏ ਵਾਧੇ ਦੇ ਨਾਲ ਖੇਤੀ ਅਧਾਰਿਤ ਸਨਅਤਾਂ ਲਗਾਉਣ ਸਬੰਧੀ ਵੱਖ ਵੱਖ ਸਰਕਾਰਾਂ ਵੱਲੋਂ ਕੋਈ ਉਤਸ਼ਾਹ ਕਰੂ ਨੀਤੀਆਂ ਨਾ ਘੜਨ ਕਾਰਨ ਰੁਜਗਾਰ ਦੇ ਮੌਕੇ ਬਹੁਤ ਘੱਟ ਵਿਕਸਤ ਹੋਏ ਹਨ। ਮਨੁੱਖੀ ਸ਼ਕਤੀ ਦੀ ਥਾਂ 'ਤੇ ਮਸ਼ੀਨੀ ਵਰਤੋਂ ਹੋਣ ਨਾਲ ਖੇਤੀ ਦੇ ਖੇਤਰ 'ਚ ਲੱਗੇ ਕਾਮਿਆਂ ਦੀ ਮੰਗ ਘਟੀ ਹੈ। ਸਿੱਟੇ ਵਜੋਂ ਕਿਸਾਨੀ ਅਤੇ ਖੇਤ ਮਜ਼ਦੂਰਾਂ ਅੰਦਰ ਬੇਰੁਜ਼ਗਾਰੀ ਦੀ ਨੌਬਤ ਆਈ ਹੈ। ਇਸ ਦੇ ਨਾਲ ਹੀ ਸਰਕਾਰ ਦੀ ਅਜੋਕੀ ਆਰਥਕ ਨੀਤੀ ਤਹਿਤ ਸਰਕਾਰੀ ਨੌਕਰੀਆਂ 'ਚ ਭਾਰੀ ਕਟੌਤੀਆਂ, ਸਰਕਾਰੀ ਅਦਾਰਿਆਂ ਨੂੰ ਠੇਕੇਦਾਰੀ ਪ੍ਰਬੰਧ ਅਧੀਨ ਕਰਨ, ਸਨਅਤੀ ਵਿਕਾਸ ਦੀ ਕੋਈ ਬੱਝਵੀਂ ਨੀਤੀ ਨਾ ਹੋਣ ਵਰਗੇ ਕਾਰਨਾਂ ਨੇ ਬੇਰੁਜ਼ਗਾਰੀ 'ਚ ਭਾਰੀ ਵਾਧਾ ਕੀਤਾ ਹੈ। ਸਨਅਤੀ ਖੇਤਰ 'ਚ ਨੌਕਰੀਆਂ ਦੇ ਮਾਮਲੇ ਵਿਚ ਪਿਛਲੇ ਸਮੇਂ ਦੌਰਾਨ ਸੂਬੇ ਅੰਦਰ ਬਠਿੰਡਾ ਰਿਫਾਈਨਰੀ ਤੋਂ ਇਲਾਵਾ ਹੋਰ ਕੋਈ ਵੀ ਭਾਰੀ ਸਨਅਤ ਨਹੀਂ ਲਾਈ ਗਈ ਅਤੇ ਦੂਜੇ ਪਾਸੇ ਬਠਿੰਡਾ ਦੇ ਥਰਮਲ ਪਲਾਂਟ ਵਰਗੇ 50 ਸਾਲ ਪੁਰਾਣੇ ਸਰਕਾਰੀ ਅਦਾਰੇ ਨੂੰ ਵੀ ਨਿੱਜੀਕਰਨ ਦੀ ਭੇਟ ਚਾੜ੍ਹਦਿਆਂ ਬੰਦ ਕਰਕੇ ਹਜ਼ਾਰਾਂ ਕਾਮਿਆਂ ਨੂੰ ਬੇਰੁਜ਼ਗਾਰ ਕਰ ਦਿੱਤਾ ਗਿਆ ਹੈ।

1980-92 ਦੇ ਬਾਰ੍ਹਾਂ ਸਾਲ ਦੇ ਖਾੜਕੂ ਲਹਿਰ ਦੇ ਸਮੇਂ ਪੰਜਾਬ ਦੀ ਆਰਥਿਕ ਹਾਲਤ ਨੂੰ ਖੋਰਾ ਲੱਗਿਆ। ਇਸ ਨੇ ਰਾਜ ਨੂੰ ਮਾਲੀ ਸੰਕਟ ਵਿਚ ਸੁੱਟਿਆ। ਖਾੜਕੂਵਾਦ ਨਾਲ ਨਜਿੱਠਣ ਦੇ ਨਾਮ ਹੇਠ ਕੇਂਦਰ ਸਰਕਾਰ ਕੋਲੋਂ ਪੰਜਾਬ ਸਰਕਾਰ ਵੱਲੋਂ ਲਿਆ ਗਿਆ ਉਸ ਅਰਸੇ ਦਾ ਕਰਜ਼ਾ ਜਿਓਂ ਦਾ ਤਿਓਂ ਖੜ੍ਹਾ ਹੈ। ਨਤੀਜੇ ਵਜੋਂ ਵਿੱਤੀ ਸੰਕਟ ਕਾਰਨ ਕੋਈ ਵੀ ਵਿਕਾਸ

ਬਾਕੀ ਸਫ਼ਾ 29 'ਤੇ

# ਸਰਬੱਤ ਖਾਲਸਾ-ਬਰਗਾੜੀ ਮੋਰਚਾ ਤੇ ਪੰਥਕ ਏਕਤਾ

**ਸ. ਦਲਵਿੰਦਰ ਸਿੰਘ ਘੁੰਮਣ**
(0033630073111)



ਸਿੱਖ ਕੌਮ ਤੇ ਭੀੜ ਜਾਂ ਔਖੇ ਫੈਸਲੇ ਲੈਣ ਵੇਲੇ ਪੰਥ ਨੂੰ ਸੇਧ ਦੇਣ ਹੇਤ ਸਰਬੱਤ ਖਾਲਸਾ ਦੀ ਰਵਾਇਤ ਸਿੱਖ ਇਤਿਹਾਸ ਵਿੱਚ ਨਾਲ ਨਾਲ ਚਲਦੀ ਆ ਰਹੀ ਹੈ। ਸਿੱਖ ਖਾਨਾਬਦੋਸ਼ੀ ਦੇ ਹਾਲਾਤ ਵਿੱਚ ਇਕੱਠੇ ਹੋਕੇ ਕੌਮੀ ਅਗਵਾਈ ਲਈ ਸਰਬੱਤ ਖਾਲਸਾ ਕਰਦੇ ਰਹੇ ਹਨ। ਮੁਗਲਾਂ ਅਤੇ ਅੰਗਰੇਜ਼ਾਂ ਦੀ ਮਾਰ ਝੱਲਦਿਆ ਅੱਜ ਸਿੱਖ ਹਿੰਦੂ ਸਵਰਾਜ ਦੇ ਗੋਡੇ ਹੇਠ ਹੈ। ਅਜੋਕੇ ਹਾਲਾਤ ਸਿੱਖਾਂ ਦੀ ਰਾਜਨੀਤਕ, ਧਾਰਮਿਕ ਅਜਾਦੀ ਲਈ ਬਹੁਤ ਸਾਜਗਾਰ ਨਹੀਂ। 29 ਅਪ੍ਰੈਲ 1986 ਦੇ ਵੱਡੇ ਸਰਬੱਤ ਖਾਲਸਾ ਤੋਂ ਬਾਅਦ 10 ਨਵੰਬਰ 2015 ਦੇ ਚੱਬੇ ਦੀ ਧਰਤੀ ਉਪਰ ਹੋਏ ਅੱਜ ਤੱਕ ਦੇ ਸਭ ਤੋਂ ਵੱਡੇ ਸਰਬੱਤ ਖਾਲਸਾ ਨੇ ਕੌਮ ਨੂੰ ਇੱਕ-ਮੁੱਠ ਕੀਤਾ, ਜਿਸ ਵਿੱਚ ਰਾਜਨੀਤਕ ਅਤੇ ਧਾਰਮਿਕ ਫੈਸਲੇ ਲੈ ਕੇ ਇਕ ਪਰਿਵਾਰ ਦੀ ਕਬਜ਼ਾ ਨੀਤੀ ਨੂੰ ਨਕਾਰਦਿਆ ਡਗਮਗਾਉਂਦੇ ਹਾਲਾਤ ਨੂੰ ਪੈਰਾਂ ਸਿਰ ਕਰਨ ਲਈ ਕੌਮ ਨੂੰ ਸੱਦਾ ਦਿੱਤਾ ਗਿਆ ਸੀ। ਸਰਬੱਤ ਖਾਲਸਾ ਦੇ ਜਥੇਦਾਰਾਂ ਨੂੰ ਉਸੇ ਵੇਲੇ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ, ਜਿਸ ਕਰਕੇ ਕੌਮੀ ਅਗਵਾਈ ਦੀ ਘਾਟ ਰੜਕਣੀ ਜ਼ਰੂਰੀ ਸੀ। ਇਕ ਪਾਸੇ ਤਾਂ ਸਰਕਾਰ ਨੇ ਸ਼ੰਘਰਸ਼ੀ ਧਿਰਾਂ ਸਮੇਤ ਜਥੇਦਾਰਾਂ ਦੀ ਫੜੋ ਫੜਾਈ ਸ਼ੁਰੂ ਕੀਤੀ ਦੂਜੇ ਪਾਸੇ ਮੀਡੀਆ ਅਤੇ ਸਰਕਾਰ ਪੱਖੀ ਲੋਕਾਂ ਕੋਲੋਂ ਸਰਬੱਤ ਖਾਲਸਾ ਦੀਆਂ ਨਾਕਾਮੀਆਂ ਗਿਣਾ ਕੇ ਵਿਰੋਧ ਕਰਵਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਉਪਰ ਹੀ ਨਜਾਇਜ਼ ਕੇਸ ਬਣਾਏ ਜਾਣ ਲੱਗੇ। ਸਿੱਖਾਂ ਵਲੋਂ ਸਖਤ ਵਿਰੋਧ ਨੇ ਇਸ ਰੁਝਾਨ ਨੂੰ ਰੁਕਵਾਇਆ। ਪੰਥ ਹਿਤੈਸ਼ੀ ਸਮਕਾਲੀ ਜਥੇਬੰਦੀਆਂ ਦੇ ਵਿਰੋਧ ਵੀ ਸਾਹਮਣੇ ਆਏ। ਸਰਬੱਤ ਖਾਲਸਾ ਨੂੰ ਨਾ ਮੰਨਣ ਵਾਲਿਆਂ ਨੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਜਥੇਦਾਰ ਤਾਂ ਮੰਨ ਲਿਆ ਪਰ ਹੋਰ ਕਿਸੇ ਵੀ ਮਤੇ ਨਾਲ ਸਹਿਮਤੀ ਨਹੀਂ ਪ੍ਰਗਟਾਈ। ਫਿਰ ਸਰਬੱਤ ਖਾਲਸਾ ਦੇ " ਸਿੱਖਾਂ ਲਈ ਅੱਡਰੀ ਪਾਰਲੀਮੈਂਟ " ਦੇ ਮਤੇ ਨੂੰ ਲੈ ਕੇ ਵਰਲਡ ਸਿੱਖ ਪਾਰਲੀਮੈਂਟ ਦੇ ਰੂਪ ਵਿਚ ਗਠਨ ਕੀਤਾ ਗਿਆ। ਇਸ ਦੀਆਂ ਅਨੇਕਾਂ ਮੀਟਿੰਗ ਹੋ ਰਹੀਆਂ ਹਨ ਪਰ ਪੰਥ ਵਿਚ ਏਕਤਾ, ਪਾਰਦਰਸ਼ਤਾ ਅਤੇ ਵਿਧੀ ਵਿਧਾਨ ਦੀ ਘਾਟ ਨੇ ਸਿੱਖਾਂ ਵਿੱਚ ਬਿਨਾ ਕਿਸੇ ਪ੍ਰਾਪਤੀ ਦੇ ਸਗੋਂ ਹੋਰ ਉਲਝਣਾਂ ਪੈਦਾ ਕੀਤੀਆਂ ਹਨ। ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਦੋ ਸਿੱਖਾਂ ਦੇ ਪੁਲਿਸ ਵੱਲੋਂ ਕਤਲ ਕੀਤੇ ਜਾਣ ਦੇ ਮਾਮਲੇ ਵਿਚ ਕੋਈ ਇਨਸਾਫ ਨਾ ਮਿਲਣ ਨੇ ਬਰਗਾੜੀ ਮੋਰਚੇ ਦੀ ਅਰੰਭਤਾ ਨੂੰ ਜਨਮ ਦਿੱਤਾ। ਮੋਰਚਾ ਲਾਉਣ ਦਾ ਫੈਸਲਾ ਜਥੇਦਾਰ ਭਾਈ ਧਿਆਨ ਸਿੰਘ ਮੰਡ ਦਾ ਸੀ, ਕਿਉਂਕਿ ਜਥੇਦਾਰਾਂ ਦੀ ਨਿਯੁਕਤੀ ਤੋਂ ਬਾਅਦ ਸਿੱਖਾਂ ਵਿਚਲੀ ਨਿਰਾਸ਼ਾ ਨੇ ਵੱਡਾ ਖਲਾਅ ਪੈਦਾ ਕਰ ਦਿੱਤਾ ਸੀ। ਮੋਰਚੇ ਵਿਚ ਸਿੱਖਾਂ ਤੋਂ ਇਲਾਵਾ ਦੂਸਰੇ ਧਰਮਾਂ ਦੇ ਲੋਕਾਂ ਨੇ ਵੀ ਸਮੂਲੀਅਤ ਕੀਤੀ। ਮੋਰਚੇ ਨੂੰ ਕਾਮਯਾਬ ਕਰਨ ਹਿੱਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਦੂਸਰੇ ਦਲਾਂ ਅਤੇ ਜਥੇਬੰਦੀਆਂ ਨਾਲ ਮਿਲ ਕੇ ਮੋਹਰੀ ਰੋਲ ਅਦਾ ਕੀਤਾ। ਮੋਰਚੇ ਦੀ ਸੀਮਤ ਸਮੇਂ ਵਿੱਚ ਸਮਾਪਤੀ ਨੇ ਕਾਫੀ ਸ਼ੰਕਿਆਂ ਨੂੰ ਜਨਮ ਦਿੱਤਾ। ਭਾਵੇਂ ਇਸ ਨੂੰ ਪਹਿਲੇ ਪੜਾਅ ਦੇ ਤੌਰ 'ਤੇ ਲਿਆ ਗਿਆ। ਇਸ ਮੋਰਚੇ ਦੀ ਵੱਡੀ ਪਰਾਪਤੀ, ਜਿਹੜੀ ਹਰ ਇਨਸਾਨ ਨੂੰ ਇਨਸਾਫ ਲਈ ਖੜ੍ਹੇ ਹੋਣ ਲਈ ਉਤਸ਼ਾਹਿਤ ਕਰਦੀ ਹੈ, ਇਹ ਰਹੀ ਕਿ ਮੋਰਚੇ ਵਿੱਚ ਉਹ ਪਾਰਟੀਆਂ ਜਾਂ ਲੋਕ ਵੀ ਸ਼ਾਮਲ ਹੋਏ ਜੋ ਇਸ ਨੂੰ ਨਿਰੋਲ ਧਾਰਮਿਕ ਜਾਂ ਸਿੱਖਾਂ ਦਾ ਮੰਨਦੇ ਸਨ। ਇਥੇ ਇਸ ਗੱਲ ਦਾ ਉਭਰਨਾ ਕਿ ਪੰਜਾਬ ਦੀ ਧਰਤੀ ਨੂੰ ਉਹੀ ਪਰਵਾਨ ਹੋਣਗੇ ਜੋ ਪੰਥ-ਖਾਲਸਾ ਤੇ ਪੰਜਾਬ-ਪੰਜਾਬੀ-ਪੰਜਾਬੀਅਤ ਲਈ ਵਿਚਰਨਗੇ, ਵੱਡੀ ਚੇਤਨਾ ਪੈਦਾ ਕਰਦੀ ਹੈ। ਮੋਰਚੇ ਦੀਆਂ ਤਿੰਨੇ ਮੰਗਾਂ ਦਾ ਲਗਭਗ ਮੰਨੇ ਜਾਣਾ ਜਾਂ ਸਰਕਾਰ ਦੇ ਵਾਅਦਿਆਂ ਨੇ ਇਨਸਾਫ ਲਈ ਵਕਤੀ ਸੰਤੁਸ਼ਟੀ ਦਿੱਤੀ ਹੈ। ਮੋਰਚੇ ਦੀਆਂ ਪ੍ਰਾਪਤੀਆਂ ਨੂੰ ਹਾਂ ਪੱਖੀ ਨਜ਼ਰੀਏ ਨਾਲ ਵੇਖਣਾ ਪਵੇਗਾ ਕਿਉਂਕਿ ਲੰਮਾ ਸਮਾਂ ਚੱਲੇ ਮੋਰਚੇ ਨੇ ਕੌਮੀ ਏਕਤਾ ਨੂੰ ਬਣਾਇਆ, ਬੇਅਦਬੀ ਦੇ ਦੋਸ਼ੀਆ ਨੂੰ ਫੜਵਾਇਆ, ਅਣਪਛਾਤੀ ਪੁਲਿਸ ਦੀ ਸ਼ਨਾਖਤ ਕਰਕੇ ਕੇਸ ਦਰਜ ਹੋਏ, ਸ਼ਹੀਦ ਪਰਿਵਾਰਾਂ ਨੂੰ ਕਰੋੜਾਂ ਰੁਪਏ ਮੁਆਵਜ਼ਾ, ਸੀਬੀਆਈ ਦੀ ਜਾਂਚ ਨੂੰ ਵਾਪਸ ਕਰਕੇ ਜਾਂਚ ਕਮੇਟੀ ਨੂੰ ਸੌਂਪਣਾ, ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸਨ ਸੱਦਿਆ ਜਾਣਾ, ਬੜਗਾੜੀ ਪਿੰਡ ਦਾ ਬਰਗਾੜੀ ਸਾਹਿਬ ਹੋਣਾ, ਡੇਰੇ ਨਾਲ ਸੰਬੰਧਿਤ ਨਾਮ ਚਰਚਾ ਨੂੰ ਬੰਦ ਕਰਵਾਉਣ ਸੰਬੰਧੀ ਸਿੱਖਾਂ ਉਪਰ ਬਣੇ ਕੇਸਾਂ ਨੂੰ ਵਾਪਸ ਲੈਣਾ, ਸਿੱਖ ਕੈਦੀਆਂ ਦੀਆਂ ਰਿਹਾਈਆਂ ( ਭਾਈ ਦਲਬਾਗ ਸਿੰਘ ਬਾਗਾ ਦੀ ਰਿਹਾਈ ), ਕੈਦੀਆਂ ਦੀਆਂ ਪੰਜਾਬ ਵਿੱਚ ਜੇਲ੍ਹ ਤਬਦੀਲੀਆਂ, ਕੈਦੀਆਂ ਦੀ ਛੁੱਟੀ ਪੈਰੋਲ ਵਿੱਚ ਵਾਧਾ, ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੁਮੇਧ ਸਿੰਘ ਸੈਣੀ, ਅਕਸ਼ੇ ਕੁਮਾਰ ਐਕਟਰ ਆਦਿ ਨੂੰ ਜਾਂਚ ਘੇਰੇ ਹੇਠ ਲਿਆਂਦਾ ਅਤੇ ਮੌੜ ਬੰਬ ਕਾਂਡ ਕੇਸ ਨੂੰ ਖੁੱਲ੍ਹਵਾਇਆਂ ਆਦਿ ਅਮਨ ਸ਼ਾਤਮਈ ਚੱਲੇ ਮੋਰਚੇ ਦੀਆਂ ਵੱਡੀਆਂ ਪਰਾਪਤੀਆਂ ਹਨ। ਸਿਆਸੀ ਤੌਰ 'ਤੇ ਇਕ ਹੋਰ ਵੱਡੀ ਪਰਾਪਤੀ, ਸ਼੍ਰੋਮਣੀ ਅਕਾਲੀ ਦਲ ਉਪਰ ਬਾਦਲ ਪਰਿਵਾਰ ਦੀ ਅਜ਼ਾਰੇਦਾਰੀ ਦਾ ਵਕਤੀ ਭੋਗ ਪੈਣਾ ਰਹੀ।



ਅਜੋਕੇ ਹਾਲਾਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਨਵ-ਨਿਰਮਾਣ ਦੀਆਂ ਸੰਭਾਵਨਾਵਾਂ ਵੀ ਵਧੀਆਂ ਹਨ। ਚੋਣਾਂ ਦਾ ਸਿਰ ਉਪਰ ਆ ਜਾਣਾ ਨਿੱਤ ਨਵੇਂ ਸਮੀਕਰਨਾਂ ਨੂੰ ਜਨਮ ਦੇ ਰਿਹਾ ਹੈ। ਮਹਾਂ-ਗਠਬੰਧਨਾਂ ਦਾ ਦੌਰ ਸ਼ੁਰੂ ਹੈ। ਜਥੇਦਾਰ ਧਿਆਨ ਸਿੰਘ ਮੰਡ ਦੁਆਰਾ ਦੂਸਰੇ ਪੜਾਅ ਦੇ ਮੋਰਚੇ ਦੀ ਵੀ ਅਰੰਭਤਾ ਦੇ ਸੰਕੇਤ ਮਿਲ ਰਹੇ ਹਨ ਪਰ ਇਨਸਾਫ ਲਈ ਲੜੀ ਜਾ ਰਹੀ ਲੜਾਈ ਦੇ, ਬਿਨਾ ਪੰਥਕ ਏਕਤਾ ਦੇ , ਕੀ ਸਾਰਥਕ ਨਤੀਜੇ ਸਾਹਮਣੇ ਆਉਣਗੇ ? ਸਿੱਖ ਕੌਮ ਕੋਲ ਕੌਮੀ ਏਕਤਾ ਕਰਨ ਦਾ ਢੁਕਵਾਂ ਵਕਤ ਹੈ। ਅਜਿਹਾ ਹੋ ਸਕੇਗਾ ਕਿ ਨਹੀਂ, ਜੁਆਬ ਆਉਣ ਵਾਲੇ ਸਮੇਂ ਦੀ ਬੁੱਕਲ ਵਿਚ ਹਨ।

# ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਕਿਵੇਂ ਹੱਲ ਹੋਵੇ ?

**ਰਜਿੰਦਰ ਸਿੰਘ ਪੁਰੇਵਾਲ**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਸੰਕਟ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਇਤਿਹਾਸ ਹੁਣ ਸਭ ਤੋਂ ਬੁਰੇ ਦੌਰ ਵਿਚੋਂ ਲੰਘ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਪਹਿਲਾਂ ਟਕਸਾਲੀ ਅਕਾਲੀਆਂ, ਮਾਝੇ ਦੇ ਜਥੇਦਾਰਾਂ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਨੇ ਬਗਾਵਤ ਖੜ੍ਹੀ ਕੀਤੀ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨਗੀ ਤੋਂ ਪਰ੍ਹੇ ਕੀਤਾ ਜਾਵੇ, ਜਿਸ ਕਰਕੇ ਅਕਾਲੀ ਦਲ ਧਰਮ ਸੰਕਟ ਵਿਚ ਰਿਹਾ ਹੈ ਤੇ ਪੰਥ ਤੋਂ ਦੂਰ ਹੋਇਆ ਹੈ। ਹੁਣ ਇਹ ਮੰਗ ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕਰ ਦਿੱਤੀ ਹੈ। ਢੀਂਡਸਾ ਨੇ ਕਿਹਾ ਕਿ ਸੁਖਬੀਰ ਨੂੰ ਪਾਰਟੀ ਵਿਰੁੱਧ ਲੋਕਾਂ ਦਾ ਗੁੱਸਾ ਸ਼ਾਂਤ ਕਰਨ ਲਈ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਅਕਾਲੀ ਦਲ ਨੂੰ ਇਸ ਵੇਲੇ ਨਵੇਂ ਪ੍ਰਧਾਨ ਦੀ ਜ਼ਰੂਰਤ ਹੈ। ਯਾਦ ਰਹੇ ਕਿ ਜਿਸ ਅਕਾਲੀ ਦਲ ਦਾ ਜਨਮ ਗੁਰਦੁਆਰਿਆਂ ਨੂੰ ਭ੍ਰਿਸ਼ਟ ਮਸੰਦਾਂ ਤੋਂ ਆਜ਼ਾਦ ਕਰਵਾਉਣ ਤੇ ਪੰਥਕ ਮੋਰਚਿਆਂ ਵਿਚੋਂ ਹੋਇਆ ਸੀ, ਉਸ ਅਕਾਲੀ ਦਲ ਦੇ ਮੱਥੇ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਵਾਉਣ ਦਾ ਕਲੰਕ ਲੱਗ ਗਿਆ ਹੈ। ਬੇਅਦਬੀ ਦੇ ਹਿਰਦੇਵੇਦਕ ਘਟਨਾਕ੍ਰਮ ਦੀ ਸ਼ੁਰੂਆਤ 1 ਜੂਨ, 2015 ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਿੰਘ ਸਭਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਚੋਰੀ ਹੋਣ ਨਾਲ ਹੋਈ ਸੀ। ਇਸ ਸਰੂਪ ਨੂੰ ਲੱਭਣ ਵਿਚ ਪੁਲਿਸ ਅਜੇ ਸਰਗਰਮ ਹੋਈ ਹੀ ਸੀ ਕਿ 25 ਸਤੰਬਰ 2015 ਦੀ ਰਾਤ ਨੂੰ ਪਿੰਡ ਬਰਗਾੜੀ ਵਿਚ ਕੰਧਾਂ 'ਤੇ ਵਿਵਾਦਗ੍ਰਸਤ ਪੋਸਟਰ ਲੱਗੇ ਮਿਲੇ ਕਿ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਦੀ ਪਿੰਡ ਜਵਾਹਰ ਸਿੰਘ ਵਾਲਾ ਤੋਂ ਚੋਰੀ ਹੋਈ ਬੀੜ, ਪਿੰਡ ਬਰਗਾੜੀ ਵਿਚ ਹੀ ਲੁਕਾ ਕੇ ਰੱਖੀ ਹੈ ਅਤੇ ਅਗਲੇ ਕੁਝ ਦਿਨਾਂ ਤੱਕ ਪਿੰਡ ਦੀਆਂ ਗਲੀਆਂ ਵਿਚ ਹੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਸੁੱਟੇ ਜਾਣਗੇ। ਬਾਦਲ ਸਰਕਾਰ ਨੇ ਇਸ ਸਥਿਤੀ ਨੂੰ ਸੁਹਿਰਦਤਾ ਨਾਲ ਨਹੀਂ ਲਿਆ।

ਇਸ ਤੋਂ ਬਾਅਦ 11 ਅਕਤੂਬਰ 2015 ਦੀ ਰਾਤ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਹੀ ਬਰਗਾੜੀ ਪਿੰਡ ਦੀਆਂ ਗਲੀਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਮਿਲਣ ਤੋਂ ਬਾਅਦ ਪੰਜਾਬ ਵਿਚ ਬੇਅਦਬੀਆਂ ਦਾ ਸਿਲਸਿਲਾ ਆਰੰਭ ਹੋਇਆ, ਜਿਸ ਨੂੰ ਸਮੇਂ ਦੀ ਅਕਾਲੀ-ਭਾਜਪਾ ਸਰਕਾਰ ਰੋਕਣ ਵਿਚ ਬੁਰੀ ਤਰ੍ਹਾਂ ਨਕਾਮ ਰਹੀ। ਬੇਅਦਬੀ ਦੀ ਘਟਨਾ ਤੋਂ ਬਾਅਦ ਸਿੱਖ ਪੰਥ ਨੇ ਦੋਸ਼ੀਆਂ ਨੂੰ ਲੱਭਣ ਵਿਚ ਪੁਲਿਸ ਦੀ ਅਸਫਲਤਾ ਖ਼ਿਲਾਫ਼ ਸ਼ਾਂਤਮਈ ਤਰੀਕਿਆਂ ਨਾਲ ਰੋਸ ਪ੍ਰਦਰਸ਼ਨ ਸ਼ੁਰੂ ਕੀਤੇ। ਬਾਦਲ ਸਰਕਾਰ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਬੇਨਕਾਬ ਕਰਨ ਦੀ ਥਾਂ ਧਰਨਾਕਾਰੀ ਸਿੱਖਾਂ 'ਤੇ ਹੀ ਸਖ਼ਤੀ ਵਰਤੀ। 13 ਅਕਤੂਬਰ ਨੂੰ ਕੋਟਕਪੂਰਾ ਦੇ ਬੱਤੀਆਂ ਵਾਲਾ ਚੌਕ ਅਤੇ ਮੋਗਾ ਜ਼ਿਲ੍ਹੇ ਦੇ ਪਿੰਡ ਬੁੱਟਰ ਕਲਾਂ ਵਿਚ ਸ਼ਾਂਤਮਈ ਸਿੱਖ ਧਰਨਾਕਾਰੀਆਂ 'ਤੇ ਜ਼ਬਰਦਸਤ ਲਾਠੀਚਾਰਜ ਤੇ ਗੋਲੀਬਾਰੀ ਕੀਤੀ। ਅਗਲੇ ਦਿਨ 14 ਅਕਤੂਬਰ 2015 ਨੂੰ ਪਿੰਡ ਬਹਿਬਲ ਕਲਾਂ ਵਿਚ ਵੀ ਸਿੱਖ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਨੇ ਅੰਨ੍ਹੇਵਾਹ ਗੋਲੀਬਾਰੀ ਕਰਕੇ ਦੋ ਸਿੱਖ ਨੌਜਵਾਨਾਂ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਸਿੱਖ ਪੰਥ ਦਾ ਗੁੱਸਾ ਹੋਰ ਜ਼ਿਆਦਾ ਭਿਆਨਕ ਰੂਪ ਅਖ਼ਤਿਆਰ ਕਰ ਗਿਆ ਅਤੇ ਸੂਬੇ ਭਰ ਵਿਚ ਰੋਸ ਮੁਜ਼ਾਹਰਿਆਂ ਤੇ ਪੱਕੇ ਧਰਨਿਆਂ ਦਾ ਸਿਲਸਿਲਾ ਆਰੰਭ ਹੋ ਗਿਆ। ਪੰਜਾਬ ਭਰ ਵਿਚ ਸੱਤਾਧਾਰੀ ਅਕਾਲੀ ਦਲ ਪ੍ਰਤੀ ਪੰਥਕ ਵਿਰੋਧ ਦਾ ਭਾਂਬੜ ਬਲ ਉਠਿਆ ਅਤੇ ਕਈ ਮਹੀਨੇ ਤੱਕ ਅਕਾਲੀ ਆਗੂ ਲੋਕਾਂ ਦੇ ਸਾਹਮਣੇ ਨਹੀਂ ਆ ਸਕੇ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਾਲਾਤ ਨੂੰ ਕਾਬੂ ਕਰਨ ਦੇ ਯਤਨਾਂ ਵਿਚ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਵਿਚ ਇਕ ਜਾਂਚ ਕਮਿਸ਼ਨ ਬਣਾਇਆ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਬੇਅਦਬੀ ਦੀਆਂ ਘਟਨਾਵਾਂ ਲਈ ਪੁਲਿਸ ਦੀ ਅਣਗਹਿਲੀ ਨੂੰ ਦੋਸ਼ੀ ਠਹਿਰਾਇਆ ਸੀ। ਪਰ ਬਾਦਲ ਸਰਕਾਰ ਨੇ ਆਪਣੇ ਸ਼ਾਸਨ ਕਾਲ ਵਿਚ ਇਸ ਰਿਪੋਰਟ ਨੂੰ ਜਾਰੀ ਨਾ ਕੀਤਾ। ਪੁਲੀਸ ਦੀ ਨਕਾਮੀ ਤੋਂ ਬਾਅਦ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਸੀ.ਬੀ.ਆਈ. ਨੇ ਆਪਣੇ ਹੱਥਾਂ ਵਿਚ ਲੈ ਲਈ, ਪਰ ਉਹ ਵੀ ਸਫ਼ਲ ਨਾ ਹੋ ਸਕੇ। ਸਾਲ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਕਾਰਨ ਬਾਦਲ ਦਲ ਨੂੰ ਕਰਾਰੀ ਹਾਰ ਹੋਈ। ਇੱਥੋਂ ਤੱਕ ਕਿ ਉਹ ਵਿਰੋਧੀ ਪਾਰਟੀ ਦਾ ਦਰਜਾ ਵੀ ਨਾ ਪ੍ਰਾਪਤ ਕਰ ਸਕਿਆ।

ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਇਕ ਨਵਾਂ ਕਮਿਸ਼ਨ ਬਣਾ ਕੇ ਬੇਅਦਬੀ ਦੀਆਂ ਸਮੁੱਚੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀਆਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਨੂੰ ਬੇਨਕਾਬ ਕੀਤਾ ਜਾਵੇਗਾ। ਸਰਕਾਰ ਬਣਨ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਬਾਦਲ ਸਰਕਾਰ ਵੇਲੇ ਦੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਖਾਰਜ ਕਰਦਿਆਂ ਇਕ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਬਣਾ ਕੇ ਬੇਅਦਬੀ ਦੀਆਂ 122 ਦੇ ਲਗਭਗ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਦਾ ਜ਼ਿੰਮਾ ਸੌਂਪ ਦਿੱਤਾ। ਪਿਛਲੇ ਦਿਨੀਂ ਹੀ, ਲਗਭਗ ਇਕ ਸਾਲ ਤੋਂ ਕੁਝ ਵੱਧ ਸਮਾਂ ਲਾ ਕੇ ਜਸਟਿਸ ਰਣਜੀਤ ਸਿੰਘ ਨੇ ਆਪਣੀ ਰਿਪੋਰਟ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪ ਦਿੱਤੀ। 28 ਅਗਸਤ ਨੂੰ ਇਹ ਰਿਪੋਰਟ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿਚ ਪੇਸ਼ ਕੀਤੀ ਗਈ।



ਇਸ ਰਿਪੋਰਟ ਵਿਚ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਬਹੁਤ ਸਾਰੇ ਤੱਥ ਪੇਸ਼ ਕਰਨ ਦੇ ਨਾਲ-ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਾ ਲੈਣ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਰਕਾਰੀ ਮਸ਼ੀਨਰੀ ਦੀ ਢੁੱਕਵੀਂ ਵਰਤੋਂ ਨਾ ਕਰਨ ਕਰਕੇ ਤਤਕਾਲੀ ਅਕਾਲੀ-ਭਾਜਪਾ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਗਿਆ। ਨਾਲ ਹੀ ਤਤਕਾਲੀ ਪੰਜਾਬ ਪੁਲਿਸ ਮੁਖੀ ਸੁਮੇਧ ਸੈਣੀ ਦੇ ਇਕ ਹਲਫੀਆ ਬਿਆਨ ਦੇ ਆਧਾਰ 'ਤੇ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਹਾਲਤਾਂ ਦੌਰਾਨ ਪੰਜਾਬ ਪੁਲਿਸ ਮੁਖੀ ਨੂੰ ਹਰ ਹੁਕਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਆਉਂਦਾ ਸੀ।

ਇਸ ਰਿਪੋਰਟ ਦੇ ਵੇਰਵਿਆਂ ਅਨੁਸਾਰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਜੋ ਉਸ ਵੇਲੇ ਗ੍ਰਹਿ ਵਿਭਾਗ ਦੇ ਮੁਖੀ ਵੀ ਸਨ ਅਤੇ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੂੰ ਮੁੱਖ ਰੂਪ ਵਿਚ ਕਟਹਿਰੇ ਅੰਦਰ ਖੜ੍ਹਾ ਕੀਤਾ ਗਿਆ ਹੈ। ਵਿਧਾਨ ਸਭਾ ਵਿਚ ਬਹਿਸ ਵਿਚੋਂ ਭੱਜਣ ਕਾਰਨ ਕਸੂਤਾ ਫਸਿਆ ਅਕਾਲੀ ਦਲ ਸਿੱਖਾਂ ਲਈ ਨਫ਼ਰਤ ਦਾ ਪਾਤਰ ਬਣ ਗਿਆ। ਵਿਰੋਧੀ ਧਿਰ ਆਮ ਆਦਮੀ ਪਾਰਟੀ ਨੇ ਵੀ ਸਰਬਸੰਮਤੀ ਨਾਲ ਕੈਪਟਨ ਸਰਕਾਰ ਵਲੋਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਬਣਾਏ ਕਮਿਸ਼ਨ ਦੀ ਰਿਪੋਰਟ 'ਤੇ ਸਹਿਮਤੀ ਜਤਾਈ। ਬਹਿਸ ਨੂੰ ਸਮੇਟਦਿਆਂ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਬੇਅਦਬੀ ਦੀਆਂ ਘਟਨਾਵਾਂ ਅਤੇ ਗੋਲੀ ਕਾਂਡ ਦੀ ਜਾਂਚ 'ਸੀ.ਬੀ.ਆਈ.' ਦੀ ਬਜਾਇ 'ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ' ਕੋਲੋਂ ਕਰਵਾਉਣ ਸਬੰਧੀ ਮਤਾ ਪੇਸ਼ ਕੀਤਾ। ਇਸ ਮਤੇ ਨੂੰ ਕਾਂਗਰਸ ਅਤੇ 'ਆਪ' ਪਾਰਟੀ ਦੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਮਾਮਲਿਆਂ ਦੀ ਸਮਾਂਬੱਧ ਜਾਂਚ ਕਰਾਉਣ ਅਤੇ ਜਾਂਚ ਦੇ ਆਧਾਰ 'ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦਾ ਭਰੋਸਾ ਦਿੱਤਾ। ਦੂਜੇ ਪਾਸੇ ਵਿਸ਼ੇਸ਼ ਇਜਲਾਸ ਵਿਚ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਰਿਪੋਰਟ 'ਤੇ ਬਹਿਸ ਦੌਰਾਨ ਅਕਾਲੀ-ਭਾਜਪਾ ਦੇ ਵਿਧਾਇਕਾਂ ਨੇ ਆਪਣਾ ਪੱਖ ਰੱਖਣ ਦੀ ਬਜਾਇ ਇਸ ਇਜਲਾਸ ਦਾ ਬਾਈਕਾਟ ਹੀ ਕਰ ਦਿੱਤਾ। ਇਸ ਕਾਰਨ ਖਾਲਸਾ ਪੰਥ ਵਿਚ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਅਕਾਲੀ ਦਲ ਪ੍ਰਤੀ ਗੁੱਸਾ ਮੁੜ ਉਬਾਲੇ ਮਾਰਨ ਲੱਗ ਪਿਆ ਹੈ। ਹਾਲਾਂਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਹੋਣ ਤੋਂ ਪਹਿਲਾਂ ਹੀ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਵਲੋਂ ਇਸ ਰਿਪੋਰਟ ਨੂੰ ਰੱਦ ਕਰਨਾ ਅਤੇ ਇਸ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਕੋਲੋਂ ਮਤਾ ਪਵਾਉਣਾ ਵੀ ਰਣਨੀਤਕ ਤੌਰ 'ਤੇ ਅਕਾਲੀ ਦਲ ਦੀਆਂ ਵੱਡੀਆਂ ਗਲਤੀਆਂ ਸਾਬਤ ਹੋਈਆਂ, ਜਿਨ੍ਹਾਂ ਨੇ ਬੇਅਦਬੀਆਂ ਦੀਆਂ ਘਟਨਾਵਾਂ ਦੀ ਪੜਤਾਲ ਪ੍ਰਤੀ ਅਕਾਲੀ ਦਲ ਦੀ ਭੂਮਿਕਾ ਨੂੰ ਲੋਕਾਂ ਵਿਚ ਸ਼ੱਕੀ ਬਣਾ ਦਿੱਤਾ। 27 ਜਨਵਰੀ ਨੂੰ ਸਾਬਕਾ ਉੱਚ ਪੁਲੀਸ ਅਧਿਕਾਰੀ ਚਰਨਜੀਤ ਸ਼ਰਮਾ ਅਤੇ ਇਕ ਹੋਰ ਦੀ ਗ੍ਰਿਫ਼ਤਾਰੀ ਨਾਲ ਇਹ ਮਾਮਲਾ ਫਿਰ ਭੱਖ ਗਿਆ ਹੈ।

ਅਕਾਲੀ ਦਲ ਸੰਘਰਸ਼ ਵਿਚੋਂ ਪੈਦਾ ਹੋਈ ਪਾਰਟੀ ਹੈ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਸ਼ੁਰੂ ਹੋਈ ਗੁਰਦੁਆਰਾ ਸੁਧਾਰ ਲਹਿਰ ਅਤੇ ਆਜ਼ਾਦੀ ਦੇ ਸੰਘਰਸ਼ ਵਿਚ ਅਕਾਲੀ ਦਲ ਨੇ ਸ਼ਾਂਤਮਈ ਸੰਘਰਸ਼ ਤੇ ਜ਼ਬਤ ਦੀ ਮਿਸਾਲ ਕਾਇਮ ਕੀਤੀ। ਆਜ਼ਾਦੀ ਤੋਂ ਬਾਅਦ ਦਲ ਨੇ ਪੰਜਾਬੀ ਸੂਬੇ ਲਈ ਲੜਾਈ ਲੜੀ, ਐਮਰਜੈਂਸੀ ਦੌਰਾਨ ਲਗਾਤਾਰ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਬਾਅਦ ਵਿਚ ਧਰਮਯੁੱਧ ਮੋਰਚਾ ਲਾਇਆ। ਇਸ ਪਾਰਟੀ ਨੇ ਪੰਜਾਬ ਨੂੰ ਸੁਰਮੁਖ ਸਿੰਘ ਝਬਾਲ, ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਹਰਚੰਦ ਸਿੰਘ ਲੌਂਗੋਵਾਲ ਜਿਹੇ ਆਗੂ ਦਿੱਤੇ ਜਿਨ੍ਹਾਂ ਨੇ ਸੂਬੇ ਦੀ ਸਿਆਸਤ ਨੂੰ ਨਵੀਂ ਸੇਧ ਦਿੱਤੀ ਹੈ ਤੇ ਪੰਥ ਦੇ ਬੋਲਬਾਲਿਆਂ ਨੂੰ ਤਰਜੀਹ ਦਿੱਤੀ ਹੈ। ਇਸ ਵੇਲੇ ਅਕਾਲੀ ਦਲ ਬੜੇ ਅਜਮਾਇਸ਼ੀ ਦੌਰ ਵਿਚੋਂ ਲੰਘ ਰਿਹਾ ਹੈ ਅਤੇ ਇਹਦੇ ਆਗੂਆਂ ਨੂੰ ਆਪਣੇ ਸ਼ਾਨਦਾਰ ਇਤਿਹਾਸ ਨੂੰ ਚੇਤੇ ਕਰਨ ਦੀ ਲੋੜ ਹੈ। ਜੇਕਰ ਅਕਾਲੀ ਦਲ ਆਪਣੀਆਂ ਪੰਥਕ ਪਰੰਪਰਾਵਾਂ ਜਿਉਂਦੀਆਂ ਨਹੀਂ ਰੱਖੇਗਾ ਤਾਂ ਉਹ ਖਤਮ ਹੋ ਜਾਵੇਗਾ।

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

www.indiventy.com
indiventy
Indiventy Technologies




Our Services
- Website Designing
- Website Development
- Desktop Application Development
- Mobile Application Development
- Graphic Designing
- SEO (search Engine Optimiztation)

Plans

Basic website
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

Custom websites
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

Softwares/Applications
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536

## ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ

## ਮਹਾਨ ਸ਼ਹੀਦੀ ਸਮਾਗਮ

**10 ਫਰਵਰੀ, 2019 ਐਤਵਾਰ**




ਗੁਰਦੁਆਰਾ ਸਾਹਿਬ ਫਰੀਮੌਂਟ ਵਿੱਚ ਸਾਕਾ ਨਕੋਦਰ ਦੇ ਮਹਾਨ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪਰ, ਭਾਈ ਬਲਧੀਰ ਸਿੰਘ ਰਾਮਗੜ੍ਹ, ਅਤੇ ਭਾਈ ਝਿਲਮਣ ਸਿੰਘ ਗੋਰਸੀਆਂ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ।
ਇਸ ਮਹਾਨ ਸ਼ਹੀਦੀ ਸਮਾਗਮ ਵਿਚ ਸਮੂਹ ਸੰਗਤ ਨੂੰ ਪਰਿਵਾਰ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ : 08 ਫਰਵਰੀ, 2019 ਦਿਨ ਸ਼ੁੱਕਰਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ : 10 ਫਰਵਰੀ, 2019 ਦਿਨ ਐਤਵਾਰ**
**ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ।**

ਬੇਨਤੀ ਕਰਤਾ
**ਗੁਰਦੁਆਰਾ ਸਾਹਿਬ ਫਰੀਮੌਂਟ ਅਤੇ ਸਮੂਹ ਪੰਥਕ ਜਥੇਬੰਦੀਆਂ**

*ਵਧੇਰੇ ਜਾਣਕਾਰੀ ਲਈ ਕਾਲ ਕਰ ਸਕਦੇ ਹੋ*
**408 461-7071 & 510-790-0177**


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਸਿੱਖ ਰਾਜਨੀਤੀ ਦਾ ਦੁਖਾਂਤ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਤੀਜੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗ਼ਦਰੀ ਬਾਬੇ ਕੌਣ ਸਨ?
ਅਜਮੇਰ ਸਿੰਘ
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


GP THE GOLD PROGRAM
TRANS-ALLIANCE
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road. Save an average of $40/tire.
Consistent Nationwide Pricing
24/7/365 Coverage
No Minimum Purchases
Retain Your Local Service
— Save on top brands, like —
MICHELIN
Continental
GOODYEAR
BFGoodrich
DUNLOP
YOKOHAMA
KUMHO TIRES
ROADMASTER TIRES
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955


6TH ANNUAL FUNCTION
SANJHI SOCH NEWSPAPER
SATTI SATWINDER
JEETA GILL
DAVINDER PAMMI
JOT RANJIT
SHOKAT ALI
DHARAMVIR GARCHA
BEENA SAGAR
SUNNY BABBAR
RABINA UPPAL (BABY STAGE HOST)
APNA PUNJAB BHANGRA TEAM
ASHA SHARMA (STAGE HOST)
APNA PUNJAB BHANGRA TEAM
ARVEEN (MISS MANTECA)
23RD, FEB. 2019, SATURDAY AT 5PM TO 9PM
PLACE: NIRVAANA BANQUET HALL
1005-E, PESCADERO AVE. TRACY, CA- 95304
OUR SPONSOR
SARABJIT (SHABBA) THIARA, PARDEEP SHARMA (FALMINGO PALACE), SATNAM SINGH KHAIRA (SINGH TRANSPORT), HARVINDER SINGH KULAR, SARBJIT SINGH SABI (YUBA CITY), RANJIT BARIYAR (WHITE HAWK), GURJEET CHAHAL (GORA TRUCKING), BHAGDEEP SINGH (SEA TRANSPORTATION), TIRE & WHEEL OUTLET (STOCKTON), SAKINDER GREWAL (PUBNJABI DHABA DIXON), GURDEEP CHAUHAN (BULDOG TRANSPORT), HARPREET SINGH SIDHU, MANMEET GREWAL, RAJA CHANDI, ASHWANI BHAKHRI (ATTORNEY AT LAW), MANJIT UPPAL, SUMAN TRANSPORT, JASBIR TAKHAR (AAA AUTO BODY SHOP HAYWARD), SURJIT MALHI, JAGROOP SIDHU, SIMRAN HUNDAL, GOLDEN STATE TRUCK, MANJIT RAI, DHARMVIR GARCHA, TONY GILL, G.S.PANNU, BHAJAN BHINDER, GURCHARAN MANN, JAGJIT SINGH, AMARJIT SINGH, ROSY KAUR (CALIFORNIA IMMIGRATION SERVICES), MAGAR SINGH (MOON LIGHT ICE CREAM) NIRVAIL SINGH, DARSHAN AUJHLA, SUDESH ATWAL, HARKRISHAN KHATTKAR
RSVP
PAUL SAHOTA, RANA GILL, AVTAR GILL, JASWANT SINGH PANNU, SARDOOL SINGH BAJWA, HARPINDER CHAUHAN, PARAMJIT SINGH DAKHA, GURMIT SINGH GAZIANA, GURI KANG, INDERJIT, SINGH KALLIRAI, BOOTA SINGH BASI CHIEF EDITOR "SANJHI SOCH"
Beyond Bancard
No Contract
1-844-365-3050
OUR SPONSOR
CHICAGO'S PIZZA
RAJA CHANDI GROUP
MGN EXPRESS INC
RAFFEL SPONSORS
AMBIENCE FURNITURE
BAGGA PALACE (SACRAMENTO)
PAUL FASHION TURLOCK
MEDIA PARTNER
LIVE ON facebook
CATERING PUNJAB GRILL AT NIRVAANA
PHOTOGRAPHY & VIDEO BY KB BRARA
DECORATION
SAI DECOR
ਅੰਮ੍ਰਿਤਸਰ ਟਾਈਮਜ਼
ਸਾਂਝੀ ਸੋਚ
ਪੰਜਾਬ ਨਿਊਜ਼
ਪੰਜਾਬ ਮੇਲ
Contact & information: PHONE (209)-303-1260, Email : Info@sanjhisoch.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਸਿੱਖਾਂ ਨੇ ਪੰਜਾਬ ਭਰ ਵਿਚ ਭਾਰਤੀ ਗਣਤੰਤਰ ਦਿਵਸ ਦੇ ਸਮਾਨਾਂਤਰ ਕੀਤੇ ਰੋਸ ਮਾਰਚ

## *ਦਲ ਖਾਲਸਾ ਵੱਲੋਂ ਯੂਐਨਓ ਕੋਲੋਂ ਭਾਰਤ ਵਿਚਲੀਆਂ ਨਸਲੀ ਕੌਮਾਂ ਨੂੰ ਸਵੈ-ਨਿਰਣੇ ਦਾ ਹੱਕ ਦਿਵਾਉਣ ਦੀ ਮੰਗ*

**ਹੁਸ਼ਿਆਰਪੁਰ/ਬਿਊਰੋ ਨਿਊਜ਼ :**
ਭਾਰਤੀ ਗਣਤੰਤਰ ਦਿਵਸ ਨੂੰ ਸਿੱਖਾਂ ਲਈ ਵਿਸਾਹਘਾਤ ਦਿਹਾੜਾ ਦੱਸਦਿਆਂ ਦਲ ਖਾਲਸਾ ਨੇ ਯੂਐਨਓ ਦੀ ਸੁਰੱਖਿਆ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਕੋਲੋਂ ਮੰਗ ਕੀਤੀ ਹੈ ਕਿ ਉਹ ਭਾਰਤ ਉਤੇ ਆਪਣਾ ਕੂਟਨੀਤਿਕ ਦਬਾਅ ਪਾਵੇ ਅਤੇ ਇਸ ਖਿਤੇ ਵਿੱਚ ਵਸਦੀਆਂ ਘੱਟਗਿਣਤੀ ਅਤੇ ਨਸਲੀ ਕੌਮਾਂ ਨੂੰ ਸਵੈ-ਨਿਰਣੇ ਦਾ ਹੱਕ ਦਿਵਾਉਣ ਵਿੱਚ ਮਦਦਗਾਰ ਹੋਵੇ।

ਸਿੱਖਾਂ ਨਾਲ ਸੰਵਿਧਾਨਕ ਅਤੇ ਰਾਜਸੀ ਪ੍ਰਬੰਧਕੀ ਢਾਂਚੇ ਰਾਹੀਂ ਲਗਾਤਾਰ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਵਧੀਕੀਆਂ ਵਿਰੁੱਧ ਦਲ ਖਾਲਸਾ ਨੇ 26 ਜਨਵਰੀ ਦੇ ਜਸ਼ਨਾਂ ਦਾ ਬਾਈਕਾਟ ਕੀਤਾ ਅਤੇ ਹੁਸ਼ਿਆਰਪੁਰ, ਜੀਰਾ, ਲੁਧਿਆਣਾ ਸ਼ਹਿਰ ਵਿਚ ਮਾਰਚ ਕੱਢਿਆ। ਸਰਕਾਰੀ ਜਸ਼ਨਾਂ ਦੇ ਸਮਾਨਾਂਤਰ ਦਲ ਖਾਲਸਾ ਵਲੋਂ ਸਵੈ ਨਿਰਣੇ ਦਾ ਹੱਕ ਪ੍ਰਾਪਤ ਕਰਨ ਲਈ ਕੱਢੇ ਗਏ ਮਾਰਚ ਦੀ ਅਗਵਾਈ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਖਾਲਸਾਈ ਝੰਡੇ ਨੇ ਕੀਤੀ।

ਪਾਰਟੀ ਆਗੂਆਂ ਨੇ 26 ਜਨਵਰੀ ਦਾ ਵਿਰੋਧ ਕਰਨ ਨੂੰ ਜਾਇਜ਼ ਦੱਸਦਿਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਮੌਜੂਦਾ ਸੰਵਿਧਾਨ ਸਿੱਖਾਂ ਦੀ ਅੱਡਰੀ ਪਛਾਣ ਤੇ ਹੋਂਦ ਤੋਂ ਮੁਨਕਰ ਹੈ, ਸਾਡੇ ਹੱਕ ਹਕੂਕ ਖੋਹੇ ਗਏ ਹਨ, ਪੰਜਾਬ ਦੇ ਪਾਣੀ ਲੁੱਟੇ ਜਾ ਰਹੇ ਹਨ, ਸਰਕਾਰਾਂ ਸਵੈ-ਨਿਰਣੇ ਦਾ ਹੱਕ ਦੇਣ ਤੋਂ ਮੁਨਕਰ ਹਨ, ਪੁਲਿਸ ਅਤੇ ਸੁਰੱਖਿਆ ਫੋਰਸਾਂ ਨੂੰ ਬੇਤਹਾਸ਼ਾ ਤਾਕਤਾਂ ਮਿਲੀਆਂ ਹੋਈਆਂ ਹਨ ਤਾਂ ਜੋ ਉਹ ਕਿਸੇ ਦੀ ਵੀ ਜ਼ਿੰਦਗੀ ਨਾਲ ਖੇਡ ਸਕਣ, ਸੰਵਿਧਾਨ ਅਤੇ ਤਿਰੰਗੇ ਦੀ ਆੜ ਹੇਠ ਸੈਂਕੜੇ ਨੌਜਵਾਨ ਗੈਰ-ਕਾਨੂੰਨੀ ਢੰਗ ਨਾਲ ਮਾਰ







ਮੁਕਾਏ ਗਏ। ਉਹਨਾਂ ਸਪਸ਼ਟ ਕੀਤਾ ਕਿ ਉਹਨਾਂ ਦੀ 26 ਜਨਵਰੀ ਦੀ ਮੁਖਾਲਫਤ ਭਾਰਤੀ ਲੋਕਾਂ ਦੀ ਵਿਰੋਧਤਾ ਨਹੀਂ ਹੈ। ਜਥੇਬੰਦੀ ਦੇ ਕਾਰਜਕਰਤਾਵਾਂ ਨੇ "ਸੰਵਿਧਾਨ ਸਾਡਾ ਨਹੀਂ, ਤਿਰੰਗਾ ਸਾਡਾ ਨਹੀਂ, ਜਨ ਗਨ ਮਨ ਅਤੇ 26 ਜਨਵਰੀ ਸਾਡੀ ਨਹੀਂ" ਦੇ ਨਾਅਰੇ ਮਾਰੇ।

ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਆਪਣੀ ਕਿਸਮਤ ਦੀ ਮਾਲਕ ਵੀ ਆਪ ਹੀ ਬਣਨਾ ਲੋਚਦੀ ਹੈ। ਸਿੱਖਾਂ ਨੂੰ ਦਿੱਲੀ ਤੋਂ ਥੋਪੇ ਜਾਂਦੇ ਫੈਸਲੇ ਪ੍ਰਵਾਨ ਨਹੀਂ ਹਨ। ਉਹਨਾਂ ਕਿਹਾ ਕਿ ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸ ਨੂੰ ਲਾਗੂ ਕਰਨ ਨਾਲ ਹੀ ਹੋਵੇਗਾ।

ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਸੰਵਿਧਾਨਕ ਮਦਾਂ ਲਗਾਤਾਰ ਸਿੱਖਾਂ ਨੂੰ ਠਿੱਠ ਕਰ ਰਹੀਆਂ ਹਨ। ਪਿਛਲੇ 7 ਦਹਾਕਿਆਂ ਤੋਂ ਰਾਇਪੇਰੀਅਨ ਸਿਧਾਂਤ ਅਤੇ ਸੰਵਿਧਾਨ ਦੀ ਭਾਵਨਾ ਦੇ ਉਲਟ ਜਾ ਕੇ ਪੰਜਾਬ ਦਾ ਪਾਣੀ ਲੁੱਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਬਾਦਲਾਂ ਵਾਂਗ ਕੈਪਟਨ ਅਮਰਿੰਦਰ ਸਿੰਘ ਵੀ ਪੁਲਿਸ ਦੇ ਦਬਦਬੇ ਤੋਂ ਮੁਕਤ ਨਹੀਂ ਹੈ, ਇਸੇ ਲਈ ਬਹਿਬਲ ਕਲਾਂ ਗੋਲੀ ਕਾਂਡ ਦੇ ਸੁਮੇਧ ਸਿੰਘ ਸੈਣੀ ਤੇ ਹੋਰ ਦਾਗੀ ਤੇ ਦੋਸ਼ੀ ਅਫਸਰ ਕਾਨੂੰਨ ਦੀ ਪਕੜ ਤੋਂ ਆਜ਼ਾਦ ਘੁੰਮ ਰਹੇ ਹਨ।

ਪਰਮਜੀਤ ਸਿੰਘ ਟਾਂਡਾ, ਰਣਬੀਰ ਸਿੰਘ, ਹਰਮਿੰਦਰ ਸਿੰਘ ਹਰਮੋਏ, ਗੁਰਦੀਪ ਸਿੰਘ ਕਾਲਕੱਟ, ਗੁਰਪ੍ਰੀਤ ਸਿੰਘ, ਦਿਲਬਾਗ ਸਿੰਘ ਗੁਰਦਾਸਪੁਰ, ਕੁਲਵੰਤ ਸਿੰਘ ਫੇਰੂਮਾਨ, ਕੁਲਦੀਪ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਨੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਨਾਅਰਿਆਂ ਦੀ ਗੂੰਜ ਨਾਲ ਮਾਰਚ ਕੱਢਿਆ। ਯੂਥ ਵਿੰਗ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਪਿਛਲੀ ਅਤੇ ਮੌਜੂਦਾ ਸਰਕਾਰ ਦੇ ਰਵੱਈਏ ਤੋਂ ਇਹ ਗੱਲ ਪੁਖਤਾ ਹੁੰਦੀ ਹੈ ਕਿ ਇਸ ਮੁਲਕ ਅੰਦਰ ਦੋਸ਼ੀ ਪੁਲਿਸ ਅਫਸਰਾਂ ਨੂੰ ਕਾਨੂੰਨ ਦੀ ਲਪੇਟ ਤੋਂ ਬਚਾਉਣ ਲਈ ਵਾਰ-ਵਾਰ ਇਨਸਾਫ ਦਾ ਗਲਾ ਘੁੱਟਿਆ ਜਾਂਦਾ ਹੈ। ਉਹਨਾਂ ਕਿਹਾ ਕਿ ਦੂਜੇ ਪਾਸੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਰਾਜਨੀਤਿਕ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

**ਜੀਰਾ :** 26 ਜਨਵਰੀ ਦੇ ਸਰਕਾਰੀ ਜਸ਼ਨਾਂ ਦੇ ਸਮਾਨਾਂਤਰ ਦਲ ਖਾਲਸਾ ਵਲੋਂ ਸਵੈ ਨਿਰਣੇ ਦਾ ਹੱਕ ਪ੍ਰਾਪਤ ਕਰਨ ਲਈ ਕੱਢੇ ਗਏ ਮਾਰਚ ਅੰਦਰ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਖਾਲਸਾਈ ਝੰਡੇ ਫੜੇ ਹੋਏ ਸਨ। ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਜਗਜੀਤ ਸਿੰਘ ਖੋਸਾ, ਸੁਰਜੀਤ ਸਿੰਘ ਖਾਲਿਸਤਾਨੀ, ਡਾ. ਅਰਪਾਲ ਸਿੰਘ ਅਜਨਾਲਾ, ਗੁਰਵਿੰਦਰ ਸਿੰਘ ਬਠਿੰਡਾ, ਜਥੇ ਗੁਰਭਾਗ ਸਿੰਘ ਨੇ ਕਿਹਾ ਕਿ ਸਿੱਖਾਂ ਨੇ ਇਸ ਖਿੱਤੇ ਵਿਚ ਆਪਣਾ ਸਫਰ ਭਾਰਤੀ ਸੰਵਿਧਾਨ ਨੂੰ ਨਾ-ਮਨਜ਼ੂਰ ਕਰਕੇ ਆਰੰਭ ਕੀਤਾ ਕਿਉਂਕਿ ਇਹ ਸੰਵਿਧਾਨ ਉਹਨਾਂ ਨਾਲ ਧੋਖਾ ਸੀ ਅਤੇ ਬਾਅਦ ਦੇ ਸਾਲਾਂ ਦੌਰਾਨ ਭਾਰਤੀ ਸਟੇਟ ਵਲੋਂ ਸਿੱਖਾਂ ਨਾਲ ਕੀਤੇ ਵਤੀਰੇ ਅਤੇ ਵਾਪਰੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਉਹਨਾਂ ਕਿਹਾ ਕਿ ਦਿੱਲੀ ਦੇ ਹੁਕਮਰਾਨਾਂ ਨੇ ਸਿੱਖ ਸਮੱਸਿਆਵਾਂ ਨੂੰ ਜਾਂ ਤਾਂ ਅਣਗੌਲਿਆ ਕਰੀ ਰੱਖਿਆ ਜਾਂ ਇਸ ਨੂੰ ਕਾਨੂੰਨ-ਵਿਵਸਥਾ ਦਾ ਮਸਲਾ ਬਣਾ ਕੇ ਸਿੱਖਾਂ ਦਾ ਸਰੀਰਕ ਘਾਣ ਕੀਤਾ।

**ਲੁਧਿਆਣਾ :** ਸਿੱਖਾਂ ਨਾਲ ਸੰਵਿਧਾਨਕ ਅਤੇ ਰਾਜਸੀ ਪ੍ਰਬੰਧਕੀ ਢਾਂਚੇ ਰਾਹੀਂ ਲਗਾਤਾਰ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਵਧੀਕੀਆਂ ਵਿਰੁੱਧ ਦਲ ਖਾਲਸਾ ਨੇ 26 ਜਨਵਰੀ ਦੇ ਜਸ਼ਨਾਂ ਦਾ ਬਾਈਕਾਟ ਕੀਤਾ ਅਤੇ ਸ਼ਹਿਰ ਵਿੱਚ ਮਾਰਚ ਕੱਢਿਆ। ਮਾਰਚ ਦੇ ਪ੍ਰਬੰਧਕਾਂ ਨੇ ਭਾਰਤੀ ਗਣਤੰਤਰ ਦਿਵਸ ਨੂੰ ਸਿੱਖਾਂ ਲਈ ਕਾਲਾ ਗਣਤੰਤਰ ਦਿਵਸ ਦੱਸਿਆ।

26 ਜਨਵਰੀ ਦੇ ਸਰਕਾਰੀ ਜਸ਼ਨਾਂ ਦੇ ਸਮਾਨਾਂਤਰ ਦਲ ਖਾਲਸਾ ਵਲੋਂ ਸਵੈ ਨਿਰਣੇ ਦਾ ਹੱਕ ਪ੍ਰਾਪਤ ਕਰਨ ਲਈ




ਕੱਢੇ ਗਏ ਮਾਰਚ ਅੰਦਰ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਖਾਲਸਾਈ ਝੰਡੇ ਫੜੇ ਹੋਏ ਸਨ। ਸਤਿਨਾਮ ਸਿੰਘ, ਕੰਵਰਪਾਲ ਸਿੰਘ ਅਤੇ ਜਸਵੀਰ ਸਿੰਘ ਖੰਡੂਰ ਨੇ ਕਿਹਾ ਕਿ ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸ ਨੂੰ ਲਾਗੂ ਕਰਨ ਨਾਲ ਹੀ ਹੋਵੇਗਾ।

# ਯੁਨਾਈਟਿਡ ਖਾਲਸਾ ਦਲ ਯੂਕੇ. ਵਲੋਂ ਪੰਜਾਬ ਵਿੱਚ ਸਿੱਖਾਂ 'ਤੇ ਜ਼ੁਲਮ ਕਰਨ ਵਾਲੇ ਪੁਲਿਸੀਆਂ ਦੀ 'ਖ਼ੂਨੀ-ਸੂਚੀ' ਜਾਰੀ

**ਲੰਡਨ/ਬਿਊਰੋ ਨਿਊਜ਼ :** ਯੁਨਾਈਟਿਡ ਖਾਲਸਾ ਦਲ ਯੂਕੇ ਵਲੋਂ ਢਾਈ ਸੌ ਪੁਲਿਸ ਅਧਿਕਾਰੀਆਂ ਦੀ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇਸ਼ਾਂ ਵਿੱਚ ਦਾਖਲਾ ਬੰਦ ਕਰਨ ਲਈ ਸੂਚੀ ਭੇਜੀ ਗਈ ਹੈ। ਯੁਨਾਈਟਿਡ ਖਾਲਸਾ ਦਲ ਯੂਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇੰਗਲੈਂਡ ਦੇ ਹੋਮ ਆਫਿਸ, ਕੈਨੇਡਾ ਅਤੇ ਅਮਰੀਕਾ ਦੇ ਦੂਤ ਘਰਾਂ ਨੂੰ ਉਕਤ ਕਥਿਤ ਕਾਲੀ ਅਤੇ ਖ਼ੂਨੀ ਸੂਚੀ ਭੇਜਦਿਆਂ ਆਖਿਆ ਗਿਆ ਕਿ ਇਨ੍ਹਾਂ ਲੋਕਾਂ ਦੀ ਆਮਦ ਨਾਲ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੂੰ ਮਾਨਸਿਕ ਪੀੜਾ ਵਿੱਚੋਂ ਗੁਜ਼ਰਨਾ ਪੈਂਦਾ ਹੈ ਜੋ ਕਿ ਮਾਨਸਿਕ ਤਸ਼ੱਦਦ ਦੇ ਸਮਾਨ ਹੈ। ਜ਼ਿਕਰਯੋਗ ਹੈ ਕਿ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਭਾਰਤ ਸਰਕਾਰ ਦੇ ਨੁਮਾਇੰਦਿਆਂ, ਸਰਕਾਰੀ ਅਫਸਰਾਂ ਅਤੇ ਪੰਜਾਬ ਵਿੱਚ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਬੋਲਣ ਅਤੇ ਸਨਮਾਨ ਪ੍ਰਾਪਤ ਕਰਨ ਉਤੇ ਪੂਰਨ ਰੂਪ ਵਿੱਚ ਲਗਾਈ ਗਈ ਪਾਬੰਦੀ ਨੂੰ ਇੱਕ ਸਾਲ ਦਾ ਸਮਾਂ ਬੀਤ ਚੁੱਕਾ ਹੈ।

ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਲਿਖਿਆ ਹੈ ਕਿ ਭਾਵੇਂ ਕਿ ਸਿੱਖਾਂ ਉਤੇ ਜ਼ੁਲਮ ਢਾਹੁਣ ਵਾਲੇ ਇਹ ਪੁਲਿਸ ਅਧਿਕਾਰੀ ਆਪਣੇ ਪਾਪਾਂ ਦੇ ਕਿਆਸੇ ਨਤੀਜੇ ਰੂਪੀ ਡਰ ਕਾਰਨ ਜਨਤਕ ਤੌਰ ਉਤੇ ਵਿਚਰਨ ਤੋਂ ਸਦਾ ਹੀ ਗੁਰੇਜ਼ ਕਰਦੇ ਹਨ ਪਰ ਜਦੋਂ ਇਨ੍ਹਾਂ ਦੁਆਰਾ ਅਣਮਨੁੱਖੀ ਤਸ਼ੱਦਦ ਝੱਲਣ ਵਾਲਿਆਂ, ਇਨ੍ਹਾਂ ਵਲੋਂ ਝੂਠੇ ਕੇਸਾਂ ਵਿੱਚ ਫਸਾ ਕੇ ਲੰਬਾ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਨ ਵਾਲਿਆਂ ਅਤੇ ਇਨ੍ਹਾਂ ਪੁਲਸੀਆਂ ਹੱਥੋਂ ਪੰਜਾਬ ਵਿੱਚ ਕੋਹ-ਕੋਹ ਕੇ ਸ਼ਹੀਦ ਕੀਤੇ ਗਏ ਸਿੱਖਾਂ ਦੇ ਵਿਦੇਸ਼ਾਂ ਵਿੱਚ ਵਸਦੇ ਰਿਸ਼ਤੇਦਾਰਾਂ ਨੂੰ ਇਨ੍ਹਾਂ ਦੇ ਇਥੇ ਆਉਣ ਦਾ ਪਤਾ ਲੱਗਦਾ ਹੈ, ਤਾਂ ਉਨ੍ਹਾਂ ਦੇ ਦੁਖ ਫਿਰ ਤਾਜ਼ਾ ਹੋ ਜਾਂਦੇ ਹਨ।

ਯੁਨਾਈਟਿਡ ਖਾਲਸਾ ਦਲ ਯੂਕੇ ਵਲੋਂ ਭੇਜੀ ਗਈ ਦੋ ਸੌ ਤੋਂ ਵੱਧ ਪੁਲਿਸ ਅਧਿਕਾਰੀਆਂ ਦੀ "ਖ਼ੂਨੀ ਸੂਚੀ" ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ ਵਿਚ ਸ਼ਾਮਲ ਨਾਵਾਂ ਵਾਲੇ ਪੁਲਿਸ ਅਫਸਰਾਂ ਉਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ, ਅਣਮਨੁੱਖੀ ਤਸ਼ੱਦਦ ਕਰਨ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਹਨ। ਇਸ ਸੂਚੀ ਵਿੱਚ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ 'ਤੇ ਕਥਿਤ ਤੌਰ 'ਤੇ ਤਸ਼ੱਦਦ ਕਰਨ ਵਾਲੇ ਬਾਘਾ ਪੁਰਾਣਾ ਥਾਣੇ ਦੇ ਮੁਖੀ ਅਤੇ ਫਰੀਦਕੋਟ ਦੇ ਪੁਲਿਸ ਮੁਖੀ ਜੰਗਜੀਤ ਸਿੰਘ ਦੇ ਨਾਮ ਸਭ ਤੋਂ ਉਪਰ ਰੱਖੇ ਗਏ ਹਨ। ਪੰਜਾਬ ਪੁਲਿਸ ਦੇ ਸਾਬਕਾ ਮੁਖੀਆਂ; ਸੁਮੇਧ ਸੈਣੀ, ਸਰਵਦੀਪ ਸਿੰਘ ਵਿਰਕ ਸਮੇਤ ਦੋ ਸੌ ਪੁਲਿਸ ਅਧਿਕਾਰੀਆਂ ਦੇ ਨਾਮ ਇਸ ਵਿਚ ਦਰਜ ਹਨ, ਜਿਹਨਾਂ ਦੇ ਹੱਥ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਦੱਸਿਆ ਗਿਆ ਹੈ। ਕਿਹਾ ਗਿਆ ਹੈ ਕਿ ਬਹੁਤ ਸਾਰੇ ਕੇਸਾਂ ਵਿੱਚ ਸਿੱਖਾਂ ਉਤੇ ਜ਼ੁਲਮ ਢਾਹੁਣ ਵਾਲੇ ਇਹਨਾਂ ਪੁਲਸੀਆਂ ਵਲੋਂ ਲੱਖਾਂ ਰੁਪਏ ਵੀ ਸਿੱਖ ਨੌਜਵਾਨਾਂ ਦੇ ਵਾਰਸਾਂ ਤੋਂ ਉਹਨਾਂ ਨੂੰ ਰਿਹਾਅ ਕਰਨ ਵਾਸਤੇ ਲੈ ਲਏ ਗਏ ਅਤੇ ਉਹਨਾਂ ਨੂੰ ਅਣਪਛਾਤੇ ਕਰਾਰ ਦੇ ਕੇ ਸ਼ਹੀਦ ਵੀ ਕਰ ਦਿੱਤਾ ਗਿਆ। ਇਸ ਸੂਚੀ ਵਿੱਚ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਅਤੇ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਸਮੇਤ ਫਿਲੌਰ ਇਲਾਕੇ ਦੇ ਹੀ ਦਸ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਕਥਿਤ ਤੌਰ 'ਤੇ ਸ਼ਹੀਦ ਕਰਨ ਵਾਲੇ ਫਿਲੌਰ ਦੇ ਸਾਬਕਾ ਡੀਐੱਸਪੀ ਕਮਲਜੀਤ ਸਿੰਘ ਢਿੱਲੋਂ (ਜਿਸ ਨੂੰ ਬਿਕਰਮ ਮਜੀਠੀਆ ਵਲੋਂ ਪੁਲਿਸ ਮੁਖੀ ਲਗਾਇਆ ਗਿਆ ਸੀ) ਸਮੇਤ ਪੰਜਾਹ ਤੋਂ ਵੱਧ ਅਜਿਹੇ ਪੁਲਿਸ ਅਫਸਰਾਂ ਦਾ ਵਿਸਥਾਰ ਦਿੰਦਿਆਂ ਕਿਹਾ ਗਿਆ ਹੈ ਕਿ, ਇਹਨਾਂ ਨੇ ਸਿੱਖ ਨੌਜਵਾਨਾਂ ਨੂੰ ਤਸੀਹੇ ਦੇਣ ਮਗਰੋਂ ਸ਼ਹੀਦ ਕੀਤਾ ਅਤੇ ਸਰਕਾਰ ਵਲੋਂ ਉਹਨਾਂ ਦੇ ਇਨਾਮ ਵਜੋਂ ਵਧਾਏ ਗਏ ਰੈਂਕਾਂ ਨੂੰ ਹਾਈ ਕੋਰਟ ਵਲੋਂ ਖਤਮ ਕਰਕੇ ਪਹਿਲਾਂ ਵਾਲੇ ਰੈਂਕਾਂ ਉਤੇ ਨਿਯੁਕਤ ਕੀਤਾ ਗਿਆ ਸੀ। ਕਈ ਅਜਿਹੇ ਪੁਲਿਸ ਅਫਸਰਾਂ ਦਾ ਵੀ ਵੇਰਵਾ ਹੈ ਜਿਹਨਾਂ ਨੂੰ ਅਦਾਲਤਾਂ ਵਲੋਂ ਸਜ਼ਾਵਾਂ ਵੀ ਸੁਣਾਈਆਂ ਗਈਆਂ ਹਨ। ਇਸ ਸੂਚੀ ਵਿੱਚ ਮਰ ਚੁੱਕੇ ਸਾਬਕਾ ਪੁਲਿਸ ਮੁਖੀ ਕੇਪੀ ਐਸ ਗਿੱਲ ਅਤੇ ਸਵਰਨੇ ਘੋਟਣੇ ਦਾ ਨਾਮ ਵੀ ਮੌਜੂਦ ਹੈ, ਜਿਹਨਾਂ ਉਤੇ ਬਹੁਤ ਸਾਰੇ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਦਾ ਦੋਸ਼ ਲਗਦਾ ਹੈ। ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਸਮੁੱਚੇ ਸਿੱਖ ਜਗਤ ਨੂੰ ਸੱਦਾ ਦਿੱਤਾ ਗਿਆ ਕਿ ਸਿੱਖਾਂ ਉਤੇ ਜ਼ੁਲਮ ਢਾਹੁਣ ਵਾਲੇ ਪੁਲਿਸੀਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ ਅਤੇ ਇਹਨਾਂ ਨਾਲ ਕਿਸੇ ਕਿਸਮ ਦੀ ਰਿਸ਼ਤੇਦਾਰੀ ਨਾ ਪਾਈ ਜਾਵੇ ਤਾਂ ਕਿ ਇਹਨਾਂ ਅਤੇ ਇਹਨਾਂ ਦੀਆਂ ਅਗਲੇਰੀਆਂ ਨਸਲਾਂ ਨੂੰ ਸਿੱਖ ਕੌਮ ਉਤੇ ਕੀਤੇ ਜ਼ੁਲਮਾਂ ਦਾ ਅਹਿਸਾਸ ਕਰਵਾਇਆ ਜਾ ਸਕੇ।

# ਭਾਈ ਰਣਜੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਐਲਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਇਥੇ ਇਕ ਪ੍ਰੈੱਸ ਕਾਨਫਰੰਸ ਵਿਚ ਪੰਥਕ ਅਕਾਲੀ ਲਹਿਰ ਪਾਰਟੀ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸਾਡੀ ਪਾਰਟੀ ਕਿਸੇ ਹੋਰ ਸਿਆਸੀ ਪਾਰਟੀ ਨਾਲ ਕਿਸੇ ਕਿਸਮ ਦਾ ਗੱਠਜੋੜ ਨਹੀਂ ਕਰੇਗੀ। ਪੰਥਕ ਅਕਾਲੀ ਲਹਿਰ ਸਿਆਸੀ ਪਾਰਟੀ ਨਹੀਂ ਸਗੋਂ ਧਾਰਮਿਕ ਪਾਰਟੀ ਹੈ, ਜਿਸ ਦਾ ਮੰਤਵ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਤੋਂ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਰਜਿਸਟਰੇਸ਼ਨ ਕਰਵਾ ਲਈ ਗਈ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਲੋਕ ਸਭਾ ਚੋਣਾਂ ਵਿਚ ਨਾ ਤਾਂ ਹਿੱਸਾ ਹੀ ਲਵੇਗੀ ਅਤੇ ਨਾ ਹੀ ਕਿਸੇ ਪਾਰਟੀ ਨੂੰ ਸਮਰਥਨ ਦੇਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਕੇਵਲ ਧਾਰਮਿਕ ਵਿਅਕਤੀ ਹੀ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਪਾਰਟੀ ਨੇ ਨੌਜਵਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਚਾਰਾਜੋਈ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੇ ਉਪਰਾਲੇ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਸ਼ਬਦ ਗੁਰੂ ਦੇ ਸਿਧਾਂਤ ਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਤੋਂ ਨਿਜਾਤ ਦਿਵਾਈ ਜਾਵੇਗੀ। ਉਨ੍ਹਾਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਵਿਰੁੱਧ ਵੋਟ ਪਾਉਣ ਦੀ ਅਪੀਲ ਕੀਤੀ। ਮੁਤਵਾਜ਼ੀ ਜਥੇਦਾਰਾਂ ਨਾਲ ਸੰਪਰਕ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਪਾਰਟੀ ਵੱਲੋਂ ਕੋਈ ਸੰਪਰਕ ਨਹੀਂ ਕੀਤਾ ਗਿਆ। ਐਡਵੋਕੇਟ ਐੱਚਐੱਸ ਫੂਲਕਾ ਵੱਲੋਂ ਸ਼੍ਰੋਮਣੀ ਕਮੇਟੀ ਵਿਚੋਂ ਸਿਆਸੀ ਦਖਲ ਅੰਦਾਜ਼ੀ ਨੂੰ ਖਤਮ ਕਰਨ ਲਈ ਬਣਾਈ ਪਾਰਟੀ ਬਾਰੇ ਉਨ੍ਹਾਂ ਕਿਹਾ ਕਿ ਉਹ ਸਵਾਗਤ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਸ਼ੁਰੂ ਕੀਤੀ ਜਾਂਚ ਬਾਰੇ ਉਨ੍ਹਾਂ ਕਿਹਾ ਕਿ ਇਹ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਗੋਲੀ ਚਲਾਉਣ ਦਾ ਹੁਕਮ ਦੇਣ ਵਾਲੇ ਤਕ ਜਾਂਚ ਜਾਵੇਗੀ ਤਾਂ ਸਮਝਾਂਗੇ ਕਿ ਇਨਸਾਫ ਵੀ ਮਿਲੇਗਾ। ਉਨ੍ਹਾਂ ਕਿਹਾ ਕਿ ਜਾਂਚ ਟੀਮ ਕਿਸੇ ਪ੍ਰਭਾਵ ਤੋਂ ਮੁਕਤ ਹੋ ਕੇ ਕੰਮ ਕਰੇਗੀ ਤਾਂ ਸੱਚ ਸਾਹਮਣੇ ਆਵੇਗਾ। ਉਨ੍ਹਾਂ ਪਾਰਟੀ ਦੇ ਜਥੇਬੰਦਕ ਢਾਂਚੇ ਬਾਰੇ ਗੱਲ ਕਰਦਿਆਂ ਕਿਹਾ ਕਿ ਪਾਰਟੀ ਬਾਬਾ ਸਰਬਜੋਤ ਸਿੰਘ ਬੇਦੀ ਦੀ ਸਰਪ੍ਰਸਤੀ ਹੇਠ ਕੰਮ ਕਰੇਗੀ। ਸ੍ਰੀ ਜਸਜੀਤ ਸਿੰਘ ਸਮੁੰਦਰੀ ਨੂੰ ਪਾਰਟੀ ਦਾ ਸਕੱਤਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਵੱਡੀ ਪੱਧਰ 'ਤੇ ਪਿੰਡਾਂ ਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ।



# 550 ਸਾਲਾ ਪ੍ਰਕਾਸ਼ ਪੁਰਬ ਮੌਕੇ ਨੇਪਾਲ ਦੇ ਕਾਠਮੰਡੂ ਤੋਂ ਸੁਲਤਾਨਪੁਰ ਲੋਧੀ ਤਕ ਨਗਰ ਕੀਰਤਨ ਸਜਾਉਣ ਦਾ ਫੈਸਲਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਯੂਐੱਸਏ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਨੇਪਾਲ ਦੀ ਰਾਜਧਾਨੀ ਕਾਠਮੰਡੂ ਸਥਿਤ ਗੁਰਦੁਆਰਾ ਗੁਰੂ ਨਾਨਕ ਮੱਠ ਤੋਂ ਗੁਰਦੁਆਰਾ ਡੇਰਾ ਬਾਬਾ ਨਾਨਕ ਸੁਲਤਾਨਪੁਰ ਲੋਧੀ ਤਕ ਨਗਰ ਕੀਰਤਨ ਸਜਾਉਣ ਦਾ ਫੈਸਲਾ ਕੀਤਾ ਗਿਆ ਹੈ। ਲਗਭਗ ਦੋ ਹਜ਼ਾਰ ਕਿਲੋਮੀਟਰ ਦੀ ਯਾਤਰਾ ਕਰਦਾ ਹੋਇਆ ਇਹ ਨਗਰ ਕੀਰਤਨ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਪੁੱਜੇਗਾ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਜਾਣੂ ਕਰਾਇਆ ਗਿਆ ਹੈ।

ਸੁਸਾਇਟੀ ਦੇ ਆਗੂ ਅਮਰਦੀਪ ਸਿੰਘ ਨੇ ਦੱਸਿਆ ਕਿ ਇਹ ਨਗਰ ਕੀਰਤਨ ਨੇਪਾਲ ਦੀ ਰਾਜਧਾਨੀ ਕਾਠਮੰਡੂ ਤੋਂ ਸ਼ੁਰੂ ਹੋਵੇਗਾ ਅਤੇ ਬੁਟਵਾਲ, ਨੇਪਾਲ ਗੰਜ, ਬਹਿਰਾਚ ਤੋਂ ਲਖਨਊ, ਊਨਾਓ, ਕਾਨਪੁਰ, ਆਗਰਾ, ਨਵੀਂ ਦਿੱਲੀ ਰਸਤੇ ਹਰਿਆਣਾ ਵਿੱਚੋਂ ਲੰਘਦਾ ਹੋਇਆ ਗੁਰਦੁਆਰਾ ਡੇਰਾ ਬਾਬਾ ਨਾਨਕ ਪੁੱਜੇਗਾ, ਜਿਥੇ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਨਤਮਸਤਕ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਪੁੱਜੇਗਾ।



ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਦੇ ਮੈਂਬਰਾਂ ਨੂੰ ਸਨਮਾਨੇ ਜਾਣ ਦਾ ਦ੍ਰਿਸ਼।

ਸੁਸਾਇਟੀ ਨਾਲ ਹੋਈ ਮੀਟਿੰਗ ਮਗਰੋਂ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਇਹ ਅੰਤਰ-ਰਾਸ਼ਟਰੀ ਪੱਧਰ ਦਾ ਨਗਰ ਕੀਰਤਨ ਅਕਤੂਬਰ ਮਹੀਨੇ ਸਜਾਇਆ ਜਾਵੇਗਾ, ਜਿਸ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਜਥੇਬੰਦੀ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਗੁਰਮਤਿ ਸਮਾਗਮ ਕਰਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਹੈ ।

ਸ਼੍ਰੋਮਣੀ ਕਮੇਟੀ ਨੇ ਸਿੱਖ ਜਥੇਬੰਦੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਹੈ।ਸਿੱਖ ਜਥੇਬੰਦੀ ਦੇ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਆ ਗਿਆ।ਇਸ ਮੌਕੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਅਤੇ ਜਥੇਬੰਦੀ ਦੇ ਮੈਂਬਰ ਹਾਜ਼ਰ ਸਨ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਯਾਦਗਾਰੀ ਸਿੱਕਿਆਂ ਤੀ ਭਾਰੀ ਮੰਗ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਾਰੀ ਸੋਨੇ-ਚਾਂਦੀ ਦੇ ਸਿੱਕੇ ਨਵੰਬਰ 2019 ਵਿਚ ਪਹਿਲੇ ਗੁਰੂ ਦੇ 550ਵੇਂ ਪ੍ਰਕਾਸ਼ ਪੁਰਬ ਤਕ ਸੰਗਤ ਨੂੰ ਦੇਣ ਦਾ ਐਲਾਨ ਕੀਤਾ ਗਿਆ ਸੀ। ਵੇਰਵਿਆਂ ਮੁਤਾਬਕ ਸ਼ੁਰੂ ਵਿਚ ਕੁੱਲ 700 ਯਾਦਗਾਰੀ ਸਿੱਕੇ ਬਣਾਏ ਗਏ ਸਨ ਅਤੇ ਹੁਣ ਵਧਦੀ ਮੰਗ ਮੁਤਾਬਿਕ ਹੋਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਨ੍ਹਾਂ ਯਾਦਗਾਰੀ ਸਿੱਕਿਆਂ ਨੂੰ ਇਸ ਵਾਰ ਸੰਗਤ ਦਾ ਵੱਡਾ ਹੁੰਗਾਰਾ ਮਿਲਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਚਾਂਦੀ ਦੇ ਸਿੱਕੇ ਮੁੜ ਬਣਵਾਏ ਗਏ ਹਨ, ਜਦੋਂਕਿ ਸੋਨੇ ਦੇ ਸਿੱਕੇ ਬਣਾਉਣ ਵਾਸਤੇ ਪ੍ਰਕਿਰਿਆ ਜਾਰੀ ਹੈ। ਇਸ ਦੌਰਾਨ ਸੰਗਤ ਵੱਲੋਂ ਸੋਨੇ ਦੇ ਘੱਟ ਵਜ਼ਨ ਵਾਲੇ ਸਿੱਕੇ ਬਣਾਉਣ ਦੀ ਵੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਮੱਧ ਵਰਗੀ ਪਰਿਵਾਰ ਨਾਲ ਸਬੰਧਤ ਵਿਅਕਤੀ ਵੀ ਸਿੱਕੇ ਖ਼ਰੀਦ ਸਕਣ। ਮੁਢਲੇ ਤੌਰ 'ਤੇ ਸੋਨੇ ਦੇ ਪੰਜ ਗ੍ਰਾਮ ਅਤੇ ਦਸ ਗ੍ਰਾਮ ਵਜ਼ਨ ਦੇ ਸਿੱਕੇ ਬਣਵਾਏ ਗਏ ਹਨ। ਇਸੇ ਤਰ੍ਹਾਂ ਚਾਂਦੀ ਦੇ 25 ਗ੍ਰਾਮ ਅਤੇ 50 ਗ੍ਰਾਮ ਵਜ਼ਨ ਦੇ ਸਿੱਕੇ ਬਣਾਏ ਗਏ ਹਨ। ਸੋਨੇ ਦੇ ਸਿੱਕੇ 24 ਕੈਰੇਟ ਸੋਨੇ ਦੇ ਹਨ। ਇਨ੍ਹਾਂ ਸਿੱਕਿਆਂ 'ਤੇ ਇਕ ਪਾਸੇ ਗੁਰਦੁਆਰਾ ਨਨਕਾਣਾ ਸਾਹਿਬ ਅਤੇ ਦੂਜੇ ਪਾਸੇ ਗੁਰਦੁਆਰਾ ਬੇਰ ਸਾਹਿਬ ਉਕਰਿਆ ਹੋਇਆ ਹੈ। ਇਸ ਸਬੰਧੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਦੱਸਿਆ ਕਿ ਸੋਨੇ ਦੇ ਦੋ ਜਾਂ ਢਾਈ ਗ੍ਰਾਮ ਦੇ ਸਿੱਕੇ ਤਿਆਰ ਕਰਨ ਦਾ ਮਾਮਲਾ ਵਿਚਾਰ-ਅਧੀਨ ਹੈ। ਸੰਗਤ ਦੀ ਇਹ ਮੰਗ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲ ਰੱਖੀ ਗਈ ਹੈ। ਉਨ੍ਹਾਂ ਦੀ ਸਹਿਮਤੀ ਮਗਰੋਂ ਹੀ ਸੋਨੇ ਦੇ ਘੱਟ ਵਜ਼ਨ ਵਾਲੇ ਸਿੱਕੇ ਤਿਆਰ ਕਰਵਾਏ ਜਾਣਗੇ। ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਸੋਨੇ ਦੇ ਸਿੱਕੇ ਤਿਆਰ ਕਰਾਉਣ ਲਈ ਸੋਨਾ ਖ਼ਰੀਦਣ ਦਾ ਮਾਮਲਾ ਪ੍ਰਕਿਰਿਆ ਅਧੀਨ ਹੈ।

## ਤੀਜਾ ਫਰੰਟ 'ਹਾਥੀ' ਉੱਤੇ ਸਵਾਰ ਹੋਵੇਗਾ

**ਚੰਡੀਗੜ੍ਹ/ਬਿਊਰੋ ਨਿਊਜ਼ :**

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਸਵਾਲ ਉਭਰ ਰਿਹਾ ਹੈ ਕਿ ਬਸਪਾ ਦੀ ਕੌਮੀ ਪ੍ਰਧਾਨ ਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਮੰਨ ਕੇ ਸੂਬੇ ਵਿਚ ਤੀਜੀ ਧਿਰ ਉਸਰੇਗੀ। ਜੇ ਅਜਿਹਾ ਹੋਇਆ ਤਾਂ ਇਹ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਵੇਗਾ। ਬਸਪਾ ਦੇ ਪੰਜਾਬ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਉਨ੍ਹਾਂ ਵੱਲੋਂ ਸੂਬੇ ਵਿਚ ਤੀਜਾ ਫਰੰਟ ਬਣਾਉਣ ਦੀਆਂ ਹਾਮੀ ਪਾਰਟੀਆਂ ਅੱਗੇ ਸ਼ਰਤ ਰੱਖੀ ਹੈ ਕਿ ਜਿਹੜੀ ਧਿਰ ਬਸਪਾ ਦੀ ਸੁਪਰੀਮੋ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਮੰਨੇਗੀ, ਪਾਰਟੀ ਸਿਰਫ਼ ਉਸੇ ਧਿਰ ਨਾਲ ਹੀ ਗੱਠਜੋੜ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਡਾ. ਗਾਂਧੀ ਦੇ ਪੰਜਾਬ ਮੰਚ ਅਤੇ ਖਹਿਰਾ ਦੀ ਪੰਜਾਬੀ ਏਕਤਾ ਪਾਰਟੀ ਵੱਲੋਂ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਮੰਨਣ ਤੋਂ ਬਾਅਦ ਹੀ ਬਸਪਾ ਵੱਲੋਂ ਇਨ੍ਹਾਂ ਧਿਰਾਂ ਨਾਲ ਗੱਠਜੋੜ ਕੀਤਾ ਜਾ ਰਿਹਾ ਹੈ। ਰਾਜੂ ਨੇ ਮੰਨਿਆ ਕਿ 'ਆਪ' ਲੀਡਰਸ਼ਿਪ ਨਾਲ ਵੀ ਉਨ੍ਹਾਂ ਦੀ ਗੱਲ ਚੱਲ ਰਹੀ ਹੈ। ਜੇ ਇਹ ਪਾਰਟੀ ਵੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਮੰਨਣ ਦੀ ਸ਼ਰਤ ਪ੍ਰਵਾਨ ਕਰੇਗੀ ਤਾਂ ਇਸ ਪਾਰਟੀ ਨਾਲ ਸਮਝੌਤੇ ਦਾ ਰਾਹ ਖੁੱਲ੍ਹ ਸਕਦਾ ਹੈ। ਦੱਸਣਯੋਗ ਹੈ ਕਿ 'ਆਪ' ਲੀਡਰਸ਼ਿਪ ਪਹਿਲਾਂ ਹੀ ਸਪਸ਼ਟ ਕਰ ਚੁੱਕੀ ਹੈ ਕਿ ਉਹ ਬੈਂਸ ਭਰਾਵਾਂ ਅਤੇ ਖਹਿਰੇ ਦੀ ਪਾਰਟੀ ਨਾਲ ਕਿਸੇ ਵੀ ਕੀਮਤ 'ਤੇ ਗੱਠਜੋੜ ਨਹੀਂ ਕਰ ਸਕਦੀ। ਰਾਜੂ ਨੇ ਕਿਹਾ ਕਿ ਬੈਂਸ, ਬ੍ਰਹਮਪੁਰਾ, ਗਾਂਧੀ ਅਤੇ ਖਹਿਰਾ ਧੜੇ ਨਾਲ ਤਕਰੀਬਨ ਚੋਣ ਸਮਝੌਤਾ ਹੋ ਗਿਆ ਹੈ, ਪਰ ਫਿਲਹਾਲ ਸੀਟਾਂ ਦੀ ਮੁਕੰਮਲ ਵੰਡ ਹੋਣੀ ਬਾਕੀ ਹੈ। ਸੂਤਰਾਂ ਅਨੁਸਾਰ ਪੰਜਾਬ ਵਿਚ ਗੱਠਜੋੜ ਨੂੰ ਅੰਤਿਮ ਰੂਪ ਦੇਣ ਲਈ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ ਅਤੇ ਅਗਲੇ ਦਿਨੀਂ ਸਥਿਤੀ ਸਪਸ਼ਟ ਹੋ ਜਾਵੇਗੀ। ਇਸੇ ਦੌਰਾਨ 'ਆਪ' ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਅਗਲੇ ਦਿਨੀਂ ਉਹ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਮਿਲ ਕੇ ਗੱਠਜੋੜ ਬਾਰੇ ਗੱਲ ਕਰ ਰਹੇ ਹਨ। ਉਹ ਗੱਠਜੋੜ ਦੇ ਹਾਮੀ ਹਨ ਅਤੇ ਇਸੇ ਕਾਰਨ ਹੀ ਉਨ੍ਹਾਂ ਦੀ ਪਾਰਟੀ ਨੇ 8 ਬਾਕੀ ਬਚਦੇ ਉਮੀਦਵਾਰਾਂ ਦਾ ਫਿਲਹਾਲ ਐਲਾਨ ਨਹੀਂ ਕੀਤਾ।

# ਸਿੱਖ ਕਤਲੇਆਮ : ਅਦਾਲਤ ਵੱਲੋਂ ਟਾਈਟਲਰ ਕੇਸ ਦੀ ਜਾਂਚ ਛੇਤੀ ਨਿਬੇੜਨ ਦੇ ਹੁਕਮ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਨਵੰਬਰ-1984 ਦੇ ਦਿੱਲੀ ਸਿੱਖ ਕਤਲੇਆਮ ਦੇ ਕੇਸਾਂ ਵਿਚ ਅਚਾਨਕ ਤੇਜ਼ੀ ਆ ਰਹੀ ਹੈ। ਇਕ ਸਿਆਸੀ ਤੌਰ 'ਤੇ ਤਾਕਤਵਰ ਕਾਤਲ ਸੱਜਣ ਕੁਮਾਰ ਨੂੰ ਸਜ਼ਾ ਤੋਂ ਬਾਅਦ ਹੁਣ ਇਕ ਹੋਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਵਾਰੀ ਵੀ ਆ ਰਹੀ ਜਾਪਦੀ ਹੈ। ਦਿੱਲੀ ਦੀ ਅਲਾਲਤ ਨੇ ਸੀਬੀਆਈ ਨੂੰ ਨਿਰਦੇਸ਼ ਦਿੱਤੇ ਹਨ ਕਿ ਸੰਨ 1984 ਦੇ ਇਕ ਸਿੱਖ ਕਤਲੇਆਮ ਕੇਸ ਦੀ ਜਾਂਚ ਜਲਦ ਨਿਬੇੜੀ ਜਾਵੇ, ਜਿਸ 'ਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦਿੱਤੀ ਗਈ ਸੀ। ਅਦਾਲਤ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ। ਸੀਬੀਆਈ ਨੇ ਵਧੀਕ ਮੁੱਖ ਮੈਟਰੋਪੋਲਿਟਨ



ਮੈਜਿਸਟਰੇਟ ਅਮਿਤ ਅਰੋੜਾ ਦੀ ਅਦਾਲਤ ਨੂੰ ਦੱਸਿਆ ਕਿ ਇਸ ਕੇਸ 'ਚ ਗਵਾਹ ਵਜੋਂ ਪੇਸ਼ ਹੋ ਕੇ ਮਦਦ ਕਰਨ ਵਾਲੇ ਵਿਵਾਦਤ ਕਾਰੋਬਾਰੀ ਅਭਿਸ਼ੇਕ ਵਰਮਾ ਦਾ ਲਾਈ ਡਿਟੈਕਟਰ ਟੈਸਟ (ਝੂਠ ਫੜਨ ਵਾਲਾ ਟੈਸਟ) ਲੰਘੇ ਸਾਲ ਦਸੰਬਰ ਮਹੀਨੇ ਕੀਤਾ ਗਿਆ ਸੀ ਪਰ ਮਾਹਰਾਂ ਦੀ ਅਣਹੋਂਦ ਕਾਰਨ ਇਸ ਦੀ ਰਿਪੋਰਟ ਤਿਆਰ ਨਹੀਂ ਕੀਤੀ ਜਾ ਸਕੀ। ਅਦਾਲਤ ਨੇ ਫੋਰੈਂਸਿਕ ਸਾਇੰਸ ਲੈਬਾਰਟਰੀ (ਐੱਫਐੱਸਐੱਲ) ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਰਿਪੋਰਟ ਜਲਦ ਤੋਂ ਜਲਦ ਤਿਆਰ ਕੀਤੀ ਜਾਵੇ। ਅਦਾਲਤ ਨੇ ਐੱਫਐੱਸਐੱਲ ਨੂੰ ਰਿਪੋਰਟ ਤਿਆਰ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਦਿੰਦਿਆਂ ਕੇਸ ਦੀ ਸੁਣਵਾਈ 8 ਮਾਰਚ ਨੂੰ ਪਾ ਦਿੱਤੀ ਹੈ। ਸੀਬੀਆਈ ਨੇ ਸੀਲਬੰਦ ਲਿਫਾਫੇ 'ਚ ਰਿਪੋਰਟ ਪੇਸ਼ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਕੈਨੇਡਾ ਦੀ ਸਰਕਾਰ ਨੇ ਕੁਝ ਸਵਾਲ ਕੀਤੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਜਵਾਬ ਦੇਣਾ ਹੈ। ਕੁਝ ਸਮਾਂ ਪਹਿਲਾਂ ਅਦਾਲਤ ਨੇ ਸੀਬੀਆਈ ਨੂੰ ਕਿਹਾ ਸੀ ਕਿ ਉਹ ਨਵੀਂ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਨੂੰ ਲਿਖ ਕੇ ਇਸ ਸਮੇਂ ਕੈਨੇਡਾ ਵਿੱਚ ਰਹਿ ਰਹੇ ਇਸ ਕੇਸ ਨਾਲ ਸਬੰਧਤ ਮੁੱਖ ਗਵਾਹ ਬਾਰੇ ਜਾਣਕਾਰੀ ਹਾਸਲ ਕਰਨ। ਪੀੜਤ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਦਾਅਵਾ ਕੀਤਾ ਕਿ ਜਗਦੀਸ਼ ਟਾਈਟਲਰ ਨੇ ਇਸ ਕੇਸ ਦੇ ਮੁੱਖ ਗਵਾਹ ਸੁਰਿੰਦਰ ਸਿੰਘ ਦੇ ਪੁੱਤਰ ਨਰਿੰਦਰ ਸਿੰਘ ਨੂੰ ਕੈਨੇਡਾ ਭੇਜ ਦਿੱਤਾ ਸੀ ਤੇ ਉਸ ਰਾਹੀਂ ਸੁਰਿੰਦਰ ਸਿੰਘ 'ਤੇ ਆਪਣੇ ਬਿਆਨ ਬਦਲਣ ਲਈ ਦਬਾਅ ਬਣਾਇਆ ਜਾ ਰਿਹਾ ਹੈ।

# 'ਫਲਿਪਕਾਰਟ' ਨਾਂ ਦੀ ਆਨਲਾਈਨ ਸ਼ਾਪਿੰਗ ਕੰਪਨੀ ਦੀ ਕਾਲੀ ਕਰਤੂਤ

## ਮੈਟ ਉਤੇ ਲਾਈ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਆਨਲਾਈਨ ਉਤਪਾਦ ਵੇਚਣ ਵਾਲੀ ਕੰਪਨੀ 'ਫਲਿਪਕਾਰਟ' ਵੱਲੋਂ ਜ਼ਮੀਨ 'ਤੇ ਵਿਛਾਉਣ ਵਾਲੇ ਗਲੀਚੇ (ਮੈਟ) 'ਤੇ ਹਰਿਮੰਦਰ ਸਾਹਿਬ ਦੀ ਤਸਵੀਰ ਛਾਪਣ ਦੀ ਕਾਲੀ ਕਰਤੂਤ ਕੀਤੀ ਗਈ ਹੈ, ਜਿਸ ਕਾਰਨ ਸਿੱਖ ਸੰਗਤਾਂ ਵਿਚ ਭਾਰੀ ਰੋਸ ਵੇਖਣ ਨੂੰ ਮਿਲਿਆ ਹੈ। ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 'ਫਲਿਪਕਾਰਟ' ਕੰਪਨੀ ਵੱਲੋਂ ਮੈਟ 'ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਤਸਵੀਰ ਲਾਏ ਜਾਣ 'ਤੇ ਜਿੱਥੇ ਚਿੰਤਾ ਪ੍ਰਗਟਾਈ ਹੈ, ਉਥੇ ਹੀ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਨੋਟਿਸ ਲੈਣ ਲਈ ਆਖਿਆ ਹੈ।

ਉਹ ਇੱਥੇ ਗੁਰਦੁਆਰਾ ਸ੍ਰੀ ਨਾਨਕਸਰ ਕੁਟੀਆ ਤ੍ਰਿਪੜੀ ਵਿਖੇ ਚੱਲ ਰਹੇ ਲੜੀਵਾਰ ਧਾਰਮਿਕ ਸਮਾਗਮ ਵਿਚ ਪੁੱਜੇ ਸਨ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਟ 'ਤੇ ਦਰਬਾਰ ਸਾਹਿਬ ਦੀ ਤਸਵੀਰ ਛਾਪਣਾ ਨਿੰਦਣਯੋਗ ਹੈ। ਇਸ ਸਮਾਗਮ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਵੀ ਮੈਟ 'ਤੇ ਦਰਬਾਰ ਸਾਹਿਬ ਦੀ ਤਸਵੀਰ ਲਾਉਣ ਦੀ ਘਟਨਾ ਦੀ ਨਿਖੇਧੀ ਕੀਤੀ ਹੈ।




ਸ਼੍ਰੋਮਣੀ ਕਮੇਟੀ ਵੱਲੋਂ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਜਾ ਰਿਹਾ ਹੈ ਤੇ ਕੰਪਨੀ ਖ਼ਿਲਾਫ਼ ਪੁਲੀਸ ਕੋਲ ਵੀ ਸ਼ਿਕਾਇਤ ਕੀਤੀ ਜਾਵੇਗੀ। 'ਫਲਿਪਕਾਰਟ' ਦੀ ਇਸ ਕਰਤੂਤ ਦਾ ਪਤਾ ਲੱਗਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਜ਼ਮੀਨ 'ਤੇ ਵਿਛਾਉਣ ਵਾਲੇ ਮੈਟ ਉਪਰ ਹਰਿਮੰਦਰ ਸਾਹਿਬ ਦੀ ਤਸਵੀਰ ਬਣਾਈ ਗਈ ਹੈ, ਜੋ ਇਕ ਤਰ੍ਹਾਂ ਨਾਲ ਗੁਰੂ ਘਰ ਦੀ ਬੇਅਦਬੀ ਕਰਨ ਵਰਗੀ ਕਾਰਵਾਈ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ, ਕੰਪਨੀ ਖ਼ਿਲਾਫ਼ ਸਖ਼ਤ ਕਾਰਵਾਈ ਕਰਾਏਗੀ। ਉਨ੍ਹਾਂ ਸਰਕਾਰ ਕੋਲੋਂ ਵੀ ਮੰਗ ਕੀਤੀ ਹੈ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਅਜਿਹੀਆਂ ਕੰਪਨੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਕੰਪਨੀ ਨੂੰ ਇਸ ਕਾਰਵਾਈ ਖ਼ਿਲਾਫ਼ ਕਾਨੂੰਨੀ ਨੋਟਿਸ ਭੇਜਿਆ ਜਾ ਰਿਹਾ ਹੈ। ਲੋੜ ਪੈਣ 'ਤੇ ਕੰਪਨੀ ਖ਼ਿਲਾਫ਼ ਕੇਸ ਵੀ ਦਰਜ ਕਰਾਇਆ ਜਾਵੇਗਾ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ 'ਐਮਾਜ਼ੋਨ' ਨੇ ਵੀ ਅਜਿਹੀ ਹੀ ਕਰਤੂਤ ਕੀਤੀ ਸੀ ਤੇ ਇਸ ਲਈ ਉਸ ਨੂੰ ਮੁਆਫ਼ੀ ਮੰਗਣੀ ਪਈ ਸੀ।

ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ 'ਫਲਿੱਪਕਾਰਟ' ਵੱਲੋਂ ਦਰਬਾਰ ਸਾਹਿਬ ਦੀ ਤਸਵੀਰ ਮੈਟ 'ਤੇ ਲਾਉਣ ਦੀ ਨਿੰਦਾ ਕੀਤੀ ਹੈ ਤੇ ਕੰਪਨੀ 'ਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਹੈ। ਨਵੀਂ ਦਿੱਲੀ ਦੇ ਨਾਰਥ ਐਵੇਨਿਊ ਥਾਣੇ ਵਿਚ ਦਿੱਤੀ ਸ਼ਿਕਾਇਤ ਵਿਚ ਸ੍ਰੀ ਸਿਰਸਾ ਨੇ ਕਿਹਾ ਕਿ 'ਫਲਿਪਕਾਰਟ' ਨੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਵਾਲੇ ਮੈਟ ਵੇਚ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਮੰਗ ਕੀਤੀ ਕਿ ਪੁਲੀਸ 'ਫਲਿਪਕਾਰਟ' ਖ਼ਿਲਾਫ਼ ਕੇਸ ਦਰਜ ਕਰ ਕੇ ਫੌਰੀ ਸਖ਼ਤ ਕਾਰਵਾਈ ਕਰੇ। ਸ੍ਰੀ ਸਿਰਸਾ ਨੇ ਕਿਹਾ ਕਿ ਉਹ ਇਸ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਵੀ ਪੱਤਰ ਭੇਜਣਗੇ।

# ਅੰਮ੍ਰਿਤਸਰ ਹਵਾਈ ਅੱਡੇ ਨੇ ਦੇਸ਼ ਦੇ ਬਾਕੀ ਦੇ ਕੌਮਾਂਤਰੀ ਹਵਾਈ ਅੱਡਿਆਂ ਨੂੰ ਪਛਾੜਿਆ

### *ਸਾਲ 2017 ਦੇ ਮੁਕਾਬਲੇ ਦਸੰਬਰ 2018 'ਚ ਕੌਮਾਂਤਰੀ ਯਾਤਰੀਆਂ ਦੀ ਗਿਣਤੀ ਵਿੱਚ 48% ਵਾਧਾ ਦਰਜ*

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮ ਦਾਸ ਜੀ ਕੌਮਾਂਤਰੀ ਹਵਾਈ ਅੱਡੇ ਨੇ ਦਸੰਬਰ 2018 ਦੌਰਾਨ ਦੇਸ਼ ਦੇ ਬਾਕੀ ਦੇ ਕੌਮਾਂਤਰੀ ਹਵਾਈ ਅੱਡਿਆਂ ਨੂੰ ਪਛਾੜ ਦਿੱਤਾ ਹੈ। ਦਰਅਸਲ, ਸਾਲ 2017 ਦੇ ਮੁਕਾਬਲੇ ਦਸੰਬਰ 2018 'ਚ ਕੌਮਾਂਤਰੀ ਯਾਤਰੀਆਂ ਦੀ ਗਿਣਤੀ ਵਿੱਚ 48% ਵਾਧਾ ਦਰਜ ਕੀਤਾ ਗਿਆ ਹੈ।ਇਸ ਸਬੰਧੀ ਅੰਕੜੇ ਏਅਰਪੋਰਟ ਅਥਾਰਟੀ ਆਫ਼ ਇੰਡੀਆਦੀ ਵੈੱਬਸਾਈਟ 'ਤੇ ਜਾਰੀ ਕੀਤੇ ਗਏ ਹਨ। ਉਨ੍ਹਾਂ ਅੰਕੜਿਆਂ ਮੁਤਾਬਕ ਦਸੰਬਰ 2018 ਦੌਰਾਨ ਅੰਮ੍ਰਿਤਸਰ ਦੇ ਹਵਾਈ ਅੱਡੇ ਉੱਤੇ ਯਾਤਰੀਆਂ ਦੀ ਗਿਣਤੀ 83,276 ਰਹੀ, ਜਦ ਕਿ ਦਸੰਬਰ 2017 'ਚ ਇਹ



ਗਿਣਤੀ 56,284 ਸੀ। ਇੰਝ ਯਾਤਰੀਆਂ ਦੀ ਗਿਣਤੀ ਵਿੱਚ ਇਹ ਵਾਧਾ 48% ਰਿਹਾ। ਇਸ ਤੋਂ ਬਾਅਦ ਵਾਰਾਨਸੀ ਦਾ ਹਵਾਈ ਅੱਡਾ ਦੂਜੇ ਨੰਬਰ ਉੱਤੇ ਰਿਹਾ, ਜਿੱਥੇ ਇਸੇ ਸਮੇਂ ਦੌਰਾਨ ਯਾਤਰੀਆਂ ਦੀ ਗਿਣਤੀ ਵਿੱਚ 32.1 ਫ਼ੀ ਸਦੀ ਵਾਧਾ ਦਰਜ ਕੀਤਾ ਗਿਆ।

ਹਾਲੇ ਅੰਮ੍ਰਿਤਸਰ ਹਵਾਈ ਅੱਡੇ ਦੇ ਹੋਰ ਵੀ ਰਿਕਾਰਡ ਟੁੱਟਣਗੇ, ਜਦੋਂ ਛੇਤੀ ਹੀ ਇੱਥੋਂ ਪਟਨਾ, ਜੈਪਰ ਤੇ ਕੋਲਕਾਤਾ ਲਈ ਸਿੱਧੀਆਂ ਨਵੀਂਆਂ ਉਡਾਣਾਂ ਸ਼ੁਰੂ ਹੋ ਜਾਣਗੀਆਂ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਪਹਿਲਾਂ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼-ਪੁਰਬ ਮੌਕੇ ਅੰਮ੍ਰਿਤਸਰ ਤੋਂ ਲੰਦਨ, ਟੋਰਾਂਟੋ, ਵੈਨਕੂਵਰ ਤੱਕ ਦੀਆਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

# ਮੋਦੀ ਦੇ ਰਾਜ 'ਚ ਬੇਰੁਜ਼ਗਾਰੀ ਸਿਖ਼ਰ 'ਤੇ ਪੁੱਜੀ

## ਨੈਸ਼ਨਲ ਸੈਂਪਲ ਸਰਵੇਖਣ ਆਫ਼ਿਸ 'ਚ ਖੁਲਾਸਾ



**ਚੰਡੀਗੜ੍ਹ/ਬਿਊਰੋ ਨਿਊਜ਼ :**
ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਵਿੱਚ ਸਭ ਤੋਂ ਵੱਧ ਹੋ ਗਈ ਹੈ। ਇਹ ਖੁਲਾਸਾ ਨੈਸ਼ਨਲ ਸੈਂਪਲ ਸਰਵੇਖਣ ਆਫ਼ਿਸ ਦੀ ਉਸ ਰਿਪੋਰਟ ਦੇ ਆਧਾਰ 'ਤੇ ਕੀਤਾ ਗਿਆ ਹੈ, ਜਿਸ ਨੂੰ ਸਰਕਾਰ ਵੱਲੋਂ ਜਾਰੀ ਨਾ ਕਰਨ ਦੇ ਵਿਵਾਦ ਦੇ ਚੱਲਦਿਆਂ ਕੌਮੀ ਅੰਕੜਾ ਕਮਿਸ਼ਨ ਦੇ ਦੋ ਮੈਂਬਰਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।ਰਿਪੋਰਟ ਮੁਤਾਬਕ ਦੇਸ਼ ਵਿੱਚ ਬੇਰੁਜ਼ਗਾਰੀ ਦਰ 6.1 ਫੀਸਦੀ ਹੈ ਹਾਲਾਂਕਿ ਸਾਲ 2011-12 ਵਿੱਚ ਇਹ ਦਰ ਮਹਿਜ਼ 2.2 ਫੀਸਦੀ ਸੀ। ਰਿਪੋਰਟ ਮੁਤਾਬਕ 2017-18 ਵਿੱਚ ਸ਼ਹਿਰੀ ਖੇਤਰ ਦੇ ਪੁਰਸ਼ ਨੌਜਵਾਨਾਂ ਵਿੱਚ 18.7 ਫੀਸਦੀ ਦੀ ਬੇਰੁਜ਼ਗਾਰੀ ਦਰ ਹੈ ਜਦਕਿ ਔਰਤਾਂ ਵਿੱਚ ਇਹ ਦਰ 27.2 ਫੀਸਦੀ ਹੈ।ਪੇਂਡੂ ਸਿੱਖਿਅਤ ਔਰਤਾਂ ਵਿੱਚ ਬੇਰੋਜ਼ਗਾਰੀ ਦੀ ਇਹ ਦਰ ਪਿਛਲੇ ਸਾਲ 17.3 ਫੀਸਦੀ ਸੀ ਜਦਕਿ 2004-05 ਵਿੱਚ ਇਹ 9.7 ਤੋਂ 15.2 ਫੀਸਦੀ ਵਿਚਕਾਰ ਸੀ। ਇਸ ਸਾਲ ਲੇਬਰ ਫੋਰਸ ਦੀ ਭਾਗੀਦਾਰੀ ਦਰ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ। 2011-12 ਵਿੱਚ ਜਿੱਥੇ ਦੇਸ਼ ਦੀ ਜਨਸੰਖਿਆ ਦੇ 39.5 ਫੀਸਦੀ ਲੋਕਾਂ ਨੇ ਕੰਮ ਕੀਤਾ ਪਰ 2011-12 ਵਿੱਚ ਇਹ ਦਰ ਘਟ ਕੇ 36.9 ਫੀਸਦੀ ਹੋ ਗਈ। 2004 ਤੋਂ ਹੀ ਇਸ ਦਰ ਵਿੱਚ ਗਿਰਾਵਟ ਦਰਜ ਕੀਤੀ ਜਾ ਰਹੀ ਹੈ।
ਮੋਦੀ ਸਰਕਾਰ ਵੱਲੋਂ ਵਾਰ-ਵਾਰ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਨੋਟਬੰਦੀ ਤੇ ਜੀਐੱਸਟੀ ਲਾਗੂ ਹੋਣ ਦੇ ਬਾਵਜੂਦ ਦੇਸ਼ ਵਿੱਚ ਰੁਜ਼ਗਾਰ ਦੀ ਕਮੀ ਨਹੀਂ ਆਈ, ਸਗੋਂ ਰੁਜ਼ਗਾਰ ਦੇ ਮੌਕੇ ਵਧੇ ਹਨ। ਸਰਕਾਰ ਦੇ ਉਕਤ ਦਾਅਵਿਆਂ ਦਾ ਕੱਚ-ਸੱਚ ਓਦੋਂ ਨਿੱਖਰ ਕੇ ਸਾਹਮਣੇ ਆ ਗਿਆ, ਜਦੋਂ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਦੇ ਚੇਅਰਮੈਨ ਪੀਸੀ ਮੋਹਨਨ ਤੇ ਮੈਂਬਰ ਕੁਮਾਰੀ ਜੇਵੀ ਮਿਨਾਕਸ਼ੀ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ। ਪੀਸੀ ਮੋਹਨਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਸਮੇਂ ਜਿਹੜਾ ਬਿਆਨ ਜਾਰੀ ਕੀਤਾ, ਉਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਨੈਸ਼ਨਲ ਸੈਂਪਲ ਸਰਵੇ ਆਫ਼ਿਸ ਕੋਲ ਬੇਰੁਜ਼ਗਾਰੀ ਦੇ ਤੱਥਾਂ ਸਹਿਤ ਅੰਕੜੇ ਮੌਜੂਦ ਸਨ ਪਰ ਉਨ੍ਹਾਂ ਨੂੰ ਸਰਕਾਰ ਵੱਲੋਂ ਜਾਰੀ ਨਹੀਂ ਸੀ ਕਰਨ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਅੰਕੜੇ ਦਸੰਬਰ 2018 ਵਿੱਚ ਜਾਰੀ ਕੀਤੇ ਜਾਣੇ ਸਨ ਪਰ ਸਰਕਾਰ ਵੱਲੋਂ ਇਸ ਦੀ ਆਗਿਆ ਨਾ ਦਿੱਤੀ ਗਈ। ਇਸ ਕਰ ਕੇ ਵੈੱਬਸਾਈਟ 'ਤੇ ਵੀ ਇਨ੍ਹਾਂ ਨੂੰ ਜਾਰੀ ਨਹੀਂ ਕੀਤਾ ਜਾ ਸਕਿਆ। ਕਮਿਸ਼ਨ ਨੇ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਇਹ ਅੰਕੜੇ ਲਾਜ਼ਮੀ ਹੀ ਜਨਵਰੀ ਵਿੱਚ ਲੋਕਾਂ ਸਾਹਮਣੇ ਲਿਆਂਦੇ ਜਾਣ ਪਰ ਸਰਕਾਰ ਨੇ ਇਸ ਦੀ ਹਾਮੀ ਨਹੀਂ ਭਰੀ।
ਏਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਜਦੋਂ ਮੌਜੂਦਾ ਐੱਨਡੀਏ ਸਰਕਾਰ ਦੇ ਕਰਤੇ-ਧਰਤਿਆਂ ਨੂੰ ਇਹ ਅਹਿਸਾਸ ਹੋਇਆ ਕਿ ਪਿਛਲੀ ਯੂਪੀਏ ਸਰਕਾਰ ਦੇ ਦਸ ਸਾਲਾ ਰਾਜ ਦੌਰਾਨ ਕੁੱਲ ਕੌਮੀ ਵਿਕਾਸ ਦਰ ਉਨ੍ਹਾਂ ਦੇ ਸ਼ਾਸਨ ਕਾਲ ਦੇ ਅਰਸੇ ਦੌਰਾਨ ਪ੍ਰਾਪਤ ਕੀਤੀ ਸਾਲਾਨਾ ਵਿਕਾਸ ਦਰ ਨਾਲੋਂ ਵੱਧ ਹੈ ਤਾਂ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਨੂੰ ਵਿਸ਼ਵਾਸ ਵਿੱਚ ਲਏ ਬਿਨਾ ਹੀ ਨੀਤੀ ਅਯੋਗ ਨੇ ਕੁੱਲ ਕੌਮੀ ਵਿਕਾਸ ਦਰ ਦੇ ਸਾਲਾਨਾ ਅੰਕੜੇ ਤੈਅ ਕਰਨ ਦਾ ਆਧਾਰ ਹੀ ਬਦਲ ਦਿੱਤਾ। ਮਕਸਦ ਇਸ ਦਾ ਇਹੋ ਸੀ ਕਿ ਵਿਕਾਸ ਦੇ ਮਾਮਲੇ ਵਿੱਚ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਵਧਾ-ਚੜ੍ਹਾਅ ਕੇ ਦਿਖਾਇਆ ਜਾਵੇ।
ਹੁਣ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਸ ਮਾਮਲੇ ਵਿੱਚ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਨਾਲੋਂ ਨੀਤੀ ਅਯੋਗ ਨੂੰ ਪਹਿਲ ਵਾਲੀ ਥਾਂ ਦੇ ਦਿੱਤੀ ਗਈ ਹੈ। ਏਥੇ ਹੀ ਬੱਸ ਨਹੀਂ, ਪਹਿਲਾਂ ਇਹ ਰਿਵਾਇਤ ਸੀ ਕਿ ਕੌਮੀ ਲੇਬਰ ਬਿਊਰੋ ਵੱਲੋਂ ਹਰ ਸਾਲ ਤੇ ਖ਼ਾਸ ਕਰ ਕੇ ਪੰਜ ਸਾਲਾਂ ਪਿੱਛੋਂ ਰੁਜ਼ਗਾਰ ਸੰਬੰਧੀ ਅੰਕੜੇ ਜਾਰੀ ਕੀਤੇ ਜਾਂਦੇ ਹਨ ਪਰ ਲੇਬਰ ਬਿਊਰੋ ਵੱਲੋਂ ਅੰਕੜੇ ਤਿਆਰ ਹੋਣ ਦੇ ਬਾਵਜੂਦ ਕਿਰਤ ਮੰਤਰਾਲੇ ਵੱਲੋਂ ਇਨ੍ਹਾਂ ਨੂੰ ਜਾਰੀ ਕਰਨ ਦੀ ਆਗਿਆ ਨਹੀਂ ਦਿੱਤੀ ਗਈ, ਜਦੋਂ ਕਿ ਸਾਰੇ ਹੀ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਵੱਲੋਂ ਆਪਣੀਆਂ ਆਰਥਕ ਨੀਤੀਆਂ ਦੀ ਭਰੋਸੇ ਯੋਗਤਾ ਬਣਾਈ ਰੱਖਣ ਲਈ ਹਰ ਸਾਲ ਰੁਜ਼ਗਾਰ ਸੰਬੰਧੀ ਅੰਕੜੇ ਜਾਰੀ ਕੀਤੇ ਜਾਂਦੇ ਹਨ। ਅਮਰੀਕਾ ਵਿੱਚ ਤਾਂ ਹਰ ਮਹੀਨੇ ਕਿਰਤ ਮਹਿਕਮੇ ਵੱਲੋਂ ਇਹ ਦੱਸਿਆ ਜਾਂਦਾ ਹੈ ਕਿ ਰੁਜ਼ਗਾਰ ਦੇ ਕਿੰਨੇ ਨਵੇਂ ਮੌਕੇ ਪੈਦਾ ਹੋਏ ਤੇ ਕਿੰਨੇ ਲੋਕਾਂ ਨੂੰ ਕੰਮ ਤੋਂ ਵਾਂਝੇ ਹੋਣਾ ਪਿਆ। ਐੱਨਡੀਏ ਸਰਕਾਰ ਹੈ ਕਿ ਉਸ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਦੂਜੇ ਮੰਤਰੀ ਇਹ ਦਾਅਵੇ ਕਰਦੇ ਰਹਿੰਦੇ ਹਨ ਕਿ ਕਿੰਨੇ ਲੋਕਾਂ ਦੇ ਬੈਂਕ ਖਾਤੇ ਖੋਲ੍ਹੇ ਗਏ, ਕਿੰਨਿਆਂ ਨੂੰ ਮੁਦਰਾ ਲੋਨ ਸਕੀਮ ਦੇ ਤਹਿਤ ਸਵੈ-ਰੁਜ਼ਗਾਰ ਖੋਲ੍ਹਣ ਲਈ ਬੈਂਕਾਂ ਵੱਲੋਂ ਕਰਜ਼ੇ ਦਿੱਤੇ ਗਏ, ਦੇਸ ਭਰ ਵਿੱਚ ਸਵੱਛ ਅਭਿਆਨ ਦੇ ਤਹਿਤ ਕਿੰਨੇ ਸ਼ੌਚਾਲਿਆ ਬਣਾਏ ਗਏ ਪਰ ਕਿਸੇ ਵੱਲੋਂ ਇਹ ਨਹੀਂ ਦੱਸਿਆ ਜਾ ਰਿਹਾ ਕਿ ਸੰਸਾਰ ਭਰ ਵਿੱਚ ਸਭ ਤੋਂ ਉੱਚੀ ਵਿਕਾਸ ਦਰ ਹਾਸਲ ਕਰਨ ਦੇ ਬਾਵਜੂਦ ਰੁਜ਼ਗਾਰ ਦੇ ਕਿੰਨੇ ਨਵੇਂ ਮੌਕੇ ਪੈਦਾ ਹੋਏ। ਕੌੜਾ ਸੱਚ ਤਾਂ ਇਹ ਹੈ ਕਿ ਜਿਹੜਾ ਵਿਕਾਸ ਹੋਇਆ ਵੀ ਹੈ, ਉਹ ਕਿਰਤ-ਰਹਿਤ ਵਿਕਾਸ ਹੈ। ਇਹੋ ਕਾਰਨ ਹੈ ਕਿ ਸਰਕਾਰ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਵੱਲੋਂ ਤਿਆਰ ਕੀਤੇ ਅੰਕੜਿਆਂ ਨੂੰ ਜਨਤਕ ਤੌਰ 'ਤੇ ਜਾਰੀ ਕਰਨ ਤੋਂ ਮੁਨਕਰ ਹੋਈ ਬੈਠੀ ਹੈ।
ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਹਿਟਲਰ : ਬੇਰੁਜ਼ਗਾਰੀ ਨੂੰ ਲੈ ਕੇ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (ਐੱਨਐੱਸਐੱਸਓ) ਦੇ ਅੰਕੜਿਆਂ 'ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਹੈ। ਰੁਜ਼ਗਾਰ 'ਤੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਦੀ ਤੁਲਨਾ ਹਿਟਲਰ ਨਾਲ ਕੀਤੀ ਹੈ। ਰਾਹੁਲ ਨੇ ਟਵੀਟ ਕਰਦੇ ਹੋਏ ਕਿਹਾ ਕਿ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ 5 ਸਾਲ ਬਾਅਦ ਪਤਾ ਲੱਗਾ ਹੈ ਕਿ ਦੇਸ਼ ਤਬਾਹ ਹੋ ਚੁੱਕਾ ਹੈ।
ਰਾਹੁਲ ਗਾਂਧੀ ਨੇ ਕਿਹਾ ਹੈ ਕਿ ਇਹ ਸਮਾਂ ਹੁਣ 'ਨਮੋ ਦੇ ਜਾਣ ਦਾ ਹੈ।' ਇਸ ਸਰਵੇ ਮੁਤਾਬਿਕ 2017-18 ਦੇ ਵਿੱਤੀ ਸਾਲ 'ਚ ਬੇਰੁਜ਼ਗਾਰੀ ਦਰ 6.1 ਫੀਸਦੀ ਹੈ, ਜੋ ਕਿ ਸਾਲ 1972-73 ਤੋਂ ਬਾਅਦ ਸਭ ਤੋਂ ਜ਼ਿਆਦਾ ਹੈ।ਜਾਣਕਾਰੀ ਹੈ ਕਿ ਇਸ ਰਿਪੋਰਟ ਨੂੰ ਜਾਰੀ ਨਾ ਕਰਨ 'ਤੇ ਰਾਸ਼ਟਰੀ ਅੰਕੜਾ ਕਮਿਸ਼ਨ ਦੇ ਦੋ ਮੈਂਬਰਾਂ ਪੀ ਸੀ ਮੋਹਨਨ ਅਤੇ ਜੇ ਵੀ ਮਿਨਾਕਸ਼ੀ ਨੇ ਅਸਤੀਫ਼ਾ ਦੇ ਦਿੱਤਾ ਸੀ। ਕਾਂਗਰਸ ਨੇ 'ਨੈਸ਼ਨਲ ਸੈਂਪਲ ਸਰਵੇ ਆਫ਼ਿਸ' (ਐੱਨ ਐੱਸ ਐੱਸ ਓ) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਕਿ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ 'ਚ ਸਭ ਤੋਂ ਜ਼ਿਆਦਾ ਹੋਣ ਨਾਲ ਜੁੜੇ ਅੰਕੜੇ ਸਰਕਾਰ ਛੁਪਾ ਰਹੀ ਹੈ ਅਤੇ ਇਸ ਕਾਰਨ ਰਾਸ਼ਟਰੀ ਅੰਕੜਾ ਕਮਿਸ਼ਨ ਦੇ ਦੋ ਸੁਤੰਤਰ ਮੈਂਬਰਾਂ ਨੂੰ ਅਸਤੀਫ਼ਾ ਦੇਣਾ ਪਿਆ।

## ਹੁਣ ਇਸ਼ਤਿਹਾਰਾਂ ਰਾਹੀਂ ਦੱਸਣਗੇ ਚੋਣ-ਉਮੀਦਵਾਰ ਆਪਣੇ 'ਅਪਰਾਧ'

**ਦਿੱਲੀ/ਬਿਊਰੋ ਨਿਊਜ਼ :**
ਭਾਰਤੀ ਚੋਣ ਕਮਿਸ਼ਨ ਵੱਲੋਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਨਾਮਜ਼ਦਗੀ ਪੱਤਰ ਦੇ ਹਿੱਸੇ ਫਾਰਮ ਨੰਬਰ 26 ਵਿੱਚ ਸੋਧ ਕੀਤੀ ਗਈ ਹੈ। ਇਸ ਸੋਧ ਅਨੁਸਾਰ ਹੁਣ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ ਚੋਣ ਲੜਨ ਦੇ ਇੱਛੁਕ ਅਪਰਾਧੀ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ 'ਚ ਆਪਣੇ ਪੂਰੇ ਅਪਰਾਧਿਕ ਮਾਮਲਿਆਂ/ਜਿਨ੍ਹਾਂ ਮਾਮਲਿਆਂ 'ਚ ਉਨ੍ਹਾਂ ਨੂੰ ਅਦਾਲਤ ਵੱਲੋਂ ਸਜ਼ਾ ਸੁਣਾਈ ਜਾ ਚੁੱਕੀ ਹੈ, ਸਬੰਧੀ ਫਾਰਮ 26 ਵਿੱਚ ਪੂਰੀ ਜਾਣਕਾਰੀ ਦੇਣੀ ਪਾਵੇਗੀ ਅਤੇ ਨਾਲ ਹੀ ਇਹ ਜਾਣਕਾਰੀ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਰਾਹੀਂ ਜਨਤਾ ਨੂੰ ਵੀ ਦੇਣੀ ਪਵੇਗੀ।
ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਫ਼ਸਰ, ਪੰਜਾਬ ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਇਹ ਫੈਸਲਾ ਭਾਰਤੀ ਸੁਪਰੀਮ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ -784 ਆਫ 2015 ਲੋਕ ਪ੍ਰਹਰੀ ਬਨਾਮ ਯੂਨੀਅਨ ਆਫ਼ ਇੰਡੀਆ ਅਤੇ ਸਿਵਲ ਰਿੱਟ ਪਟੀਸ਼ਨ ਨੰ 536 ਆਫ 2011 ਪਬਲਿਕ ਇੰਟਰਸਟ ਫਾਊਂਡੇਸ਼ਨ ਬਨਾਮ ਕੇਂਦਰ ਸਰਕਾਰ ਅਤੇ ਅਦਰਜ਼ ਦਾ ਨਿਪਟਾਰਾ ਕਰਦਿਆਂ ਸੁਣਾਏ ਗਏ ਫੈਸਲੇ ਦੀ ਰੋਸ਼ਨੀ ਵਿੱਚ ਕੀਤਾ ਗਿਆ ਹੈ।

## ਪੰਜਾਬ ਤੇ ਕਸ਼ਮੀਰ ਵਾਂਗ ਅਸਾਮ ਵਿਚ ਵੀ ਉਠੀ ਭਾਰਤ ਤੋਂ ਆਜ਼ਾਦ ਹੋਣ ਦੀ ਮੰਗ



**ਅਸਾਮੀ ਆਗੂ ਅਖਿਲ ਗਗੋਈ ਨਾਗਰਿਕਤਾ ਸੋਧ ਕਨੂੰਨ ਵਿਰੁੱਧ ਰੋਸ ਪ੍ਰਦਰਸ਼ਨ ਕਰਦਾ ਹੋਇਆ।**

ਗੁਹਾਟੀ(ਅਸਾਮ)/ਬਿਊਰੋ ਨਿਊਜ਼ : ਕ੍ਰਿਸ਼ਕ ਮੁਕਤੀ ਸੰਗਰਾਮ ਸੰਮਤੀ ਦੇ ਆਗੂ ਅਖਿਲ ਗਗੋਈ ਨੇ ਇੱਕ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਨਾਗਰਿਕਤਾ ਸੋਧ ਕਨੂੰਨ ਪਾਸ ਕੀਤਾ ਤਾਂ ਅਸਾਮ ਭਾਰਤੀ ਸੰਘ ਨੂੰ ਛੱਡਣ ਲਈ ਮਜਬੂਰ ਹੋਵੇਗਾ। ਅਸਾਮ ਦੇ ਤਿਨਸੁਕੀਆ ਜ਼ਿਲ੍ਹੇ 'ਚ ਬੋਲਦਿਆਂ ਅਸਾਮੀ ਆਗੂ ਨੇ ਕਿਹਾ ਕਿ ਜੇਕਰ ਸਰਕਾਰ ਸਾਡੇ ਮਾਣ ਨੂੰ ਠੇਸ ਪਹੁੰਚਾਉਂਦਿਆਂ ਨਵਾਂ ਕਨੂੰਨ ਬਣਾਵੇਗੀ ਤਾਂ ਅਸੀਂ ਭਾਰਤ ਦਾ ਹਿੱਸਾ ਨਾ ਰਹਿਣਾ ਠੀਕ ਸਮਝਾਂਗੇ। ਨਾਗਰਿਕਤਾ ਸੋਧ ਕਨੂੰਨ ਇੱਕ ਅਜਿਹਾ ਕਨੂੰਨ ਹੈ ਜਿਸ ਦੇ ਬਣਨ ਤੋਂ ਬਾਅਦ ਬੰਗਲਾਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਆਏ ਗੈਰ ਮੁਸਲਮਾਨ ਅਸਾਮ ਦੇ ਨਾਗਰਿਕ ਬਣ ਸਕਣਗੇ। ਅਖਿਲ ਗੋਗੋਈ ਨੇ ਕਿਹਾ ਕਿ ਜੇਕਰ ਇਹ ਨਵਾਂ ਕਨੂੰਨ ਬਣਦਾ ਹੈ ਤਾਂ ਇਹ ਸੰਨ 1985 ਅਸਾਮ ਐਵਾਰਡ ਦੀ ਉਲੰਘਣਾ ਹੋਵੇਗਾ ਜਿਸ ਤਹਿਤ ਸੰਨ 1971 ਤੋਂ ਬਾਅਦ ਅਸਾਮ ਦਾਖਲ ਹੋਏ ਬੰਦੇ, ਚਾਹੇ ਉਹ ਜਿਹੜੇ ਵੀ ਧਰਮ ਨਾਲ ਸਬੰਧਤ ਹੋਣ, ਗੈਰ-ਕਨੂੰਨੀ ਹੋਣਗੇ। ਨਾਗਰਿਕਤਾ ਸੋਧ ਕਨੂੰਨ ਦੇ ਖਿਲਾਫ ਪ੍ਰਦਰਸ਼ਨ ਕਰਦੀਆਂ ਸਾਰੀਆਂ ਹੀ ਜਥੇਬੰਦੀਆਂ ਨੇ ਕਿਹਾ ਕਿ ਜੇਕਰ ਇਹ ਕਨੂੰਨ ਬਣਿਆ ਤਾਂ ਅਸੀਂ ਭਾਰਤ ਤੋਂ ਵੱਖ ਹੋ ਜਾਵਾਂਗੇ।

# ਅਜੋਕੀ ਗਾਇਕੀ ਤੇ ਗੀਤਕਾਰੀ ਨੇ ਪੰਜਾਬੀ ਸਭਿਆਚਾਰ ਨੂੰ ਕੀਤਾ ਨਸ਼ਟ

**ਹਰਮਿੰਦਰ ਸਿੰਘ ਭੱਟ**
(099140-62205)

ਪੰਜਾਬ ਗੁਰੂਆਂ ਦੀ ਪਵਿੱਤਰ ਧਰਤੀ ਹੈ ਅਤੇ ਇਹ ਧਰਤੀ ਲਾਮਿਸਾਲ ਸ਼ਹੀਦੀਆਂ ਅਤੇ ਕੁਰਬਾਨੀਆਂ ਨਾਲ ਰੰਗੀ ਪਈ ਹੈ। ਕਦੇ ਇਸ ਦਾ ਸੰਗੀਤਕ ਮਾਹੌਲ ਧਾਰਮਿਕ, ਦੇਸ਼-ਭਗਤੀ ਅਤੇ ਆਪਸੀ ਭਾਈਚਾਰੇ ਦੀ ਰੰਗਤ ਵਿੱਚ ਰੰਗਿਆ ਹੋਇਆ ਸੀ ਪਰ ਅਜੋਕੇ ਗੀਤਕਾਰਾਂ ਅਤੇ ਗਾਇਕਾਂ ਨੇ ਇਸ ਦੇ ਮਾਹੌਲ ਨੂੰ ਆਪਣੀ ਗਾਇਕੀ ਵਿਚਲੀ ਅਸ਼ਲੀਲਤਾ ਨਾਲ ਮਲੀਨ ਕਰ ਦਿੱਤਾ ਹੈ। ਅਸ਼ਲੀਲ ਗਾਇਕੀ ਦੀ ਨਾ ਰੁਕਣ ਵਾਲੀ ਹਨੇਰੀ ਪੰਜਾਬ ਵਿੱਚ ਨਿਰੰਤਰ ਵਗ ਰਹੀ ਹੈ। ਅਸ਼ਲੀਲ ਗਾਇਕੀ ਦੀ ਇਹ ਹਨੇਰੀ ਮੈਰਿਜ ਪੈਲੇਸਾਂ ਵਿੱਚ ਡੀਜੇ. 'ਤੇ, ਪਿੰਡਾਂ ਵਿੱਚ ਟਰੈਕਟਰਾਂ 'ਤੇ ਲੱਗੇ ਡੈੱਕਾਂ ਵਿੱਚ, ਨਿੱਜੀ ਬੱਸਾਂ ਵਿੱਚ, ਨੌਜਵਾਨਾਂ ਦੇ ਮੋਬਾਇਲਾਂ 'ਤੇ ਅਤੇ ਨਿੱਜੀ ਟੀਵੀ. ਚੈਨਲਾਂ 'ਤੇ ਬੇਰੋਕ ਟੋਕ ਵਗ ਰਹੀ ਹੈ ਅਤੇ ਅਸ਼ਲੀਲਤਾ ਦਾ ਗੰਦ ਪਾ ਕੇ ਹਰ ਵਿਅਕਤੀ ਨੂੰ ਸ਼ਰਮਸਾਰ ਕਰ ਰਹੀ ਹੈ। ਪੰਜਾਬੀ ਦੇ ਕੁੱਝ ਨਿੱਜੀ ਟੀਵੀ. ਚੈਨਲ ਸਵੇਰ-ਸ਼ਾਮ ਨੂੰ ਗੁਰਬਾਣੀ ਪ੍ਰਸਾਰਿਤ ਕਰਨ ਤੋਂ ਬਾਅਦ ਸਾਰਾ ਦਿਨ ਅਸ਼ਲੀਲ ਕੰਜਰਪੁਣਾ ਪੇਸ਼ ਕਰ ਰਹੇ ਹਨ ਅਤੇ ਖ਼ੂਬ ਪੈਸਾ ਕਮਾ ਰਹੇ ਹਨ।
ਅਜੋਕੀ ਗਾਇਕੀ ਇੱਕ ਵਪਾਰਕ ਧੰਦਾ ਬਣ ਗਿਆ ਹੈ। ਇਹ ਸੱਚ ਹੈ ਜਿਨਾਂ ਅਜੋਕੇ ਲੱਚਰਤਾ ਪੇਸ਼ ਕਰ ਰਹੇ ਗਾਇਕਾਂ ਕੋਲ ਕਦੀ ਸਾਈਕਲ/ਸਕੂਟਰ ਨਹੀਂ ਸੀ ਹੁੰਦਾ, ਅੱਜ ਉਹੀ ਗਾਇਕ ਲਗਜ਼ਰੀ ਗੱਡੀਆਂ ਵਿੱਚ ਘੁੰਮ ਰਹੇ ਹਨ। ਵਿਦੇਸ਼ਾਂ ਦੇ ਟੂਰ ਲਗਾ ਕੇ ਪੌਂਡ ਅਤੇ ਡਾਲਰ ਕਮਾ ਰਹੇ ਹਨ। ਉਹਨਾਂ ਦਾ ਇਹ ਸ਼ਾਹੀ ਠਾਠ ਵਾਲਾ ਜੀਵਨ ਪੱਧਰ ਵੇਖ ਕੇ ਅੱਜ ਪੰਜਾਬ ਦਾ ਹਰ ਨੌਜਵਾਨ, ਗਾਇਕ ਬਣਨ ਦੀ ਦੌੜ ਵਿੱਚ ਸ਼ਾਮਲ ਹੈ। ਭਾਂਵੇਂ ਉਸ ਨੂੰ ਸੰਗੀਤ ਦੀ ਕੋਈ ਬਹੁਤੀ ਜਾਣਕਾਰੀ ਨਹੀਂ ਹੈ। ਫਿਰ ਵੀ ਉਹ ਰਾਤੋ-ਰਾਤ 'ਸਿੰਗਰ ਸਟਾਰ' ਬਣਨ ਲਈ ਸ਼ਰਮ ਹਯਾ ਦੀ ਲੋਈ ਨੂੰ ਲੀਰੋ-ਲੀਰ ਕਰਕੇ ਪੰਜਾਬੀ ਸਭਿਆਚਾਰਕ ਵਿਰਸੇ ਦੀ ਮਾਣ-ਮੱਤੀ ਥਾਲੀ ਵਿੱਚ ਅਸ਼ਲੀਲਤਾ ਪਰੋਸ ਰਿਹਾ ਹੈ। ਅੱਜ ਦੇ ਜ਼ਿਆਦਾਤਰ ਗਾਇਕ ਵੱਧ ਤੋਂ ਵੱਧ ਪੈਸੇ ਕਮਾਉਣ ਲਈ ਕਾਮ ਉਕਸਾਊ ਗਾਇਕੀ ਪੇਸ਼ ਕਰ ਰਹੇ ਹਨ। ਅਜਿਹੀ ਗਾਇਕੀ ਨੂੰ ਪਰਿਵਾਰ ਸਮੇਤ ਬੈਠ ਕੇ ਟੀਵੀ. ਚੈਨਲਾਂ ਉਤੇ ਨਾ ਸੁਣਿਆ ਜਾ ਸਕਦਾ ਹੈ ਤੇ ਨਾ ਹੀ ਵੇਖਿਆ ਜਾ ਸਕਦਾ ਹੈ। ਹਰ ਨੌਜਵਾਨ ਆਪਣੀ ਭੈਣ ਅਤੇ ਮਾਂ ਨੂੰ ਅਜੋਕੀ ਗਾਇਕੀ ਸੁਣਨ ਤੋਂ ਤਾਂ ਰੋਕ ਰਹੇ ਹਨ ਪਰ ਆਪ ਦੂਜੇ ਦੀਆਂ ਧੀਆਂ ਭੈਣਾਂ ਦੀਆਂ ਅਸ਼ਲੀਲ ਗਾਇਕੀ ਦੀਆਂ ਬਣੀਆਂ ਵੀਡੀਓ ਬੜੇ ਚਾਅ ਨਾਲ ਵੇਖ ਅਤੇ ਸੁਣ ਰਹੇ ਹਨ। ਸੰਗੀਤ ਮਨੁੱਖ ਦੀ ਰੂਹ ਵਿੱਚ ਖਿੜਾਓ ਪੈਦਾ ਕਰਦਾ ਹੈ। ਥੱਕੇ ਟੁੱਟੇ ਮਨੁੱਖ ਦੀ ਥਕਾਵਟ ਨੂੰ ਦੂਰ ਕਰਦਾ ਹੈ ਪਰ ਅੱਜ ਨਾ ਤਾਂ ਦਿਲਾਂ ਨੂੰ ਟੁੰਬਣ ਵਾਲਾ ਸੰਗੀਤ ਹੀ ਹੈ ਤੇ ਨਾ ਹੀ ਦਿਲਾਂ ਨੂੰ ਧੂਹ ਪਾਉਣ ਵਾਲੀ ਗੀਤਕਾਰੀ ਅਤੇ ਗਾਇਕੀ। ਪੂਰੀ ਦੀ ਪੂਰੀ ਅਜੋਕੀ ਗਾਇਕੀ ਔਰਤ, ਜੱਟ, ਹਥਿਆਰਾਂ, ਆਸ਼ਕੀ ਅਤੇ ਨਸ਼ਿਆਂ ਦੁਆਲੇ ਹੀ ਘੁੰਮ ਰਹੀ ਹੈ। ਪੰਜਾਬੀ ਗਾਇਕਾਂ ਵਲੋਂ ਗੀਤਾਂ ਵਿੱਚ ਲਗਾਤਾਰ ਹਥਿਆਰਾਂ ਦਾ ਪ੍ਰਦਰਸ਼ਨ ਹਿੰਸਾ ਅਤੇ ਕਤਲੇਆਮ ਨੌਜਵਾਨ ਪੀੜ੍ਹੀ ਨੂੰ ਨਾ ਕੇਵਲ ਗੁਮਰਾਹ ਕਰ ਰਿਹਾ ਹੈ ਬਲਕਿ ਨੌਜਵਾਨਾਂ ਲਈ ਘਾਤਕ ਵੀ ਹੋ ਰਿਹਾ ਹੈ। ਦੂਜਿਆਂ ਦਾ ਜਾਨ ਲੈਣ ਲਈ ਗਾਇਕ ਨੌਜਵਾਨਾਂ ਨੂੰ ਉਕਸਾ ਰਹੇ ਹਨ। 18 ਤੋਂ 20 ਸਾਲ ਦੇ ਨੌਜਵਾਨਾਂ 'ਤੇ ਇਹ ਜ਼ਿਆਦਾ ਪ੍ਰਭਾਵ ਪਾ ਰਿਹਾ ਹੈ। ਅਜੋਕੀ ਗਾਇਕੀ ਨੌਜਵਾਨ ਪੀੜ੍ਹੀ ਨੂੰ ਗਲਤ ਰਸਤਿਆਂ ਉਪਰ ਚੱਲਣ ਲਈ ਉਕਸਾ ਰਹੀ ਹੈ।
ਇਸ ਵਿਚ ਕੋਈ ਝੂਠ ਨਹੀਂ ਹੋਵੇਗਾ ਕਿ ਸਾਡਾ ਪੰਜਾਬੀ ਸੱਭਿਆਚਾਰ ਪੂਰੀ ਤਰਾਂ ਨਾਲ ਨਸ਼ਟ ਹੁੰਦਾ ਜਾ ਰਿਹਾ ਹੈ ਕਿਉਂਕਿ ਪਹਿਲਾਂ ਦੇ ਨਾਲੋਂ ਅੱਜ ਦੇ ਲੱਚਰ ਗਾਣੇ ਸਾਡੀ ਹੁਣ ਵਾਲੀ ਅਤੇ ਆਉਣ ਵਾਲੀ ਨੌਜਵਾਨ ਪੀੜ੍ਹੀ 'ਤੇ ਬੁਰਾ ਅਸਰ ਪਾ ਰਹੇ ਹਨ। ਇਸ ਕਰਕੇ ਸਾਡੀ ਪੰਜਾਬੀਅਤ ਇਹਨਾਂ ਲੱਚਰ ਗਾਣਿਆਂ ਦੇ ਵੱਲ ਧਿਆਨ ਦੇ ਕੇ ਆਪਣੀ ਜ਼ਿੰਦਗੀ ਖਰਾਬ ਕਰ ਰਹੀ ਹੈ ਜਿਸ ਨਾਲ ਉਹਨਾਂ ਦੇ ਦਿਮਾਗ 'ਤੇ ਮਾੜਾ ਅਸਰ ਪੈਂਦਾ ਜਾ ਰਿਹਾ ਹੈ। ਅੱਜ ਦੇ ਇਹਨਾਂ ਪੰਜਾਬੀ ਗਾਣਿਆਂ ਦੇ ਵਿਚ ਫੁਕਰਪੁਣੇ ਨਾਲ ਹਥਿਆਰਾਂ ਨੂੰ ਕੁਝ ਜ਼ਿਆਦਾ ਹੀ ਪ੍ਰਮੋਟ ਕੀਤਾ ਜਾਂਦਾ ਹੈ ਜਿਸ ਨਾਲ ਨੌਜਵਾਨ ਪੀੜ੍ਹੀ ਇਹਨਾਂ ਹਥਿਆਰਾਂ ਵਾਲੇ ਗਾਣਿਆਂ ਨੂੰ ਸੁਣ ਕੇ, ਉਨਾਂ ਦੀਆਂ ਰੀਸਾਂ ਕਰਦੀ ਹੈ, ਜਦਕਿ ਇਹਨਾਂ ਹਥਿਆਰਾਂ ਨੂੰ ਅੱਜ ਦੇ ਗਾਇਕ ਸਿਰਫ਼ ਆਪਣੀ ਸ਼ਾਨੋ-ਸ਼ੌਕਤ ਤੇ ਸ਼ੁਹਰਤ ਨੂੰ ਵਧਾਉਣ ਲਈ ਵਰਤਦੇ ਹਨ। ਉਨਾਂ ਨੂੰ ਇਹ ਨਹੀਂ ਪਤਾ ਕਿ ਸਾਡੇ ਇਹਨਾਂ ਹਥਿਆਰਾਂ ਵਾਲੇ ਗਾਣਿਆਂ ਨਾਲ ਸਾਡੀ ਆਉਣ ਵਾਲੀ ਨੌਜਵਾਨ ਪੀੜ੍ਹੀ 'ਤੇ ਕੀ ਅਸਰ ਪੈਂਦਾ ਹੈ। ਅੱਜ ਨੌਜਵਾਨ ਪੀੜ੍ਹੀ ਇਹ ਗਾਇਕੀ ਬੜੇ ਚਾਅ ਅਤੇ ਜੋਸ਼ ਨਾਲ ਸੁਣ ਰਹੀ ਹੈ ਪਰ ਜਦੋਂ ਕੱਲ ਨੂੰ ਉਨਾਂ ਦੇ ਘਰ ਧੀ ਜੰਮ ਪਵੇਗੀ ਫਿਰ ਇਹ ਗਾਇਕੀ ਉਨਾਂ ਦੇ ਕੰਨਾਂ ਵਿੱਚ ਕੁੜੱਤਣ ਵਰਗੀ ਮਹਿਸੂਸ ਹੋਵੇਗੀ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਫਿਰ ਸਿਰਫ਼ ਪਛਤਾਵਾ ਵੀ ਪੱਲੇ ਰਹਿ ਜਾਵੇਗਾ।



# ਲੋਕ ਸਭਾ ਚੋਣਾਂ 2019 : ਭਾਜਪਾ ਲਈ ਆਉਣ ਵਾਲਾ ਸਮਾਂ ਮੁਸ਼ਕਿਲਾਂ ਭਰਿਆ

**ਪ੍ਰੋ. ਅਭੈ ਕੁਮਾਰ**

ਚੋਣਾਂ ਸਿਰ 'ਤੇ ਹਨ ਅਤੇ ਸਰਵੇਖਣ ਕਰਨ, ਕਰਵਾਉਣ ਵਾਲੀਆਂ ਸੰਸਥਾਵਾਂ ਬੇਹੱਦ ਰੁੱਝੀਆਂ ਹੋਈਆਂ ਹਨ। ਦੇਸ਼ ਦੇ ਲੋਕਾਂ ਦਾ



ਰੁਝਾਨ ਪਤਾ ਲਗਾਉਣ ਲਈ ਪੈਮਾਨੇ ਤਿਆਰ ਕੀਤੇ ਜਾ ਰਹੇ ਹਨ ਅਤੇ ਵੋਟਰਾਂ ਤੋਂ ਤਰ੍ਹਾਂ-ਤਰ੍ਹਾਂ ਦੀ ਪੁੱਛ-ਪੜਤਾਲ ਕਰ ਕੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਹਵਾ ਕਿਸ ਪਾਸੇ ਵੱਲ ਵਹਿ ਰਹੀ ਹੈ ? ਹੁਣ ਤੱਕ ਆਏ ਤਿੰਨ 'ਮੂਡ ਆਫ ਦ ਨੇਸ਼ਨ' ਸਰਵੇਖਣਾਂ ਵਿਚੋਂ ਦੋ ਦੱਸ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ ਮੁੱਖ ਤੌਰ 'ਤੇ ਆਪਣੇ ਪਿਛਲੇ ਪ੍ਰਦਰਸ਼ਨ ਤੋਂ 80 ਤੋਂ 100 ਸੀਟਾਂ ਦੂਰ ਰਹਿ ਸਕਦਾ ਹੈ। ਇਸ ਤੋਂ ਇਹ ਸੰਦੇਸ਼ ਨਿਕਲਦਾ ਹੈ ਕਿ ਜੇਕਰ ਸਭ ਕੁਝ ਇੰਜ ਹੀ ਚਲਦਾ ਰਿਹਾ ਅਤੇ ਨਰਿੰਦਰ ਮੋਦੀ ਨੇ ਛੇਤੀ ਹੀ ਖੇਡ ਦਾ ਰੁਖ਼ ਪਲਟ ਦੇਣ ਵਾਲਾ ਕੋਈ ਕਦਮ ਨਾ ਚੁੱਕਿਆ ਤਾਂ ਸੰਨ 2019 ਵਿਚ ਭਾਵੇਂ ਹੀ ਉਨ੍ਹਾਂ ਦੀ ਚੋਣਾਂ ਵਿਚ ਪੂਰੀ ਤਰ੍ਹਾਂ ਨਾਲ ਹਾਰ ਨਾ ਹੋਵੇ ਪਰ ਉਨ੍ਹਾਂ ਦੀ ਸਰਕਾਰ ਦੀ ਸਥਿਤੀ 90 ਦੇ ਦਹਾਕੇ ਵਿਚ ਬਣੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਰਗੀ ਹੋ ਜਾਵੇਗੀ ਭਾਵ ਉਹ ਸਰਕਾਰ ਅਸਲ ਵਿਚ ਇਕ ਗੱਠਜੋੜ ਸਰਕਾਰ ਹੋਵੇਗੀ ਅਤੇ ਮੋਦੀ (ਜਾਂ ਉਸ ਸਮੇਂ ਜੋ ਵੀ ਭਾਜਪਾ ਦਾ ਪ੍ਰਧਾਨ ਮੰਤਰੀ ਹੋਵੇਗਾ) ਨੂੰ ਗੱਠਜੋੜ ਦੀਆਂ ਪਾਰਟੀਆਂ 'ਤੇ ਨਿਰਭਰ ਰਹਿਣਾ ਪਵੇਗਾ। ਉਸ ਸਥਿਤੀ ਵਿਚ ਸੰਸਦ ਵਿਚ ਵਿਰੋਧੀ ਧਿਰ ਦੀ ਤਾਕਤ ਵਧਣੀ ਲਾਜ਼ਮੀ ਹੈ ਅਤੇ ਜੇਕਰ ਅਜਿਹੀ ਲੋਕ ਸਭਾ ਦੀ ਕਲਪਨਾ ਕੀਤੀ ਜਾਵੇ ਤਾਂ ਵਿਰੋਧੀ ਧਿਰ ਦੀਆਂ ਕੁਰਸੀਆਂ 'ਤੇ ਕਾਂਗਰਸ ਦੇ 100 ਤੋਂ 125 ਸੰਸਦ ਮੈਂਬਰ ਬੈਠੇ ਦਿਖਾਈ ਦੇਣਗੇ ਅਤੇ ਬਹੁਤ ਸਾਰੀਆਂ ਕੁਰਸੀਆਂ 'ਤੇ ਭਾਜਪਾ ਵਿਰੋਧੀ ਖੇਤਰੀ ਸ਼ਕਤੀਆਂ ਦੇ ਸੰਸਦ ਮੈਂਬਰ ਵੀ ਦਿਖਾਈ ਦੇਣਗੇ। ਭਾਵ ਭਾਜਪਾ ਲਈ ਆਉਣ ਵਾਲਾ ਰਸਤਾ ਮੁਸ਼ਕਿਲ ਜਾਪ ਰਿਹਾ ਹੈ।

ਵੋਟ ਫ਼ੀਸਦੀ ਅਤੇ ਸੀਟਾਂ ਦੀ ਚਰਚਾ ਕਰਨ ਵਾਲੇ ਇਨ੍ਹਾਂ ਪਰੰਪਰਿਕ ਕਿਸਮ ਦੇ ਸਰਵੇਖਣਾਂ ਤੋਂ ਵੱਖ ਹੁੰਦੇ ਹੋਏ ਇਕ ਅਜਿਹੀ ਰਾਇਸ਼ੁਮਾਰੀ ਵੀ ਕੀਤੀ ਗਈ, ਜਿਹੜੀ ਰਾਜਨੀਤਕ ਹਵਾ ਦਾ ਅੰਦਾਜ਼ਾ ਵਿਸ਼ਵਾਸ ਜਾਂ ਭਰੋਸੇ ਦੇ ਸੰਦਰਭ ਵਿਚ ਲਗਾਉਂਦੀ ਹੈ। ਇਹ ਸਰਵੇਖਣ ਲੋਕਾਂ ਤੋਂ ਪੁੱਛਦਾ ਹੈ ਕਿ ਮੁੱਦਿਆਂ (ਮਹਿਗਾਈ, ਕਾਨੂੰਨ ਵਿਵਸਥਾ, ਸਰਕਾਰੀ ਨੌਕਰੀ, ਭ੍ਰਿਸ਼ਟਾਚਾਰ, ਫ਼ਿਰਕੂ ਭਾਈਚਾਰਾ), ਹਸਤੀਆਂ (ਨਰਿੰਦਰ ਮੋਦੀ, ਰਾਹੁਲ ਗਾਂਧੀ, ਮਮਤਾ ਬੈਨਰਜੀ ਆਦਿ) ਅਤੇ ਪਾਰਟੀਆਂ (ਭਾਜਪਾ, ਕਾਂਗਰਸ ਅਤੇ ਖੇਤਰੀ ਪਾਰਟੀਆਂ) ਦੇ ਸੰਦਰਭ ਵਿਚ ਉਹ ਕਿਸ 'ਤੇ ਅਤੇ ਕਿੰਨਾ ਕੁ ਵਿਸ਼ਵਾਸ ਕਰਦੇ ਹਨ ? ਜ਼ਾਹਰ ਹੈ ਕਿ ਇਸ ਤੋਂ ਇਹ ਤਾਂ ਪਤਾ ਲੱਗ ਹੀ ਸਕਦਾ ਹੈ ਕਿ ਇਸ ਵਾਰ ਲੋਕ ਕਿਸ ਨੂੰ ਵੋਟ ਪਾਉਣੀ ਚਾਹੁੰਦੇ ਹਨ ਅਤੇ ਉਸ ਦੇ ਪਿੱਛੇ ਉਨ੍ਹਾਂ ਦੇ ਕੀ ਕਾਰਨ ਹਨ। ਨੈੱਟਵਰਕ 18 ਦੇ ਚੈਨਲ ਸੀ.ਐਨ.ਬੀ.ਸੀ. ਆਵਾਜ਼ ਅਤੇ 'ਫਸਟ ਪੋਸਟ' ਅਖ਼ਬਾਰ ਲਈ ਇਪਸੋਸ ਸੰਸਥਾ ਵਲੋਂ ਕੀਤੇ ਗਏ ਇਸ ਵਿਸਤਾਰਤ ਸਰਵੇਖਣ ਨੇ ਆਪਣੇ ਨਮੂਨੇ ਅਤੇ ਪ੍ਰਣਾਲੀ ਦੀ ਵੀ ਜਾਣਕਾਰੀ ਮੁਹੱਈਆ ਕਰਵਾਈ ਹੈ, ਜਿਸ ਨਾਲ ਪਹਿਲੀ ਨਜ਼ਰ ਵਿਚ ਇਹ ਜ਼ਿਆਦਾ ਵਿਸ਼ਵਾਸਯੋਗ ਲੱਗਣ ਲਗਦਾ ਹੈ। ਇਸ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ 'ਤੇ ਇਸ ਸਰਵੇਖਣ ਤੋਂ ਕਈ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਉਂਦੇ ਹਨ।

ਜਿਵੇਂ ਕਿ ਆਮ ਮਾਨਤਾ ਹੈ ਕਿ ਕਿਸੇ ਵੀ ਸਰਵੇਖਣ ਵਿਚ ਗਣਿਤ ਦਿਖਾਈ ਦਿੰਦਾ ਹੈ। ਉਸ ਦਾ ਅਸਲ ਨਤੀਜਾ ਉਸ ਦੇ ਅੰਕੜਿਆਂ ਅੰਦਰ ਕਿਤੇ ਲੁਕਿਆ ਰਹਿੰਦਾ ਹੈ ਜਿਵੇਂ ਇਹ ਭਰੋਸਾ ਸਰਵੇਖਣ ਦੱਸਦਾ ਹੈ ਕਿ ਨਰਿੰਦਰ ਮੋਦੀ ਦੀ ਨਿੱਜੀ ਇਮਾਨਦਾਰੀ ਅਤੇ ਵਿੱਤੀ ਪਵਿੱਤਰਤਾ ਵਿਚ ਲੋਕਾਂ ਦਾ ਯਕੀਨ 50 ਫ਼ੀਸਦੀ ਤੋਂ ਕੁਝ ਜ਼ਿਆਦਾ ਹੈ। ਪਹਿਲੀ ਨਜ਼ਰ ਵਿਚ ਭਰੋਸੇਯੋਗ ਲੱਗਣ ਵਾਲੇ ਇਸ ਤੱਥ ਨੂੰ ਜਿਵੇਂ ਹੀ ਰਾਫੇਲ ਸੌਦੇ 'ਤੇ ਉੱਠੇ ਵਿਵਾਦ 'ਤੇ ਲੋਕਾਂ ਦੀ ਸਲਾਹ ਦੇ ਸ਼ੀਸ਼ੇ ਵਿਚ ਦੇਖਿਆ ਜਾਂਦਾ ਹੈ, ਤਾਂ ਇਹ ਅੰਕੜਾ ਕਮਜ਼ੋਰ ਲੱਗਣ ਲਗਦਾ ਹੈ। 55 ਫ਼ੀਸਦੀ ਲੋਕ ਮੰਨਦੇ ਹਨ ਕਿ ਰਾਫੇਲ ਸੌਦਾ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਕ ਅਹਿਮ ਮੁੱਦੇ ਦੀ ਭੂਮਿਕਾ ਨਿਭਾਏਗਾ। ਜਦੋਂ ਇਹੀ ਸਵਾਲ ਹੋਰ ਵੀ ਠੋਸ ਢੰਗ ਨਾਲ ਪੁੱਛਿਆ ਗਿਆ ਕਿ, ਕੀ ਕਾਂਗਰਸ ਵਲੋਂ ਪ੍ਰਧਾਨ ਮੰਤਰੀ ਮੋਦੀ 'ਤੇ ਲਗਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਉਹ ਸਹਿਮਤ ਹਨ, ਤਾਂ ਪਤਾ ਲੱਗਿਆ ਕਿ 43 ਫ਼ੀਸਦੀ ਲੋਕ ਮਜ਼ਬੂਤੀ ਨਾਲ ਅਤੇ 22 ਫ਼ੀਸਦੀ ਲੋਕ ਮਾਮੂਲੀ ਢੰਗ ਨਾਲ ਇਨ੍ਹਾਂ ਦੋਸ਼ਾਂ ਨੂੰ ਸਹੀ ਮੰਨਦੇ ਹਨ। ਸਮਝਣ ਦੀ ਗੱਲ ਹੈ ਕਿ ਜੇਕਰ ਰਾਫੇਲ ਮੁੱਦੇ 'ਤੇ ਕੁੱਲ 65 ਫ਼ੀਸਦੀ ਲੋਕ ਅਜਿਹਾ ਨਾ ਮੰਨਦੇ ਹੁੰਦੇ, ਇਮਾਨਦਾਰੀ ਅਤੇ ਵਿੱਤੀ ਪਵਿੱਤਰਤਾ ਵਾਲੇ ਅੰਕੜੇ ਵਿਚ ਪ੍ਰਧਾਨ ਮੰਤਰੀ ਦੀ ਰੇਟਿੰਗ 80 ਫ਼ੀਸਦੀ ਆਉਂਦੀ ਭਾਵ ਵਿਰੋਧੀ ਧਿਰ ਵਲੋਂ ਲਗਾਇਆ ਗਿਆ 'ਚੌਕੀਦਾਰ ਚੋਰ ਹੈ' ਵਾਲਾ ਨਾਅਰਾ ਕਿਤੇ ਨਾ ਕਿਤੇ ਕੰਮ ਕਰਦਾ ਹੋਇਆ ਦਿਖਾਈ ਦੇ ਰਿਹਾ ਹੈ। ਇਕ ਹੋਰ ਤੱਥ ਜਿਸ ਨਾਲ ਸੱਤਾਧਾਰੀ ਪਾਰਟੀ ਬੇਚੈਨ ਹੋ ਸਕਦੀ ਹੈ, ਨੇਤਾ ਵਜੋਂ ਲੋਕਾਂ ਦੀ ਪਸੰਦ ਨਾਲ ਸਬੰਧਿਤ ਹੈ। 67 ਫ਼ੀਸਦੀ ਲੋਕਾਂ ਨੇ ਪ੍ਰਧਾਨ ਮੰਤਰੀ ਮੋਦੀ ਵਿਚ ਆਪਣਾ ਵਿਸ਼ਵਾਸ ਜਤਾਇਆ ਹੈ। ਇਕ ਵਾਰ ਫਿਰ ਇਹ ਆਕਰਸ਼ਕ ਅੰਕੜਾ ਹੈ। ਪਰ 49 ਫ਼ੀਸਦੀ ਲੋਕ ਅਜਿਹੇ ਵੀ ਹਨ ਜਿਹੜੇ ਰਾਹੁਲ ਗਾਂਧੀ 'ਤੇ ਯਕੀਨ ਰੱਖਦੇ ਹਨ। ਸਪੱਸ਼ਟ ਹੈ ਕਿ 16 ਫ਼ੀਸਦੀ ਲੋਕ ਅਜਿਹੇ ਵੀ ਹਨ ਜਿਹੜੇ ਦੋਵੇਂ ਨੇਤਾਵਾਂ ਨੂੰ ਇਕ-ਦੂਜੇ ਦੇ ਬਦਲ ਵਜੋਂ ਵੇਖ ਰਹੇ ਹਨ ਅਤੇ ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਣਗੀਆਂ, ਉਹ ਕਿਸੇ ਨਾ ਕਿਸੇ ਵੱਲ ਤਾਂ ਜ਼ਰੂਰ ਝੁਕਣਗੇ। ਇਹ ਅੰਕੜਾ ਦੱਸਦਾ ਹੈ ਕਿ ਮੋਦੀ ਦਾ ਕੋਈ ਬਦਲ ਨਹੀਂ ਵਾਲੀ ਸਥਿਤੀ ਹੁਣ ਨਹੀਂ ਰਹਿ ਗਈ ਹੈ। ਰਾਹੁਲ ਗਾਂਧੀ ਨੇ ਆਮ ਲੋਕਾਂ ਨੂੰ ਛੋਹਣ ਵਿਚ ਕਾਫੀ ਮੁਹਾਰਤ ਹਾਸਲ ਕੀਤੀ ਹੈ। ਦੂਸਰਾ ਰਾਹੁਲ ਗਾਂਧੀ ਦੱਖਣੀ ਭਾਰਤ ਵਿਚ ਮੋਦੀ ਤੋਂ ਅੱਗੇ ਹਨ ਅਤੇ ਇਥੋਂ ਤੱਕ ਕਿ ਆਸਾਮ ਵਿਚ ਵੀ (ਜਿਥੇ ਭਾਜਪਾ ਪੂਰਨ ਬਹੁਮਤ ਨਾਲ ਜਿੱਤੀ ਸੀ) ਉਨ੍ਹਾਂ 'ਤੇ ਅਤੇ ਉਨ੍ਹਾਂ ਦੀ ਪਾਰਟੀ 'ਤੇ ਲੋਕਾਂ ਦਾ ਯਕੀਨ ਜ਼ਿਆਦਾ ਹੈ।



ਇਹ ਸਰਵੇਖਣ ਅੰਕੜਿਆਂ ਦੀਆਂ ਦੋ ਅਜਿਹੀਆਂ ਸ਼੍ਰੇਣੀਆਂ ਵੀ ਪੇਸ਼ ਕਰਦਾ ਹੈ, ਜੋ ਮੋਦੀ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਕਾਫੀ ਪ੍ਰੇਸ਼ਾਨ ਕਰ ਸਕਦੀਆਂ ਹਨ। ਸ਼ੁਰੂ ਵਿਚ ਹੀ ਸਰਵੇਖਣ ਮੁੱਖ ਮੁੱਦਿਆਂ ਦੇ ਸੰਦਰਭ ਵਿਚ ਦੱਸਦਾ ਹੈ ਕਿ 37 ਤੋਂ 44 ਫ਼ੀਸਦੀ ਵਿਚਕਾਰ ਲੋਕ ਭਾਜਪਾ 'ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦੇ ਮਾਮਲੇ ਵਿਚ ਯਕੀਨ ਕਰ ਰਹੇ ਹਨ। ਜੇਕਰ 56 ਮਹੀਨਿਆਂ ਦੇ ਸ਼ਾਸਨ ਦੇ ਬਾਅਦ ਵੀ ਲੋਕਾਂ ਦਾ ਯਕੀਨ ਸਰਕਾਰ ਵਿਚ 50 ਫ਼ੀਸਦੀ ਤੋਂ ਉੱਤੇ ਨਹੀਂ ਜਾ ਸਕਿਆ ਤਾਂ ਵਿਰੋਧੀ ਧਿਰ ਦੀ ਏਕਤਾ ਦੇ ਬਿਹਤਰ ਸੂਚਕਾਂਕ ਦੀ ਹਾਲਤ ਵਿਚ ਭਾਜਪਾ ਨੂੰ 50 ਫ਼ੀਸਦੀ ਤੋਂ ਜ਼ਿਆਦਾ ਵੋਟ ਕਿਵੇਂ ਮਿਲਣਗੇ ? (ਅਮਿਤ ਸ਼ਾਹ ਨੇ ਇਹੋ ਟੀਚੇ ਦਾ ਐਲਾਨ ਕੀਤਾ ਸੀ)। 2014 ਵਿਚ ਜਦੋਂ ਮੋਦੀ ਆਪਣੀ ਹਰਮਨ-ਪਿਆਰਤਾ ਦੇ ਸਿਖ਼ਰ 'ਤੇ ਸਨ ਅਤੇ ਵਿਰੋਧੀ ਧਿਰ ਦੀ ਏਕਤਾ ਦਾ ਸੂਚਕਾਂਕ ਸਿਫ਼ਰ ਸੀ, ਉਸ ਸਮੇਂ ਭਾਜਪਾ 31 ਤੋਂ 38 ਫ਼ੀਸਦੀ ਵੋਟਾਂ ਨਾਲ ਬਹੁਮਤ ਹਾਸਲ ਕਰ ਗਈ ਸੀ। ਮੌਜੂਦਾ ਸਥਿਤੀ ਵਿਚ ਅਜਿਹਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਅੰਕੜਿਆਂ ਦੀ ਇਕ ਹੋਰ ਸ਼੍ਰੇਣੀ ਵਿਚ ਲੋਕ ਕੌਮੀ ਜਮਹੂਰੀ ਗੱਠਜੋੜ ਨੂੰ 30 ਤੋਂ 40 ਫ਼ੀਸਦੀ ਵੋਟ ਦੇਣ ਬਾਰੇ ਸੋਚ ਰਹੇ ਹਨ। ਇਸ ਨੂੰ ਅਤੇ ਮੁੱਦਿਆਂ ਵਾਲੇ ਅੰਕੜਿਆਂ ਨੂੰ ਇਕ-ਦੂਜੇ ਦੇ ਸਾਹਮਣੇ ਰੱਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਭਾਜਪਾ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ।

# ਪੰਜਾਬ ਦੇ ਖਾਲੀ ਖ਼ਜ਼ਾਨੇ 'ਚੋਂ ਭਰੀਆਂ ਲੀਡਰਾਂ ਦੀਆਂ ਜੇਬ੍ਹਾਂ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਤੋਂ ਆਰਟੀਆਈ ਰਾਹੀਂ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ ਵਿਧਾਇਕ ਹੁਣ ਕਾਫ਼ੀ ਮਹਿੰਗੇ ਪੈਣ ਲੱਗੇ ਹਨ। ਵਿਧਾਇਕਾਂ ਨੇ ਇਕ ਤਰ੍ਹਾਂ ਨਾਲ ਸਰਕਾਰੀ ਖ਼ਜ਼ਾਨਾ ਚਟਮ ਕਰਕੇ ਰੱਖ ਦਿੱਤਾ ਹੈ। ਵਾਰ-ਵਾਰ ਵਧਾਈਆਂ ਤਨਖ਼ਾਹਾਂ ਤੇ ਭੱਤਿਆਂ ਕਰਕੇ ਵਿਧਾਇਕਾਂ ਦੇ ਖ਼ਰਚ 'ਚ ਪਿਛਲੇ ਦਸ ਵਰ੍ਹਿਆਂ 'ਚ ਸਾਢੇ ਚਾਰ ਗੁਣਾ ਵਾਧਾ ਹੋਇਆ ਹੈ। ਖ਼ਜ਼ਾਨੇ 'ਚੋਂ ਕਰੀਬ ਇੱਕ ਅਰਬ ਰੁਪਏ ਇਨ੍ਹਾਂ ਵਿਧਾਇਕਾਂ ਦੀ ਜੇਬ 'ਚ ਪਏ ਹਨ।



ਮਿਲੇ ਵੇਰਵਿਆਂ ਮੁਤਾਬਕ ਸਾਲ 2007-08 ਵਿੱਚ ਖ਼ਜ਼ਾਨੇ ਨੂੰ ਇੱਕ ਵਿਧਾਇਕ ਔਸਤਨ 4.89 ਲੱਖ ਰੁਪਏ ਸਾਲਾਨਾ ਵਿੱਚ ਪੈਂਦਾ ਸੀ, ਉਹੀ ਵਿਧਾਇਕ ਹੁਣ ਔਸਤਨ 18.76 ਲੱਖ 'ਚ ਪੈਣ ਲੱਗਾ ਹੈ। ਖ਼ਜ਼ਾਨਾ ਖ਼ਾਲੀ ਹੋਵੇ ਤੇ ਭਾਵੇਂ ਭਰਿਆ, ਵਿਧਾਨ ਸਭਾ ਸਕੱਤਰੇਤ ਨੂੰ ਖੁੱਲ੍ਹਾ ਬਜਟ ਮਿਲਦਾ ਹੈ। ਸਾਲ 2007-08 ਤੋਂ ਸਾਲ 2017-18 ਤੱਕ ਵਿਧਾਨ ਸਭਾ ਸਕੱਤਰੇਤ ਨੂੰ 338.62 ਕਰੋੜ ਦਾ ਬਜਟ ਮਿਲਿਆ, ਜਿਸ 'ਚੋਂ 309. 91 ਕਰੋੜ ਖ਼ਰਚ ਹੋਏ ਹਨ। ਮੁੱਖ ਮੰਤਰੀ, ਵਜ਼ੀਰ, ਵਿਰੋਧੀ ਧਿਰ ਦਾ ਨੇਤਾ, ਸਪੀਕਰ, ਡਿਪਟੀ ਸਪੀਕਰ ਦਾ ਖਰਚਾ ਇਸ ਤੋਂ ਵੱਖਰਾ ਹੈ। ਇਹ ਨਿਰੋਲ 96 ਵਿਧਾਇਕਾਂ ਦਾ ਖਰਚਾ ਹੈ। ਮੁੱਖ ਸੰਸਦੀ ਸਕੱਤਰ ਦੇ ਅਹੁਦੇ ਸਮੇਂ ਵਿਧਾਇਕਾਂ ਦਾ ਅੰਕੜਾ 84 ਦੇ ਆਸ ਪਾਸ ਰਹਿੰਦਾ ਸੀ। ਸਰਕਾਰੀ ਖ਼ਜ਼ਾਨੇ ਨੇ ਇਕੱਲੇ ਵਿਧਾਇਕਾਂ ਨੂੰ ਸਾਲ 2007-08 ਤੋਂ ਸਾਲ 20 17-18 ਤੱਕ 61.47 ਕਰੋੜ ਰੁਪਏ ਤਨਖ਼ਾਹ ਵਜੋਂ ਅਤੇ 42.24 ਕਰੋੜ ਰੁਪਏ ਟੀਏ/ਡੀਏ ਅਤੇ ਤੇਲ ਖ਼ਰਚ ਵਜੋਂ ਦਿੱਤੇ ਹਨ। ਮਤਲਬ ਕਿ 11 ਵਰ੍ਹਿਆਂ 'ਚ 103.71 ਕਰੋੜ ਰੁਪਏ ਦਾ ਖਰਚਾ ਵਿਧਾਇਕਾਂ ਦਾ ਰਿਹਾ ਹੈ। ਤੱਥ ਗਵਾਹ ਹਨ ਕਿ ਸਾਲ 2007-08 ਵਿੱਚ ਵਿਧਾਇਕਾਂ ਦੀ ਕੁੱਲ ਤਨਖ਼ਾਹ ਦੋ ਕਰੋੜ ਰੁਪਏ ਅਤੇ ਟੀ.ਏ/ਡੀ.ਏ ਅਤੇ ਤੇਲ ਖ਼ਰਚ 2.11 ਕਰੋੜ ਰੁਪਏ ਬਣਿਆ ਸੀ। ਉਦੋਂ ਵਿਧਾਇਕਾਂ ਦਾ ਸਾਲਾਨਾ ਖ਼ਰਚ 4.11 ਕਰੋੜ ਰੁਪਏ ਸੀ ਜਦੋਂ ਕਿ ਹੁਣ ਇਹੋ ਖਰਚਾ ਸਾਲਾਨਾ 18 ਕਰੋੜ ਹੋ ਗਿਆ ਹੈ। ਪੰਜਾਬ ਸਰਕਾਰ ਨੇ ਸਾਲ 2009-10 ਵਿਚ ਵਿਧਾਇਕਾਂ 'ਤੇ ਕੁੱਲ ਖਰਚਾ 5.77 ਕਰੋੜ ਰੁਪਏ ਕੀਤਾ ਜਦੋਂ ਕਿ ਸਾਲ 2014-15 ਵਿਚ ਇਹੋ ਖਰਚਾ ਵਧ ਕੇ ਸਲਾਨਾ ਦਾ 9.15 ਕਰੋੜ ਰੁਪਏ ਹੋ ਗਿਆ। ਸਾਲ 2015-16 ਵਿੱਚ ਵਿਧਾਇਕ ਖ਼ਜ਼ਾਨੇ ਨੂੰ 12.90 ਕਰੋੜ ਅਤੇ ਸਾਲ 2016-17 ਵਿੱਚ 15.10 ਕਰੋੜ ਵਿਚ ਪਏ ਹਨ। ਇਸ ਤੋਂ ਇਲਾਵਾ ਸਰਕਾਰ ਹਰ ਵਿਧਾਇਕ ਦਾ ਪ੍ਰਤੀ ਮਹੀਨਾ ਔਸਤਨ 7200 ਰੁਪਏ ਆਮਦਨ ਕਰ ਵੀ ਤਾਰਦੀ ਹੈ।

ਪੰਜਾਬ ਦੇ ਜੋ ਮੌਜੂਦਾ 117 ਵਿਧਾਇਕ ਹਨ, ਉਨ੍ਹਾਂ 'ਚੋਂ 81 ਫ਼ੀਸਦੀ ਮਤਲਬ 95 ਵਿਧਾਇਕ ਤਾਂ ਕਰੋੜਪਤੀ ਹਨ। ਹਾਲਾਂਕਿ ਹੁਣ ਵਿਧਾਨ ਸਭਾ ਦੇ ਸੈਸ਼ਨ ਬਹੁਤ ਹੀ ਛੋਟੇ ਰਹਿ ਗਏ ਹਨ, ਜਿਸ ਦੇ ਵਜੋਂ ਵਿਧਾਇਕ ਆਪਣੀ ਮੁੱਢਲੀ ਡਿਊਟੀ ਤੋਂ ਵਾਂਝੇ ਹੀ ਰਹਿੰਦੇ ਹਨ। ਫਿਰ ਵੀ ਖ਼ਜ਼ਾਨਾ ਇਨ੍ਹਾਂ ਦੌਲਤਮੰਦ ਵਿਧਾਇਕਾਂ ਦੀ ਜੇਬ ਖ਼ਾਲੀ ਨਹੀਂ ਹੋਣ ਦਿੰਦਾ। ਵਿਧਾਨ ਸਭਾ ਸਕੱਤਰੇਤ ਦਾ ਕੁੱਲ ਖ਼ਰਚ ਦਾ ਕਰੀਬ ਇੱਕ ਤਿਹਾਈ ਖਰਚਾ ਇਕੱਲੇ ਵਿਧਾਇਕਾਂ 'ਤੇ ਖ਼ਰਚ ਹੁੰਦਾ ਹੈ। ਵਿਧਾਇਕਾਂ ਲਈ ਜੋ ਵਾਹਨ ਖ਼ਰੀਦੇ ਜਾਂਦੇ ਹਨ, ਉਨ੍ਹਾਂ ਦਾ ਖਰਚਾ ਵੱਖਰਾ ਹੈ। ਜਦੋਂ ਵੀ ਖ਼ਜ਼ਾਨਾ ਸੰਕਟ ਵਿਚ ਹੁੰਦਾ ਹੈ ਤਾਂ ਮੁਲਾਜ਼ਮਾਂ ਅਤੇ ਲੋਕ ਭਲਾਈ ਸਕੀਮਾਂ 'ਤੇ ਕੱਟ ਲੱਗ ਜਾਂਦਾ ਹੈ ਪ੍ਰੰਤੂ ਵਿਧਾਇਕਾਂ ਦੀ ਤਨਖ਼ਾਹ ਕਦੇ ਇੱਕ ਦਿਨ ਵੀ ਨਹੀਂ ਪਛੜਦੀ ਹੈ। ਵੇਰਵਿਆਂ ਅਨੁਸਾਰ ਵਿਧਾਨ ਸਭਾ ਦਾ ਸਾਲ 2007-08 ਵਿਚ ਬਜਟ ਸਿਰਫ਼ 15.73 ਕਰੋੜ ਰੁਪਏ ਸੀ, ਜਿਸ 'ਚੋਂ 10.28 ਕਰੋੜ ਖ਼ਰਚੇ ਗਏ ਸਨ। ਹੁਣ ਸਾਲ 2017-18 ਵਿੱਚ ਇਹੋ ਬਜਟ ਵੱਧ ਕੇ 43.29 ਕਰੋੜ ਰੁਪਏ ਹੋ ਗਿਆ ਹੈ, ਜਿਸ 'ਚੋਂ 42.53 ਕਰੋੜ ਰੁਪਏ ਖ਼ਰਚੇ ਗਏ ਹਨ। ਵਿਧਾਨ ਸਭਾ ਦੀਆਂ 13 ਕਮੇਟੀਆਂ ਹਨ ਜਿਨ੍ਹਾਂ ਦੇ ਮੈਂਬਰਾਂ ਵੱਲੋਂ ਕਈ ਮੀਟਿੰਗਾਂ ਪਹਾੜੀ ਥਾਵਾਂ 'ਤੇ ਕੀਤੀਆਂ ਜਾਂਦੀਆਂ ਹਨ। ਕਈ ਵਿਧਾਇਕਾਂ ਤਾਂ ਭੱਤੇ ਲੈਣ ਖ਼ਾਤਰ ਇਨ੍ਹਾਂ ਮੀਟਿੰਗਾਂ ਲਈ ਉਰੀ ਵਾਂਗੂ ਘੁੰਮਦੇ ਹਨ। ਸਿਆਸੀ ਧਿਰਾਂ ਵਿਚ ਲੋਕ ਮੁੱਦਿਆਂ 'ਤੇ ਲੱਖ ਵਖਰੇਵੇਂ ਖੜ੍ਹੇ ਹੋ ਜਾਂਦੇ ਹਨ ਪ੍ਰੰਤੂ ਤਨਖ਼ਾਹਾਂ ਤੇ ਭੱਤਿਆਂ ਵਿਚ ਵਾਧੇ ਮੌਕੇ ਸਭ ਧਿਰਾਂ ਘਿਓ ਖਿਚੜੀ ਹੋ ਜਾਂਦੀਆਂ ਹਨ।

ਵਿਧਾਇਕਾਂ ਦੇ ਇਲਾਜ 'ਤੇ ਖ਼ਰਚੇ ਛੇ ਕਰੋੜ ਰੁਪਏ ਨੇ ਵੀ ਖ਼ਜ਼ਾਨੇ ਨੂੰ ਮੰਜੇ ਵਿਚ ਪਾਇਆ ਹੈ। 11 ਵਰ੍ਹਿਆਂ ਦੌਰਾਨ ਵਿਧਾਇਕਾਂ ਦੀ ਸਿਹਤ 'ਤੇ ਸਰਕਾਰੀ ਖ਼ਜ਼ਾਨੇ ਨੇ 6.01 ਕਰੋੜ ਰੁਪਏ ਖ਼ਰਚ ਕੀਤੇ ਹਨ। ਸਾਲ 2010-11 ਵਿਚ ਤਾਂ ਇਨ੍ਹਾਂ ਵਿਧਾਇਕਾਂ ਦੇ ਇਲਾਜ 'ਤੇ ਇੱਕੋ ਵਰ੍ਹੇ ਵਿਚ 3.59 ਕਰੋੜ ਰੁਪਏ ਖ਼ਰਚ ਕੀਤੇ ਗਏ ਸਨ। ਸਾਲ 2017-18 ਵਿਚ ਵਿਧਾਇਕਾਂ ਦਾ ਇਲਾਜ ਖਰਚਾ 14.10 ਲੱਖ ਰੁਪਏ ਰਿਹਾ ਹੈ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਅਤੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਵਿਧਾਇਕ ਲੜਕੇ ਦਾ ਇਲਾਜ ਖਰਚਾ ਕਰੀਬ ਛੇ ਕਰੋੜ 'ਚ ਖ਼ਜ਼ਾਨੇ ਨੂੰ ਪਿਆ ਹੈ।

# ਲੰਡਨ ਵਿਚ ਛੁਰੇਬਾਜ਼ੀ ਦੀਆਂ ਘਟਨਾਵਾਂ ਵਧਣ ਕਾਰਨ ਸਹਿਮ

### *ਜਨਵਰੀ ਮਹੀਨੇ 'ਚ ਹੀ ਵਾਪਰ ਚੁੱਕੀਆਂ ਹਨ 43 ਘਟਨਾਵਾਂ*

**ਲੰਡਨ/ਮਨਦੀਪ ਖੁਰਮੀ :**

ਲੰਡਨ ਵਾਸੀਆਂ ਦੀ ਜਿਵੇਂ ਆਦਤ ਜਿਹੀ ਹੀ ਬਣ ਗਈ ਹੋਵੇ ਕਿ ਉਹਨਾਂ ਨੇ ਰੋਜ਼ਾਨਾ ਕੋਈ ਨਾ ਕੋਈ ਛੁਰੇਬਾਜ਼ੀ ਦੀ ਘਟਨਾ ਸੁਣਨੀ ਹੀ ਹੈ। ਅਜੂਬੇ ਵਰਗੇ ਸ਼ਹਿਰ 'ਚ ਮਨੁੱਖੀ ਜਾਨਾਂ ਥੋਕ ਦੇ ਭਾਅ ਅਜਾਈਂ ਜਾ ਰਹੀਆਂ ਹਨ। ਸਾਲ 2019 ਦੀ ਆਮਦ ਵੀ ਲੰਡਨ ਨੂੰ ਸੁੱਖ ਦਾ ਸਾਹ ਨਹੀਂ ਦਿਵਾ ਸਕੀ ਬਲਕਿ ਜਨਵਰੀ ਮਹੀਨਾ ਛੁਰੇਬਾਜ਼ੀ ਦੀਆਂ 43 ਘਟਨਾਵਾਂ ਆਪਣੇ ਨਾਮ ਕਰਵਾ ਗਿਆ। ਮੈਟਰੋਪੁਲਿਟਨ ਪੁਲਿਸ ਦੇ ਅੰਕੜੇ ਦੱਸਦੇ ਹਨ ਕਿ ਸਾਲ 2018 'ਚ ਛੁਰੇਬਾਜ਼ੀ ਦੀਆਂ ਘਟਨਾਵਾਂ ਵਿੱਚ 16 ਫੀਸਦੀ ਦਾ ਵਾਧਾ ਹੋਇਆ ਸੀ ਜੋ ਕਿ ਨਿਰੰਤਰ ਆਪਣੀ ਰਾਹ 'ਤੇ ਹੈ। ਪਿਛਲੇ ਸੱਤ ਸਾਲਾਂ ਦੇ ਮੁਕਾਬਲੇ ਮਾਰਚ 2018 ਤੱਕ ਚਾਕੂ ਜਾਂ ਤੇਜ਼ਧਾਰ ਹਥਿਆਰਾਂ ਨਾਲ ਵਾਪਰੀਆਂ ਘਟਨਾਵਾਂ ਦੀ ਗਿਣਤੀ 40147 ਦਰਜ ਕੀਤੀ ਗਈ ਸੀ। ਉਸ ਤੋਂ ਬਾਅਦ ਅਪ੍ਰੈਲ ਤੱਕ ਹੀ 1299 ਘਟਨਾਵਾਂ ਵਾਪਰ ਚੁੱਕੀਆਂ ਹਨ। ਕੋਕੀਨ ਵਰਗੇ ਮਾਰੂ ਨਸ਼ਿਆਂ ਦੇ ਹੜ੍ਹ ਨੂੰ ਵੀ ਅਜਿਹੇ ਜੁਰਮਾਂ ਦੇ ਵਾਧੇ ਦਾ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਪਿਛਲੇ ਸਾਲ ਫਰਵਰੀ ਮਹੀਨੇ ਸਿਰਫ ਇੱਕ ਹਫ਼ਤੇ 'ਚ 250 ਦੇ ਲਗਭਗ ਚਾਕੂ ਤੇ ਤੇਜ਼ਧਾਰ ਹਥਿਆਰ ਪੁਲਿਸ ਵੱਲੋਂ ਜ਼ਬਤ ਕੀਤੇ ਗਏ ਸਨ ਤੇ 283 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਹਨਾਂ ਵਿੱਚੋਂ ਜਿਆਦਾਤਰ ਅੱਲ੍ਹੜ ਉਮਰ ਦੇ ਸਨ। ਜਦੋਂ ਸਾਰਾ ਦੇਸ਼ ਨਵੇਂ ਸਾਲ ਦੇ ਜਸ਼ਨ ਮਨਾ ਰਿਹਾ ਸੀ ਤਾਂ 1 ਜਨਵਰੀ 2019 ਨੂੰ 33 ਸਾਲਾ ਸ਼ਾਰਲਟ ਹਗਿਨਜ਼ ਆਪਣੇ ਘਰ ਵਿੱਚ ਹੀ ਚਾਕੂ ਨਾਲ ਹੋਏ ਹਮਲੇ ਤੋਂ ਬਾਅਦ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਸੀ। 4:20 ਸਵੇਰੇ ਉਸ ਦੀ ਮੌਤ ਹੋਣ ਨਾਲ ਉਹਦਾ ਨਾਂ ਲੰਡਨ 'ਚ ਨਵੇਂ ਸਾਲ ਦਾ ਪਹਿਲਾ ਕਤਲ ਹੋ ਨਿੱਬੜਿਆ। ਪੂਰੇ ਮਹੀਨੇ ਵਿੱਚੋਂ 3, 10, 13, 16, 18, 25, 27 ਤੇ 28 ਜਨਵਰੀ ਨੂੰ ਪੁਲਿਸ ਨੇ ਸੁੱਖ ਦਾ ਸਾਹ ਲਿਆ। ਬੇਸ਼ੱਕ ਇਹ ਘਟਨਾਵਾਂ ਅਕਸਰ ਹੀ ਗੈਂਗਾਂ ਦੀ ਆਪਸੀ ਖਹਿਬਾਜ਼ੀ ਜਾਂ ਜਿਆਦਾਤਰ ਨਸ਼ਿਆਂ ਦੇ ਪ੍ਰਭਾਵ ਹੇਠ ਵਾਪਰਦੀਆਂ ਹਨ ਪਰ ਸ਼ਾਂਤੀਪਸੰਦ ਤੇ ਕੰਮਕਾਜੀ ਸਹਿਰੀ ਖੌਫ਼ ਦੇ ਮਾਹੌਲ 'ਚ ਵਿਚਰਦੇ ਨਜ਼ਰ ਆਉਂਦੇ ਹਨ ਕਿ ਕੀ ਪਤਾ, ਕਦੋਂ ਕਿਸ ਪਾਸਿਉਂ ਚਾਕੂ ਪੇਟ ਦੇ ਆਰ ਪਾਰ ਹੋ ਜਾਵੇ ? ਨਸ਼ਾ ਤਸਕਰਾਂ ਦੀ ਆਪਸੀ ਖਹਿਬਾਜ਼ੀ ਦਾ ਹੀ ਨਤੀਜਾ ਸੀ ਕਿ ਪਿਛਲੇ ਸਾਲ 19 ਮਾਰਚ ਨੂੰ ਸਲੋਅ ਦੇ ਪੰਜਾਬੀ ਬਲਬੀਰ ਜੌਹਲ ਨੂੰ ਸਾਊਥਾਲ ਵਿੱਚ ਚਾਕੂ ਮਾਰ ਕੇ ਮਾਰ ਦਿੱਤਾ ਸੀ। ਹਸਨ ਮੁਹੰਮਦ ਨਾਂ ਦੇ ਕਾਤਲ ਨੌਜਵਾਨ ਨੂੰ ਉਮਰ ਕੈਦ ਹੋਈ ਸੀ। ਅਦਾਲਤੀ ਕਾਰਵਾਈ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਕਤਲ ਦੀ ਵਜ੍ਹਾ ਇੱਕ ਦੂਜੇ ਦੇ ਇਲਾਕੇ ਵਿੱਚ ਨਸ਼ਾ ਵੇਚਣਾ ਹੀ ਸੀ।

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.




**Khalsa Insurance Agency is among TOP 50 agencies of Blue Cross in USA.**

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਸਭਰਾਵਾਂ ਦੀ ਜੰਗ ਤੇ ਖਾਲਸਾ ਰਾਜ ਦਾ ਰਾਖਾ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ

**ਹਰਸ਼ਰਨ ਸਿੰਘ**

ਸਭਰਾਵਾਂ ਦੀ ਲੜਾਈ ਗਾਥਾ ਹੈ, ਉਨਾਂ ਸਿੰਘ ਸੂਰਬੀਰ ਯੋਧਿਆਂ ਦੀ, ਜੋ ਆਪਣੇ ਦੇਸ਼ ਦੀ ਆਨ ਅਤੇ ਸ਼ਾਨ ਦੀ ਖ਼ਾਤਰ ਮੈਦਾਨੇ-ਜੰਗ ਵਿੱਚ ਮੌਤ ਦਾ ਜਾਮ ਹੱਸ-ਹੱਸ ਕੇ ਪੀਂਦੇ ਰਹੇ। ਆਪਣੇ ਜਿਊਂਦੇ ਜੀਅ ਫਿਰੰਗੀਆਂ ਨੂੰ ਸੁਤੰਤਰ ਖਾਲਸਾ ਰਾਜ ਦੀ ਧਰਤੀ 'ਤੇ ਪੈਰ ਨਹੀਂ ਸੀ ਰੱਖਣ ਦਿੱਤਾ। ਇਹ ਇੱਕ ਇਤਿਹਾਸਕ ਸਚਾਈ ਹੈ ਕਿ ਮੁਦਕੀ ਦੀ ਲੜਾਈ ਅਤੇ ਫਿਰੋਜ਼ਸ਼ਾਹ ਦੀ ਲੜਾਈ ਵਿੱਚ ਖ਼ਾਲਸਾ ਫ਼ੌਜਾਂ ਨੇ ਅੰਗਰੇਜ਼ ਦਾ ਜ਼ਬਰਦਸਤ ਜਾਨੀ ਅਤੇ ਮਾਲੀ ਨੁਕਸਾਨ ਕਰ ਦਿੱਤਾ ਸੀ। ਅਜਿਹੀ ਗੰਭੀਰ ਸਥਿਤੀ ਵਿੱਚ ਇੱਕ ਮੌਕੇ ਤਾਂ ਗਵਰਨਰ ਜਨਰਲ ਲਾਰਡ ਹਾਰਡਿੰਗ ਸਿੱਖਾਂ ਅੱਗੇ 'ਬਿਨਾਂ ਸ਼ਰਤ ਹਥਿਆਰ ਸੁੱਟਣ ਲਈ ਵੀ ਤਿਆਰ ਹੋ ਗਿਆ ਸੀ।" ਪਰ ਅਫ਼ਸੋਸ ਸਿੱਖ ਫ਼ੌਜਾਂ ਦੇ ਜਰਨੈਲਾਂ ਦੀ ਆਪਣੇ ਹੀ ਦੇਸ਼ ਨਾਲ ਗਦਾਰੀ ਸਦਕਾ, ਅੰਗਰੇਜ਼ਾਂ ਦੀ ਹਾਰ ਹਰ ਵਾਰੀ ਜਿੱਤ ਵਿੱਚ ਤਬਦੀਲ ਹੁੰਦੀ ਰਹੀ।

ਮੁਦਕੀ ਦੀ ਲੜਾਈ ਅਤੇ ਫਿਰੋਜ਼ਸ਼ਾਹ ਦੀ ਲੜਾਈ ਤੋਂ ਬਾਅਦ ਅੰਗਰੇਜ਼ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਗੁਲਾਬ ਸਿੰਘ ਨੂੰ ਬੁਲਾਵਾ ਭੇਜਿਆ। ਖ਼ਾਲਸਾ ਰਾਜ ਵਿੱਚ ਗੁਲਾਬ ਸਿੰਘ ਉਸ ਸਮੇਂ ਜੰਮੂ-ਕਸ਼ਮੀਰ ਦਾ ਗਵਰਨਰ ਸੀ ਅਤੇ ਨਾਲ ਹੀ ਉਸ ਨੂੰ ਆਰਜ਼ੀ ਤੌਰ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਨਿਯੁਕਤ ਕੀਤਾ ਗਿਆ ਸੀ। ਗੁਲਾਬ ਸਿੰਘ, ਲਾਲ ਸਿੰਘ ਅਤੇ ਤੇਜ ਸਿੰਘ ਲਾਰਡ ਹਾਰਡਿੰਗ ਨੂੰ ਆਣ ਮਿਲੇ। ਅਸਲ ਵਿੱਚ ਅੰਗਰੇਜ਼ ਹੁਣ ਹੋਰ ਲੜਾਈ ਵਿੱਚ ਹੋਣ ਵਾਲੇ ਨੁਕਸਾਨ ਤੋਂ ਬਚਣਾ ਚਾਹੁੰਦੇ ਸਨ। ਅੰਗਰੇਜ਼ ਚਾਹੁੰਦੇ ਸਨ ਕਿ ਗੁਲਾਬ ਸਿੰਘ ਕਿਸੇ ਨਾ ਕਿਸੇ ਢੰਗ ਨਾਲ ਖ਼ਾਲਸਾ ਫੌਜਾਂ ਨੂੰ ਈਨ ਮੰਨਣ ਲਈ ਤਿਆਰ ਕਰ ਲਵੇ। ਪਰ ਗੁਲਾਬ ਸਿੰਘ ਨੇ ਲਾਰਡ ਹਾਰਡਿੰਗ ਨੂੰ ਸਪਸ਼ਟ ਰੂਪ ਵਿੱਚ ਦੱਸਿਆ ਕਿ ਖ਼ਾਲਸਾ ਫ਼ੌਜਾਂ ਦੀ ਮੌਜੂਦਗੀ ਵਿੱਚ ਅੰਗਰੇਜ਼ ਇੱਕ ਪੈਰ ਵੀ ਪੰਜਾਬ ਦੀ ਧਰਤੀ 'ਤੇ ਨਹੀਂ ਰੱਖ ਸਕਦੇ। ਆਖੀਰ ਵਿੱਚ ਇਹ ਸਮਝੌਤਾ ਹੋਇਆ ਕਿ ਜਦੋਂ ਤੱਕ ਅੰਗਰੇਜ਼ਾਂ ਦੀਆਂ ਵੱਡੀਆਂ ਤੋਪਾਂ ਅਤੇ ਹੋਰ ਜੰਗੀ ਸਾਮਾਨ ਨਹੀਂ ਪਹੁੰਚ ਜਾਂਦਾ ਉਦੋਂ ਤਕ ਲੜਾਈ ਨਾ ਛੇੜੀ ਜਾਵੇ। ਇਹ ਵੀ ਸਮਝੌਤਾ ਹੋਇਆ ਕਿ ਜਦੋਂ ਲੜਾਈ ਸ਼ੁਰੂ ਹੋ ਜਾਵੇ ਤਾਂ ਗੁਲਾਬ ਸਿੰਘ ਖ਼ਾਲਸਾ ਫ਼ੌਜਾਂ ਲਈ ਲੋੜੀਂਦਾ ਗੋਲਾ ਬਾਰੂਦ ਅਤੇ ਖਾਣ-ਪੀਣ ਦੇ ਸਾਮਾਨ ਦੀ ਸਪਲਾਈ ਬੰਦ ਕਰ ਦੇਵੇਗਾ। ਇਸ ਸਮਝੌਤੇ ਤਹਿਤ ਐਡਵਰਡ ਲਾਰੰਸ ਵੱਲੋਂ ਅੰਗਰੇਜ਼ ਸਰਕਾਰ ਵੱਲੋਂ ਇਕ ਲਿਖਤੀ ਇਕਰਾਰਨਾਮਾ ਗੁਲਾਬ ਸਿੰਘ ਨੂੰ ਦਿੱਤਾ ਗਿਆ, ਜਿਸ ਅਨੁਸਾਰ ਲੜਾਈ ਉਪਰੰਤ ਜੰਮੂ-ਕਸ਼ਮੀਰ ਦਾ ਇਲਾਕਾ ਖ਼ਾਲਸਾ ਰਾਜ ਨਾਲੋਂ ਤੋੜ ਕੇ ਗੁਲਾਬ ਸਿੰਘ ਨੂੰ 'ਗਦਾਰੀ ਇਨਾਮ' ਵਜੋਂ ਦੇ ਦਿੱਤਾ ਜਾਵੇਗਾ। ਕੈਪਟਨ ਮੂਰੇ ਆਪਣੀ ਪੁਸਤਕ "ਹਿਸਟਰੀ ਆਫ ਇੰਡੀਆ" ਵਿੱਚ ਲਿਖਦਾ ਹੈ ਕਿ "ਸਭਰਾਵਾਂ ਦੀ ਲੜਾਈ ਤੋਂ ਪਹਿਲਾਂ ਦੋਹਾਂ ਪਾਸਿਆਂ ਦੇ ਜਰਨੈਲਾਂ ਵੱਲੋਂ ਅਜਿਹਾ ਸ਼ਰਮਨਾਕ ਸਮਝੌਤਾ ਦੁਨੀਆ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ ਸੀ। ਇਸ ਸਮਝੌਤੇ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਿਦੁਸਤਾਨ ਵਿੱਚ ਅੰਗਰੇਜ਼ ਰਾਜ ਕਿਸ ਨਿਵਾਣ ਤਕ ਡਿੱਗ ਪਿਆ ਸੀ।" ਹਿਦੁਸਤਾਨ ਦੇ ਇਤਿਹਾਸ ਵਿੱਚ ਆਪਣੇ ਹੀ ਦੇਸ਼ ਨਾਲ ਗ਼ਦਾਰੀ ਕਰਨ ਦੀ ਇਹ ਸਭ ਤੋਂ ਵੱਧ ਸ਼ਰਮਨਾਕ ਘਟਨਾ ਸੀ। ਇਸ ਤਰਾਂ ਗ਼ਦਾਰ ਜੁੰਡਲੀ ਨੇ ਅੰਗਰੇਜ਼ਾਂ ਨੂੰ ਲੜਾਈ ਲਈ ਤਿਆਰੀ ਕਰਨ ਦਾ ਖੁੱਲਾ ਸਮਾਂ ਦੇ ਦਿੱਤਾ।

ਅੰਗਰੇਜ਼ਾਂ ਦੀਆਂ ਵੱਡੀਆਂ ਤੋਪਾਂ ਅਤੇ ਹੋਰ ਜੰਗੀ ਸਮਾਨ ਫਰਵਰੀ-1846 ਦੇ ਪਹਿਲੇ ਹਫ਼ਤੇ ਵਿੱਚ ਸਭਰਾਵਾਂ ਦੇ ਸਥਾਨ 'ਤੇ ਪਹੁੰਚ ਗਿਆ ਸੀ। ਇਸੀ ਸਮੇਂ ਦੌਰਾਨ ਖ਼ਾਲਸਾ ਫ਼ੌਜਾਂ ਨੇ ਸਤਲੁਜ ਦਰਿਆ ਦੇ ਕੰਢੇ 'ਤੇ ਢਾਈ ਮੀਲ ਲੰਬੀ ਜ਼ਬਰਦਸਤ ਮੋਰਚਾਬੰਦੀ ਕਰ ਲਈ ਸੀ। ਡੂੰਘੀਆਂ ਖਾਈਆਂ ਪੁੱਟ ਕੇ ਤੋਪਖਾਨੇ ਬੀੜ ਦਿੱਤੇ ਗਏ ਸਨ। ਲੜਾਈ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਹੀ ਜਰਨੈਲ ਲਾਲ ਸਿੰਘ ਨੇ ਖ਼ਾਲਸਾ ਫ਼ੌਜਾਂ ਦੁਆਰਾ ਕੀਤੀ ਗਈ ਮੋਰਚਾਬੰਦੀ ਦੀ ਪੂਰੀ ਰਿਪੋਰਟ ਆਪਣੇ ਏਲਚੀ ਸੁਮਸੂਦੀਨ ਰਾਹੀਂ ਮੇਜਰ ਲਾਰੰਸ ਨੂੰ ਭੇਜ ਦਿੱਤੀ ਸੀ। ਫ਼ੌਜ ਦੇ ਸੱਜੇ ਪਾਸੇ ਦਰਿਆ ਉੱਤੇ ਬੇੜੀਆਂ ਦਾ ਪੁਲ ਬਣਿਆ ਹੋਇਆ ਸੀ। ਇਸ ਪੁਲ ਰਾਹੀਂ ਫ਼ੌਜ ਨੂੰ ਅਸਲਾ, ਖਾਣ-ਪੀਣ ਆਦਿ ਦਾ ਸਾਮਾਨ ਭੇਜਣ ਦਾ ਪ੍ਰਬੰਧ ਕੀਤਾ ਹੋਇਆ ਸੀ। ਫ਼ੌਜਾਂ ਦੇ ਖੱਬੇ ਪਾਸੇ ਰੇਤ ਦੇ ਵੱਡੇ-ਵੱਡੇ ਢੇਰ ਸਨ ਅਤੇ ਇਹ ਮੁਹਾਜ਼ ਸਭ ਤੋਂ ਕਮਜ਼ੋਰ ਸੀ। ਇਸ ਕਮਜ਼ੋਰ ਮੁਹਾਜ਼ ਵਾਲੇ ਪਾਸੇ ਦੀ ਕਮਾਂਡ ਲਾਲ ਸਿੰਘ ਨੇ ਖ਼ੁਦ ਸੰਭਾਲੀ ਹੋਈ ਸੀ ਤਾਂ ਜੋ ਅੰਗਰੇਜ਼ਾਂ ਦੀ ਜਿੱਤ ਨੂੰ



ਯਕੀਨੀ ਬਣਾਇਆ ਜਾ ਸਕੇ। ਮੁਦਕੀ ਅਤੇ ਫਿਰੋਜ਼ਸ਼ਾਹ ਦੀਆਂ ਲੜਾਈਆਂ ਵਿੱਚ ਸਿੱਖ ਫੌਜਾਂ ਦੀ ਨਾਜ਼ੁਕ ਹਾਲਤ ਦੀ ਖਬਰ ਜਦੋਂ ਸ. ਸ਼ਾਮ ਸਿੰਘ ਅਟਾਰੀਵਾਲਾ ਨੂੰ ਪਹੁੰਚੀ ਤਾਂ ਉਸ ਬੁੱਢੇ ਜਰਨੈਲ ਦੇ ਡੌਲੇ ਫਰਕਣ ਲੱਗ ਪਏ ਅਤੇ ਉਹ ਖ਼ਾਲਸਾ ਰਾਜ ਦੀ ਸੁਰੱਖਿਆ ਦੀ ਲੜਾਈ ਵਿੱਚ ਮਰ ਮਿਟਣ ਲਈ ਤਿਆਰ ਹੋ ਗਿਆ। ਉਸ ਨੇ ਉਸੀ ਸਮੇਂ ਆਪਣੇ ਫ਼ੌਜੀ ਦਸਤੇ ਨੂੰ ਨਾਲ ਲਿਆ ਅਤੇ ਸਭਰਾਵਾਂ ਦੇ ਮੈਦਾਨ ਵਿੱਚ ਆਣ ਧਮਕਿਆ। ਅਟਾਰੀਵਾਲਾ ਸਰਦਾਰ ਨੇ 10 ਫਰਵਰੀ 1846 ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕੀਤਾ, ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਅਰਦਾਸ ਕੀਤੀ। ਉਸ ਨੇ ਚਿੱਟਾ ਲਿਬਾਸ ਪਹਿਨਿਆ ਹੋਇਆ ਸੀ ਅਤੇ ਚਿੱਟੀ ਘੋੜੀ 'ਤੇ ਸਵਾਰ ਸੀ। ਅਟਾਰੀਵਾਲਾ ਸਰਦਾਰ ਦੇ ਸਭਰਾਵਾਂ ਦੇ ਮੈਦਾਨ ਵਿੱਚ ਪਹੁੰਚਣ ਕਾਰਨ ਜਰਨੈਲ ਲਾਲ ਸਿੰਘ ਅਤੇ ਤੇਜ ਸਿੰਘ ਦੇ ਰੰਗ ਪੀਲੇ ਪੈ ਗਏ।

10 ਫਰਵਰੀ 1846 ਦੀ ਸਵੇਰ ਹਨੇਰੇ ਵੇਲੇ ਅੰਗਰੇਜ਼ ਫ਼ੌਜਾਂ ਨੇ ਚੁਪਕੇ-ਚੁਪਕੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ ਤਾਂ ਜੋ ਖਾਲਸਾ ਫ਼ੌਜਾਂ ਉਪਰ ਅਚਾਨਕ ਹਮਲਾ ਕਰਕੇ, ਉਨਾਂ ਨੂੰ ਬਿਨਾ ਲੜਾਈ ਦੇ ਮੈਦਾਨ ਵਿੱਚੋਂ ਖਦੇੜ ਦਿੱਤਾ ਜਾਵੇ। ਸਵੇਰ ਦੀ ਥੋੜੀ ਜਿਹੀ ਰੋਸ਼ਨੀ ਹੋਣ 'ਤੇ ਸਿੱਖਾਂ ਨੂੰ ਅੰਗਰੇਜ਼ ਫ਼ੌਜੀਆਂ ਦੀਆਂ ਗਤੀਵਿਧੀਆਂ ਦਾ ਪਤਾ ਲੱਗਿਆ ਤਾਂ ਉਨਾਂ ਨੇ ਉਸੀ ਸਮੇਂ ਨਗਾਰੇ ਵਜਾ ਕੇ ਆਪਣੀ ਫੌਜ ਨੂੰ ਲੜਾਈ ਲਈ ਤਿਆਰ ਕਰ ਲਿਆ। ਬਸ ਫਿਰ ਕੀ ਸੀ ਉਸੀ ਸਮੇਂ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਮੈਦਾਨ ਗੂੰਜ ਉੱਠਿਆ। ਅੰਗਰੇਜ਼ੀ ਤੋਪਖਾਨੇ ਨੇ ਪੂਰੇ ਤਿੰਨ ਘੰਟੇ ਲਗਾਤਾਰ ਗੋਲਾਬਾਰੀ ਜਾਰੀ ਰੱਖੀ। ਪਰ ਫਿਰ ਵੀ ਅੰਗਰੇਜ਼ ਆਪਣਾ ਕੋਈ ਮਕਸਦ ਹੱਲ ਨਾ ਕਰ ਸਕੇ ਕਿਉਂਕਿ ਖਾਲਸਾ ਫ਼ੌਜਾਂ ਪਹਾੜ ਵਾਂਗ ਮੈਦਾਨ ਵਿੱਚ ਡਟੀਆਂ ਰਹੀਆਂ। ਖਾਲਸਾ ਤੋਪਖਾਨੇ ਨੇ ਵੀ ਜੁਆਬੀ ਗੋਲਾਬਾਰੀ ਸ਼ੁਰੂ ਕਰ ਦਿੱਤੀ ਸੀ। ਖ਼ਾਲਸਾ ਤੋਪਖਾਨੇ ਦੇ ਅੱਗ ਉਗਲਦੇ ਅਤੇ ਸ਼ੂਕਦੇ ਗੋਲਿਆਂ ਨੇ ਅੰਗਰੇਜ਼ੀ ਤੋਪਖਾਨੇ ਨੂੰ ਚੁੱਪ ਕਰਵਾ ਦਿੱਤਾ। ਹੁਣ ਅੰਗਰੇਜ਼ ਫ਼ੌਜ ਦੇ ਇਕ ਡਿਵੀਜ਼ਨ ਨੇ, ਸਰ ਰਾਬਰਟ ਡਿਕ ਦੀ ਅਗਵਾਈ ਹੇਠ, ਸਿੱਖ ਫੌਜ ਦੇ ਸਭ ਤੋਂ ਕਮਜ਼ੋਰ ਪਾਸੇ ਵੱਲ ਵਧਣਾ ਸ਼ੁਰੂ ਕਰ ਦਿੱਤਾ, ਜਿਧਰ ਲਾਲ ਸਿੰਘ ਦੀ ਕਮਾਂਡ ਹੇਠ ਥੋੜੀ ਜਿਹੀ ਫ਼ੌਜ ਖੜੋਤੀ ਸੀ। ਡਿਕ ਦੀ ਇਹ ਡਿਵੀਜ਼ਨ ਖ਼ਾਲਸਾ ਫ਼ੌਜ ਦੇ ਧੁਰ ਅੰਦਰ ਤਕ ਪਹੁੰਚ ਗਈ। ਲਾਲ ਸਿੰਘ ਕੋਈ ਮੁਕਾਬਲਾ ਕਰਨ ਦੀ ਬਜਾਏ, ਕਿਸੀ ਸੁਰੱਖਿਅਤ ਥਾਂ 'ਤੇ ਜਾ ਖੜੋਤਾ ਪਰ ਖ਼ਾਲਸਾ ਫ਼ੌਜਾਂ ਦੇ ਜ਼ਬਰਦਸਤ ਮੁਕਾਬਲੇ ਕਾਰਨ ਅੰਗਰੇਜ਼ਾਂ ਦੇ ਪੈਰ ਉਖੜ ਗਏ ਅਤੇ ਉਨਾਂ ਨੂੰ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਗਿਆ। ਉਸ ਸਮੇਂ ਅੰਗਰੇਜ਼ਾਂ ਦੀ ਇਕ ਹੋਰ ਫ਼ੌਜੀ ਡਿਵੀਜ਼ਨ ਸਰ ਗਿਲਬਰਟ ਦੀ ਅਗਵਾਈ ਹੇਠ ਉੱਥੇ ਆਣ ਪਹੁੰਚੀ। ਸਿੱਖਾਂ ਨਾਲ ਹੋਈ ਗਹਿਗੱਚ ਲੜਾਈ ਵਿੱਚ ਅੰਗਰੇਜ਼ਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ ਅਤੇ ਉਨਾਂ ਨੂੰ ਵੀ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਗਿਆ। ਫਿਰ ਅੰਗਰੇਜ਼ੀ ਫ਼ੌਜਾਂ ਦੀ ਮਦਦ ਲਈ ਇਕ ਹੋਰ ਡਿਵੀਜ਼ਨ, ਸਰ ਹੈਰੀ ਸਮਿਥ ਦੀ ਕਮਾਂਡ ਹੇਠ ਉੱਥੇ ਆਣ ਪਹੁੰਚੀ। ਦੋਵੇਂ ਫ਼ੌਜਾਂ ਦੇ ਲਿਸ਼ਕਦੇ ਹਥਿਆਰਾਂ ਨਾਲ ਮੈਦਾਨੇ-ਜੰਗ ਚਮਕ ਉੱਠਿਆ। ਕਦੀ ਕਦੀ ਤੋਪਾਂ ਦੇ ਗੋਲਿਆਂ ਦੇ ਫਟਣ ਨਾਲ ਆਕਾਸ਼ ਧੂੰਏਂ ਨਾਲ ਭਰ ਜਾਂਦਾ। ਕਈ ਵਾਰੀ ਖ਼ਾਲਸਾ ਫ਼ੌਜਾਂ ਦੇ ਜੈਕਾਰਿਆਂ "ਬੋਲੇ ਸੋ ਨਿਹਾਲ- ਸਤਿ ਸ੍ਰੀ ਅਕਾਲ" ਨਾਲ ਧਰਤੀ-ਆਕਾਸ਼ ਗੂੰਜਣ ਲੱਗ ਪੈਂਦਾ। ਅਜਿਹੇ ਸਮੇਂ ਖ਼ਾਲਸਾ ਫੌਜਾਂ ਦੀ ਚੁਸਤੀ ਫੁਰਤੀ ਵਿੱਚ ਹੋਰ ਵਾਧਾ ਹੋ ਜਾਂਦਾ। ਸ. ਸ਼ਾਮ ਸਿੰਘ ਅਟਾਰੀਵਾਲਾ ਮੈਦਾਨ ਵਿੱਚ ਫੌਜਾਂ ਨੂੰ ਹਰ ਮੁਹਾਜ਼ 'ਤੇ ਹੱਲਾਸ਼ੇਰੀ ਦਿੰਦਾ ਨਜ਼ਰ ਆ ਰਿਹਾ ਸੀ। ਲੜਾਈ ਵਿੱਚ ਅੰਗਰੇਜ਼ਾਂ ਦਾ ਜ਼ਬਰਦਸਤ ਜਾਨੀ ਨੁਕਸਾਨ ਹੋ ਗਿਆ ਸੀ। ਅੰਗਰੇਜ਼ਾਂ ਨੂੰ ਹਰੇਕ ਮੁਹਾਜ਼ 'ਤੇ ਹਾਰ ਹੀ ਹਾਰ ਪੱਲੇ ਪੈ ਰਹੀ ਸੀ। ਜੰਗ ਵਿੱਚ ਅੰਗਰੇਜ਼ਾਂ ਦੀ ਇਸ ਪਤਲੀ ਹਾਲਤ ਬਾਰੇ ਸ਼ਾਹ ਮੁਹੰਮਦ ਇੰਝ ਬਿਆਨ ਕਰਦਾ ਹੈ:-

"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।"

ਅਟਾਰੀਵਾਲਾ ਸਰਦਾਰ ਅੰਗਰੇਜ਼ਾਂ ਦਾ ਭਾਰੀ ਜਾਨੀ ਨੁਕਸਾਨ ਕਰਦਾ ਹੋਇਆ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਦੇ ਨਜ਼ਦੀਕ ਜਾ ਪਹੁੰਚਿਆ ਅਤੇ ਹੱਥੋ-ਹੱਥੀ ਲੜਾਈ ਵਿੱਚ ਰਾਬਰਟ ਡਿਕ ਸ਼ਾਮ ਸਿੰਘ ਹੱਥੋਂ ਮਾਰਿਆ ਗਿਆ। ਉਸ ਸਮੇਂ ਅੰਗਰੇਜ਼ੀ ਫੌਜਾਂ ਵਿੱਚ ਦਹਿਸ਼ਤ ਵਰਗਾ ਮਾਹੌਲ ਬਣ ਗਿਆ ਸੀ। ਅੰਗਰੇਜ਼ੀ ਫੌਜਾਂ ਨੇ ਅਟਾਰੀਵਾਲਾ ਸਰਦਾਰ ਨੂੰ ਚਾਰੋਂ ਤਰਫੋਂ ਘੇਰ ਕੇ ਉਸ ਦਾ ਸਰੀਰ ਗੋਲੀਆਂ ਨਾਲ ਛਲਣੀ-ਛਲਣੀ ਕਰ ਦਿੱਤਾ। ਇਸ ਤਰਾਂ ਸ. ਸ਼ਾਮ ਸਿੰਘ ਅਟਾਰੀਵਾਲਾ ਖਾਲਸਾਈ ਪਰੰਪਰਾ ਨੂੰ ਕਾਇਮ ਰੱਖਦਾ ਹੋਇਆ "ਅਤ ਹੀ ਰਣ ਮੈਂ ਤਬ ਜੂਝ ਮਰੋ" ਦੇ ਮਹਾਂਵਾਕ ਅਨੁਸਾਰ ਮੈਦਾਨੇ ਜੰਗ ਵਿੱਚ ਜੂਝਦਾ ਹੋਇਆ ਦੇਸ਼ ਅਤੇ ਕੌਮ ਲਈ ਸ਼ਹਾਦਤ ਦਾ ਜਾਮ ਪੀ ਕੇ ਅਮਰ ਹੋ ਗਿਆ।

ਮੈਦਾਨੇ ਜੰਗ ਵਿੱਚ ਅੰਗਰੇਜ਼ਾਂ ਦੀ ਸਥਿਤੀ ਬੜੀ ਨਾਜ਼ੁਕ ਬਣਦੀ ਜਾ ਰਹੀ ਸੀ। ਅੰਗਰੇਜ਼ਾਂ ਦੀ ਅਜਿਹੀ ਪਤਲੀ ਹਾਲਤ ਨੂੰ ਵੇਖ ਕੇ ਲਾਲ ਸਿੰਘ ਅਤੇ ਤੇਜ ਸਿੰਘ ਘਬਰਾ ਗਏ। ਉਹ ਮੈਦਾਨ ਵਿੱਚੋਂ ਭੱਜ ਕੇ ਸਤਲੁਜ ਦਾ ਦਰਿਆ ਪਾਰ ਕਰਕੇ ਦੂਜੇ ਪਾਸੇ ਜਾ ਪਹੁੰਚੇ। ਪਰ ਇਨਾਂ ਗਦਾਰ ਜਰਨੈਲਾਂ ਨੇ ਜਾਂਦੇ-ਜਾਂਦੇ ਬੇੜੀਆਂ ਦੇ ਪੁਲ ਨੂੰ ਤੋਪਾਂ ਨਾਲ ਉਡਾ ਦਿੱਤਾ ਤਾਂ ਜੋ ਕੋਈ ਵੀ ਸਿੱਖ ਫ਼ੌਜੀ ਪੁਲ ਪਾਰ ਨਾ ਕਰ ਸਕੇ। ਜਰਨੈਲ ਗੁਲਾਬ ਸਿੰਘ ਪੁਲ ਦੇ ਪਾਰਲੇ ਪਾਸੇ ਖੜੋਤਾ ਆਪਣੇ ਗਦਾਰ ਸਾਥੀਆਂ ਦੀ ਇੰਤਜ਼ਾਰ ਕਰ ਰਿਹਾ ਸੀ। ਅੰਗਰੇਜ਼ਾਂ ਨਾਲ ਹੋਏ ਸਮਝੌਤੇ ਅਨੁਸਾਰ ਗੁਲਾਬ ਸਿੰਘ ਨੇ ਸਵੇਰੇ ਤੋਂ ਹੀ ਗੋਲਾ-ਬਾਰੂਦ ਅਤੇ ਖਾਣ-ਪੀਣ ਦਾ ਸਾਮਾਨ ਭੇਜਣਾ ਬੰਦ ਕੀਤਾ ਹੋਇਆ ਸੀ। ਖ਼ਾਲਸਾ ਫ਼ੌਜੀ ਆਪਣੇ ਕੋਲ ਪਹਿਲਾਂ ਤੋਂ ਹੀ ਮੌਜੂਦ ਗੋਲਾ-ਬਾਰੂਦ ਅਤੇ ਹੋਰ ਹਥਿਆਰਾਂ ਨਾਲ ਮੈਦਾਨ ਵਿੱਚ ਨਾਇਕਾਂ ਦੀ ਤਰਾਂ ਜੂਝ ਰਹੇ ਸਨ ਅਤੇ ਅੰਗਰੇਜ਼ਾਂ ਦੇ ਆਹੂ ਲਾਹ ਰਹੇ ਸਨ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਖ਼ਾਲਸਾ ਫ਼ੌਜਾਂ ਲਈ ਵੀ ਸਥਿਤੀ ਬੜੀ ਨਾਜ਼ੁਕ ਬਣਦੀ ਜਾ ਰਹੀ ਸੀ। ਅਜਿਹੀ ਸਥਿਤੀ ਦੇ ਬਾਵਜੂਦ ਖ਼ਾਲਸਾ ਫੌਜਾਂ ਆਪਣੇ ਪੂਰੇ ਜਾਹੋ-ਜਲਾਲ ਵਿਚ ਚੜਦੀ ਕਲਾ ਦਾ ਸਬੂਤ ਦੇ ਰਹੀਆਂ ਸਨ। ਸਿਰੜੀ ਖ਼ਾਲਸਾ ਫ਼ੌਜੀ ਹੁਣ ਭੁੱਜੇ ਹੋਏ ਦਾਣੇ ਖਾ ਕੇ ਅਤੇ ਨਾਲ ਦੇ ਖੇਤਾਂ ਵਿੱਚੋਂ ਗਾਜਰਾਂ ਮੂਲੀਆਂ ਪੁੱਟ ਕੇ, ਖਾ ਕੇ ਮੈਦਾਨ ਵਿੱਚ ਡਟੇ ਹੋਏ ਸਨ ਅਤੇ ਉਨਾਂ ਦੇ ਚਿਹਰਿਆਂ 'ਤੇ ਕਿਸੀ ਪ੍ਰਕਾਰ ਦਾ ਮਲਾਲ ਨਜ਼ਰ ਨਹੀਂ ਆਉਂਦਾ ਸੀ। ਅਜੇ ਵੀ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਧਰਤੀ ਆਕਾਸ਼ ਗੂੰਜ ਰਿਹਾ ਸੀ। ਅਜੇ ਵੀ ਹਜ਼ਾਰਾਂ ਚਮਕਦੀਆਂ ਹੋਈਆਂ ਤਲਵਾਰਾਂ ਅਤੇ ਨੇਜ਼ਿਆਂ ਦੇ ਲਿਸ਼ਕਾਰਿਆਂ ਨਾਲ ਅੱਖਾਂ ਚੁੰਧਿਆ ਰਹੀਆਂ ਸੀ। ਕਦੇ ਕਦੇ ਬਾਰੂਦ ਦੇ ਢੇਰ ਨੂੰ ਅੱਗ ਲੱਗਣ ਕਾਰਨ ਧਮਾਕੇ ਸੁਣਾਈ ਦੇ ਰਹੇ ਸਨ। ਹਰ ਥਾਈਂ ਲਾਸ਼ਾਂ ਦੇ ਢੇਰ ਹੀ ਢੇਰ ਲੱਗਦੇ ਜਾ ਰਹੇ ਸਨ। ਖ਼ਾਲਸਾ ਫੌਜਾਂ ਨੇ ਤਲਵਾਰਾਂ ਅਤੇ ਨੇਜ਼ਿਆਂ ਨਾਲ ਅਜੇ ਵੀ ਅੰਗਰੇਜ਼ਾਂ ਨੂੰ ਵਖਤ ਪਾਇਆ ਹੋਇਆ ਸੀ। ਸਿੰਘਾਂ ਦੀਆਂ ਤਲਵਾਰਾਂ ਦਾ ਵਾਰ ਇਤਨਾ ਜ਼ਬਰਦਸਤ ਹੁੰਦਾ ਸੀ ਕਿ ਅੰਗਰੇਜ਼ ਫ਼ੌਜੀਆਂ ਦੀਆਂ ਤਲਵਾਰਾਂ ਦੇ ਟੁਕੜੇ-ਟੁਕੜੇ ਹੋ ਜਾਂਦੇ ਸਨ। ਕਈ ਵਾਰੀ ਸਿੱਖ ਫ਼ੌਜੀ ਅੰਗਰੇਜ਼ਾਂ ਦੀਆਂ ਬੰਦੂਕਾਂ ਦੇ ਬੋਨਟਾਂ ਉੱਤੇ ਝਪਟਾ ਮਾਰ ਕੇ ਖੱਬੇ ਹੱਥ ਨਾਲ ਫੜ ਲੈਂਦੇ ਸਨ ਅਤੇ ਫਿਰ ਬੜੀ ਫੁਰਤੀ ਨਾਲ ਅਜਿਹਾ ਘਾਤਕ ਵਾਰ ਕਰਦੇ ਸਨ ਕਿ ਅੰਗਰੇਜ਼ ਫ਼ੌਜੀ ਉੱਥੇ ਹੀ ਢਹਿ-ਢੇਰੀ ਹੋ ਜਾਂਦੇ ਸਨ। ਕਈ ਵਾਰੀ ਇਕ ਇਕੱਲਾ ਸਿੱਖ ਫ਼ੌਜੀ ਅੰਗਰੇਜ਼ਾਂ ਦੇ ਘੇਰੇ ਵਿੱਚ ਆ ਜਾਂਦਾ ਤਾਂ ਉਹ ਇੱਕ ਜਾਂਬਾਜ਼ ਯੋਧੇ ਵਾਂਗ ਲੜਦਾ ਹੋਇਆ ਮੈਦਾਨ ਵਿੱਚ ਹੀ ਸ਼ਹੀਦ ਹੋਣਾ ਪ੍ਰਵਾਨ ਕਰਦਾ ਸੀ। ਇਤਿਹਾਸਕਾਰ ਕਨਿੰਘਮ, ਜੋ ਇਸ ਲੜਾਈ ਵਿੱਚ ਬਤੌਰ ਕੈਪਟਨ ਮੌਜੂਦ ਸੀ, ਆਪਣੀ ਪੁਸਤਕ "ਹਿਸਟਰੀ ਆਫ ਦੀ ਸਿੱਖਸ" ਵਿੱਚ ਲਿਖਦਾ ਹੈ ਕਿ "ਸਿੱਖ ਜਰਨੈਲਾਂ ਦੀਆਂ ਗ਼ਦਾਰੀਆਂ ਦੀਆਂ ਕਰਤੂਤਾਂ ਕਾਰਨ ਸਿੱਖਾਂ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਸੀ। ਪਰ ਅਜਿਹੇ ਨਾਜ਼ੁਕ ਹਾਲਾਤ ਦੇ ਬਾਵਜੂਦ ਕਿਸੀ ਵੀ ਇੱਕ ਸਿੱਖ ਨੇ ਹਥਿਆਰ ਸੁੱਟ ਕੇ ਹਾਰ ਮੰਨਣੀ ਕਬੂਲ ਨਹੀਂ ਕੀਤੀ।" ਜਦੋਂ ਭੁੱਖੇ-ਭਾਣੇ ਸਿੱਖ ਫ਼ੌਜੀਆਂ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਤਾਂ ਉਨਾਂ ਨੇ ਲੜਾਈ ਜਾਰੀ ਰੱਖਦੇ ਹੋਏ ਦਰਿਆ ਵੱਲ ਨੂੰ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਤਾਂ ਜੋ ਦਰਿਆ ਪਾਰ ਕਰਕੇ ਦੂਜੇ ਕੰਢੇ 'ਤੇ ਪਹੁੰਚ ਕੇ, ਉੱਥੋਂ ਹਥਿਆਰ ਪ੍ਰਾਪਤ ਕਰਕੇ, ਮੋਰਚਾਬੰਦੀ ਕਰਕੇ ਜੰਗ ਜਾਰੀ ਰੱਖੀ ਜਾ ਸਕੇ। ਪਰ ਗ਼ਦਾਰ ਜਰਨੈਲਾਂ ਨੇ ਤਾਂ ਬੇੜੀਆਂ ਦਾ ਪੁਲ ਪਹਿਲਾਂ ਹੀ ਤੋੜ ਦਿੱਤਾ ਸੀ। ਹੁਣ ਸਿੱਖ ਫੌਜੀਆਂ ਨੇ ਦਰਿਆ ਵਿੱਚ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਤੈਰ ਕੇ ਦੂਜੇ ਕੰਢੇ 'ਤੇ ਪਹੁੰਚਿਆ ਜਾ ਸਕੇ। ਉਸੀ ਸਮੇਂ ਅੰਗਰੇਜ਼ਾਂ ਨੇ ਦਰਿਆ ਦੇ ਕੰਢੇ 'ਤੇ ਤੋਪਾਂ ਬੀੜ ਦਿੱਤੀਆਂ ਅਤੇ ਦਰਿਆ ਵਿੱਚ ਤੈਰ ਰਹੇ ਸਿੱਖਾਂ ਉੱਤੇ ਬੰਬਾਰੀ ਸ਼ੁਰੂ ਕਰ ਦਿੱਤੀ। ਸੈਂਕੜੇ ਅੰਗਰੇਜ਼ ਫ਼ੌਜੀਆਂ ਨੇ ਬੰਦੂਕਾਂ ਨਾਲ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਕੋਈ ਸਿੱਖ ਦਰਿਆ ਪਾਰ ਨਾ ਕਰ ਸਕੇ ਅਤੇ ਅੰਗਰੇਜ਼ਾਂ ਲਈ ਨਵੀਂ ਮੁਸੀਬਤ ਨਾ ਖੜੀ ਕਰ ਦੇਵੇ। ਸਭਰਾਵਾਂ ਦਾ ਮੈਦਾਨ ਅੰਗਰੇਜ਼ਾਂ ਅਤੇ ਸਿੱਖ ਫੌਜੀਆਂ ਦੀਆਂ ਲਾਸ਼ਾਂ ਦੇ ਢੇਰਾਂ ਨਾਲ ਭਰਿਆ ਪਿਆ ਸੀ। ਸਭਰਾਵਾਂ ਦੀ ਧਰਤੀ ਆਪਣਾ ਰੰਗ ਵਟਾ ਕੇ ਲਾਲ ਸੁਰਖ ਹੋ ਗਈ ਸੀ। ਦੂਜੇ ਪਾਸੇ ਸਤਲੁਜ ਦਰਿਆ ਦਾ ਪਾਣੀ ਲਾਲੋ ਲਾਲ ਹੋਇਆ ਪਿਆ ਸੀ। ਸਿੰਘ ਸੂਰਬੀਰ ਯੋਧਿਆਂ ਨੂੰ ਆਖਰ ਸਤਲੁਜ ਨੇ ਆਪਣੀ ਬੁੱਕਲ ਦੀ ਨਿੱਘ ਵਿੱਚ ਸਮੋ ਲਿਆ ਤਾਂ ਜੋ ਇਨਾਂ ਦੇਸ਼ ਭਗਤਾਂ ਨੂੰ ਮੁੜ ਦੇਸ਼ ਧਰੋਹੀ ਜਰਨੈਲਾਂ ਅਤੇ ਫਿਰੰਗੀਆਂ ਦਾ ਮੂੰਹ ਨਾ ਤੱਕਣਾ ਪਵੇ ਜੋ ਸੁਤੰਤਰ ਖ਼ਾਲਸਾ ਰਾਜ ਦੇ ਪੈਰਾਂ ਵਿੱਚ ਗੁਲਾਮੀ ਦੀਆਂ ਜੰਜ਼ੀਰਾਂ ਪਾਉਣ ਖਾਤਰ ਤਤਪਤ ਹੋ ਰਹੇ ਸਨ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਸਭਰਾਵਾਂ ਦੀ ਲੜਾਈ ਇਤਨੀ ਜ਼ਿਆਦਾ ਭਿਆਨਕ ਅਤੇ ਤਬਾਹਕੁੰਨ ਸੀ ਕਿ ਗਵਰਨਰ ਜਨਰਲ ਲਾਰਡ ਹਾਰਡਿੰਗ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ। ਇਸ ਕਾਰਨ ਉਹ ਤੁਰਨ-ਫਿਰਨ ਤੋਂ ਵੀ ਨਕਾਰਾ ਹੋ ਗਿਆ ਸੀ। ਉਸ ਦਾ ਇਕ ਹੱਥ ਤਾਂ ਪਹਿਲਾਂ ਹੀ ਟੁੱਟਾ ਹੋਇਆ ਸੀ ਜਿਸ ਕਾਰਨ ਹਿਦੁਸਤਾਨੀ ਲੋਕ ਉਸ ਨੂੰ ਟੁੰਡੀ-ਲਾਟ ਆਖਦੇ ਹੁੰਦੇ ਸਨ। ਮੇਜਰ ਐਡਮਜ਼ ਆਪਣੀ ਪੁਸਤਕ "ਐਪੀਸੋਡਜ਼ ਆਫ ਐਂਗਲੋ ਇੰਡੀਅਨ ਹਿਸਟਰੀ" ਵਿੱਚ ਲਿਖਦਾ ਹੈ ਕਿ "ਸਿੱਖਾਂ ਦੇ ਜਰਨੈਲਾਂ ਨੇ ਮੈਦਾਨ ਵਿੱਚੋਂ ਭੱਜ ਕੇ ਸਤਲੁਜ ਦਾ ਪੁਲ ਤੋੜ ਕੇ ਆਪਣੀ ਗਦਾਰੀ ਦਾ ਪਿਆਲਾ ਨੱਕੋ-ਨੱਕ ਭਰ ਦਿੱਤਾ ਸੀ।" ਇਸੇ ਤਰਾਂ ਇਕ ਹੋਰ ਅੰਗਰੇਜ਼ ਹੈਸਕੀਥ ਪੀਅਰਸਨ ਆਪਣੀ ਪੁਸਤਕ "ਹੀਰੋ ਆਫ ਡੇਲੀ" ਵਿੱਚ ਲਿਖਦਾ ਹੈ ਕਿ "ਸਿੱਖ ਜਰਨੈਲਾਂ ਦੀ ਗ਼ਦਾਰੀ ਕਾਰਨ, ਅੰਗਰੇਜ਼ਾਂ ਦੀ ਹਾਰ ਇਕ ਵਾਰੀ ਫਿਰ ਜਿੱਤ ਵਿੱਚ ਤਬਦੀਲ ਹੋ ਗਈ ਸੀ।" ਸਿੱਖਾਂ ਦੀ ਬਹਾਦਰੀ ਦੀ ਤਾਰੀਫ਼ ਕਰਦੇ ਹੋਏ ਅੰਗਰੇਜ਼ ਕਮਾਂਡਰ-ਇਨ-ਚੀਫ ਲਾਰਡ ਗਫ, ਬ੍ਰਿਟਿਸ਼ ਪ੍ਰਧਾਨ ਲਾਰਡ ਪੀਲ ਨੂੰ ਭੇਜੀ ਰਿਪੋਰਟ ਵਿੱਚ ਇਸ ਤਰਾਂ ਲਿਖਦਾ ਹੈ, "ਇਕ ਕਮਾਂਡਰ-ਇਨ-ਚੀਫ ਦੀ ਹੈਸੀਅਤ ਵਿੱਚ ਮੈਨੂੰ ਆਪਣੇ ਦੁਸ਼ਮਣ (ਸਿੱਖਾਂ) ਬਾਰੇ ਨਿੱਜੀ ਭਾਵਨਾਵਾਂ ਵਿਅਕਤ ਕਰਨ ਦੀ ਖੁੱਲ ਨਹੀਂ ਹੈ ਪਰ ਫਿਰ ਵੀ ਮੈਂ ਤੁਹਾਨੂੰ ਇਹ ਦੱਸਣ ਤੋਂ ਨਹੀਂ ਰਹਿ ਸਕਦਾ ਕਿ ਸਿੱਖ ਫੌਜੀ ਨਿੱਜੀ ਤੌਰ 'ਤੇ ਅਤੇ ਸਮੂਹਿਕ ਤੌਰ 'ਤੇ ਮਹਾਨ ਨਾਇਕਾਂ ਦੀ ਤਰਾਂ ਅੰਤ ਤਕ ਜੂਝਦੇ ਰਹੇ ਸਨ। ਜੋ ਹਸ਼ਰ ਅਸੀਂ ਅਜਿਹੇ ਨਾਇਕਾਂ ਦਾ ਕੀਤਾ ਸੀ, ਇੱਕ ਮਨੁੱਖ ਹੋਣ ਦੇ ਨਾਤੇ ਉਨਾਂ ਨਾਇਕਾਂ ਲਈ ਮੈਂ ਜ਼ਾਰ-ਜ਼ਾਰ ਰੋਣੋਂ ਅਤੇ ਹੰਝੂ ਵਹਾਉਣ ਤੋਂ ਕਦੀ ਵੀ ਨਾ ਰੁਕਦਾ।"

# ਖੁਸਰਿਆਂ ਦਾ ਆਪਣਾ ਅਖਾੜਾ ਲੱਗਿਆ ਕੁੰਭ ਦੌਰਾਨ

- **ਸਨਾਤਨੀ ਸਾਧਾਂ ਨਾਲ ਖੁਸਰੇ ਬਾਬਿਆਂ ਦਾ ਚੱਲ ਰਿਹਾ ਏ ਤਣਾਅ**
- **ਕਈ ਖੁਸਰੇ ਬਾਬੇ ਸਮਲਿੰਗੀ ਬਾਬਿਆਂ ਨਾਲ ਕਰਦੇ ਨੇ ਨਫ਼ਰਤ**



**ਇਲਾਹਾਬਾਦ/ਬਿਊਰੋ ਨਿਊਜ਼ :** ਇਲਾਹਾਬਾਦ ਦਾ ਕੁੰਭ ਮੇਲੇ ਦੌਰਾਨ ਖੁਸਰੇ ਸੰਤਾਂ ਤੇ ਅਖਾੜੇ ਦੀ ਆਪਣੀ ਹੀ ਸ਼ੋਭਾ ਹੈ। ਹਾਲਾਂਕਿ ਅਖਾੜਿਆਂ ਨੂੰ ਮਾਨਤਾ ਦੇਣ ਵਾਲੀ ਸੰਸਥਾ ਅਖਾੜਾ ਪਰਿਸ਼ਦ ਇਸ ਨੂੰ ਅਖਾੜਾ ਮੰਨਣ ਤੋਂ ਇਨਕਾਰ ਕਰਦੀ ਹੈ। ਸਾਲ 2019 ਦੇ ਕੁੰਭ ਮੇਲੇ ਦੇ ਉਦਘਾਟਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਸਨ, ਜਦੋਂ ਕਿੰਨਰ ਅਖਾੜੇ ਨਾਲ ਜੁੜੇ ਲੋਕ ਸ਼ੋਭਾ ਯਾਤਰਾ ਲੈ ਕੇ ਸ਼ਹਿਰ ਵਿੱਚ ਦਾਖ਼ਲ ਹੋਏ। ਸਾਲ 2016 ਵਿੱਚ ਉਜੈਨ ਕੁੰਭ ਮੇਲੇ ਤੋਂ ਚਰਚਾ ਵਿੱਚ ਆਏ ਕਿੰਨਰ ਅਖਾੜੇ ਨੇ ਪ੍ਰਿਆਗਰਾਜ ਦੇ ਕੁੰਭ ਵਿੱਚ ਜੂਨਾ ਅਖਾੜੇ ਨਾਲ ਸਾਂਝ ਰੱਖੀ ਹੈ। ਹਾਲਾਂਕਿ ਇਸ ਫ਼ੈਸਲੇ ਨੂੰ ਲੈ ਕੇ ਕਿੰਨਰ ਅਖਾੜੇ ਦੀ ਆਚਾਰਿਆ ਮਹਾਮੰਡਲੇਸ਼ਵਰ ਅਤੇ ਅਖਾੜਾ ਮੁਖੀ ਲਕਸ਼ਮੀ ਨਾਰਾਇਣ ਤ੍ਰਿਪਾਠੀ ਕਹਿੰਦੀ ਹੈ ਕਿ ਇਹ ਕਿੰਨਰ ਅਖਾੜੇ ਦਾ ਜੂਨਾ ਅਖਾੜੇ ਵਿੱਚ ਰਲੇਵਾਂ ਨਹੀਂ ਹੈ। ਇਸ ਗੱਲ ਨਾਲ ਜੂਨਾ ਅਖਾੜੇ ਦੇ ਟਰੱਸਟੀ ਹਰੀ ਗਿਰੀ ਵੀ ਸਹਿਮਤ ਵਿਖਾਈ ਦਿੰਦੇ ਹਨ। ਖੁਸਰਿਆਂ ਲਈ ਵੱਖਰਾ ਅਖਾੜਾ ਬਣਾਉਣ ਦੀ ਲੋੜ ਦੇ ਸਵਾਲ 'ਤੇ ਲਕਸ਼ਮੀ ਕਹਿੰਦੀ ਹੈ, "ਕਿੰਨਰ ਅਖਾੜਾ ਬਣਾਉਣ ਦੀ ਲੋੜ ਇਸ ਲਈ ਪਈ ਕਿਉਂਕਿ ਕਿੰਨਰ ਭਾਈਚਾਰੇ ਦਾ ਸਨਾਤਨ ਭਾਈਚਾਰੇ ਦਾ ਪੁਰਾਣਾ ਰਿਸ਼ਤਾ ਹੈ ਪਰ ਸਾਡੀ ਕਿਸੇ ਨੇ ਸਾਰ ਨਹੀਂ ਲਈ। ਸਾਲ 2014 ਵਿੱਚ ਜਦੋਂ ਸੁਪਰੀਮ ਕੋਰਟ ਨੇ ਸਾਨੂੰ ਤੀਜੇ ਜੈਂਡਰ ਦੇ ਤੌਰ 'ਤੇ ਪਛਾਣ ਦਿੱਤੀ ਤਾਂ ਮੈਨੂੰ ਲੱਗਿਆ ਕਿ ਖੁਸਰਿਆਂ ਨੂੰ ਮਾਣ-ਸਨਮਾਨ ਦਿਵਾਉਣ ਲਈ ਧਰਮ ਤੋਂ ਚੰਗਾ ਰਸਤਾ ਕੋਈ ਨਹੀਂ ਹੋ ਸਕਦਾ। ਉਨ੍ਹਾਂ ਕਿਹਾ, "ਜੂਨਾ ਅਖਾੜੇ ਦਾ ਰਵੱਈਆ ਖੁਸਰੇ ਸੰਤਾਂ ਪ੍ਰਤੀ ਕਾਫ਼ੀ ਚੰਗਾ ਰਿਹਾ ਹੈ।"ਖੁਸਰਿਆਂ ਦੇ ਅਖਾੜੇ ਦੀ ਮਹਾਂਮੰਡਲੇਸ਼ਵਰ ਭਵਾਨੀ ਨਾਥ ਵਾਲਮੀਕੀ ਕਹਿੰਦੀ ਹੈ, "ਅਖਾੜਾ ਬਣਾਉਣ ਦੀ ਲੋੜ ਇਸ ਲਈ ਪਈ, ਕਿਉਂਕਿ ਅਸੀਂ ਮੁੱਖ ਧਾਰਾ ਨਾਲ ਜੁੜਨਾ ਹੈ।"

ਕਿੰਨਰਾਂ ਦੇ ਅਖਾੜੇ ਦਾ ਵਿਰੋਧ : ਕਿੰਨਰ ਅਖਾੜਾ ਬਣਾਉਣ ਦੀ ਗੱਲ ਜਦੋਂ ਸ਼ੁਰੂ ਹੋਈ ਤਾਂ ਕਿੰਨਰ ਭਾਈਚਾਰੇ ਦੇ ਲੋਕਾਂ ਨੇ ਹੀ ਇਸ ਦਾ ਵਿਰੋਧ ਕਰਨਾ ਸ਼ੁਰੂ ਕੀਤਾ। ਅਖਾੜਿਆਂ ਨੂੰ ਮਾਨਤਾ ਦੇਣ ਵਾਲੀ ਸੰਸਥਾ ਅਖਾੜਾ ਪਰਿਸ਼ਦ ਦੇ ਪ੍ਰਧਾਨ ਮਹੰਤ ਨਰਿੰਦਰ ਗਿਰੀ ਦਾ ਮੰਨਣਾ ਹੈ ਕਿ ਕਿੰਨਰ ਅਖਾੜਾ ਦੀ ਕੋਈ ਹੋਂਦ ਸਨਾਤਨ ਪਰੰਪਰਾ ਵਿੱਚ ਨਹੀਂ ਹੈ ਅਤੇ ਅੱਗੇ ਜਾ ਕੇ ਵੀ ਇਸ ਨੂੰ 14ਵੇਂ ਅਖਾੜੇ ਦੇ ਤੌਰ 'ਤੇ ਮਾਨਤਾ ਨਹੀਂ ਮਿਲੇਗੀ। 13 ਅਖਾੜੇ ਹਨ ਅਤੇ 13 ਹੀ ਰਹਿਣਗੇ। ਉਂਝ ਵੀ ਉਸਦਾ ਜੂਨਾ ਅਖਾੜੇ ਵਿੱਚ ਰਲੇਵਾਂ ਹੋ ਗਿਆ ਹੈ ਤੇ ਉਸਦੀ ਹੁਣ ਕੋਈ ਹੋਂਦ ਨਹੀਂ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਲਕਸ਼ਮੀ ਤ੍ਰਿਪਾਠੀ ਹੀ ਥੋੜ੍ਹਾ ਹੱਲਾ ਕਰ ਰਹੀ ਹੈ, ਪਰ ਇਸ ਨਾਲ ਕੁਝ ਹਾਸਲ ਨਹੀਂ ਹੋਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ "ਸੰਨਿਆਸ ਪਰੰਪਰਾ ਵਿੱਚ ਖੁਸਰਿਆਂ ਨੂੰ ਸੰਨਿਆਸ ਲੈਣ ਦਾ ਅਧਿਕਾਰ ਨਹੀਂ ਹੈ। ਸ਼ਾਸਤਰਾਂ ਵਿੱਚ ਖੁਸਰਿਆਂ ਨੂੰ ਸੰਨਿਆਸ ਦਿਵਾਉਣ ਬਾਰੇ ਕੁਝ ਨਹੀਂ ਹੈ।"

ਦਿਲਚਸਪ ਗੱਲ ਇਹ ਹੈ ਕਿ ਕਿੰਨਰ ਅਖਾੜੇ ਦੀ ਉੱਤਰ ਭਾਰਤ ਦੀ ਮਹਾਂਮੰਡਲੇਸ਼ਵਰ ਭਵਾਨੀ ਨੇ ਖ਼ੁਦ ਇਸਲਾਮ ਛੱਡ ਕੇ ਹਿੰਦੂ ਧਰਮ ਅਪਣਾਇਆ ਹੈ। ਉਹ ਹੱਜ 'ਤੇ ਵੀ ਜਾ ਚੁੱਕੀ ਹੈ। ਹਾਲਾਂ ਕਿ ਸਾਲ 2010 ਵਿੱਚ ਇਸਲਾਮ ਧਰਮ ਨੂੰ ਅਪਨਾਉਣ ਤੋਂ ਪਹਿਲਾਂ ਉਹ ਹਿੰਦੂ ਸੀ। ਉਹ ਕਹਿੰਦੀ ਹੈ, "ਮੈਂ ਲਗਾਤਾਰ ਹੋ ਰਹੇ ਭੇਦਭਾਵ ਤੋਂ ਪ੍ਰੇਸ਼ਾਨ ਹੋ ਗਈ ਸੀ ਇਸ ਲਈ ਮੈਂ ਇਸਲਾਮ ਧਰਮ ਅਪਣਾਇਆ। ਮੈਂ ਹੱਜ 'ਤੇ ਵੀ ਗਈ। ਮੈਨੂੰ ਇਸਲਾਮ ਨੇ ਨਮਾਜ਼ ਪੜ੍ਹਨ ਦੀ ਆਜ਼ਾਦੀ ਦਿੱਤੀ, ਮੈਨੂੰ ਹੱਜ 'ਤੇ ਜਾਣ ਦਿੱਤਾ।"

"ਪਰ ਜਦੋਂ ਮੈਨੂੰ ਮੌਕਾ ਮਿਲਿਆ ਕਿ ਮੈਂ ਆਪਣੀ ਸਨਾਤਨ ਪਰੰਪਰਾ ਵਿੱਚ ਵਾਪਸ ਆ ਜਾਵਾਂ ਅਤੇ ਇਸ ਵਿੱਚ ਰਹਿ ਕੇ ਆਪਣੇ ਸਮਾਜ ਲਈ ਕੁਝ ਕਰ ਸਕਦੀ ਹਾਂ ਤਾਂ ਮੈਂ ਆ ਗਈ। ਘਰ ਵਾਪਸੀ ਦੀ ਕੋਈ ਸਜ਼ਾ ਨਹੀਂ ਹੈ।"

ਸਮਲਿੰਗੀਆਂ ਨੂੰ ਕਿੰਨਰ ਅਖਾੜੇ ਵਿੱਚ ਸ਼ਾਮਲ ਕਰਨ ਦੇ ਸਵਾਲ 'ਤੇ ਅਖਾੜਾ ਦੇ ਲੋਕਾਂ ਵਿੱਚ ਮਤਭੇਦ ਸਾਫ਼ ਵਿਖਾਈ ਦਿੰਦਾ ਹੈ। ਕੁਝ ਖੁਸਰੇ ਮੰਨਦੇ ਹਨ ਕਿ ਸਮਲਿੰਗੀਆਂ ਨੂੰ ਅਖਾੜੇ ਨਾਲ ਜੋੜਨਾ ਉਨ੍ਹਾਂ ਦਾ ਹੱਕ ਮਾਰਨ ਵਾਂਗ ਹੋਵੇਗਾ, ਜਦਕਿ ਅਖਾੜੇ ਦੀ ਮੁਖੀ ਲਕਸ਼ਮੀ ਨਾਰਾਇਣ ਤ੍ਰਿਪਾਠੀ ਹਰ ਵਰਗ ਨੂੰ ਅਖਾੜੇ ਨਾਲ ਜੋੜਨ ਅਤੇ ਨਾਲ ਲੈ ਕੇ ਚੱਲਣ ਦੀ ਗੱਲ ਕਹਿੰਦੀ ਹੈ। ਲਕਸ਼ਮੀ ਕਹਿੰਦੀ ਹੈ, "ਇਹ ਸਨਾਤਨ ਧਰਮ ਦਾ ਅਖਾੜਾ ਹੈ। ਸਾਡੇ ਅਖਾੜੇ ਵਿੱਚ ਸਭ ਦਾ ਸਵਾਗਤ ਹੈ। ਭਾਵੇਂ ਉਹ ਗੇਅ ਹੋਵੇ, ਲੈਸਬੀਅਨ ਹੋਵੇ ਜਾਂ ਕਿਸੇ ਵੀ ਸੈਕਸੁਅਲ ਓਰੀਐਂਟੇਸ਼ਨ ਦਾ ਹੋਵੇ, ਅਸੀਂ ਸਭ ਨੂੰ ਨਾਲ ਲੈ ਕੇ ਚੱਲਣ ਵਿੱਚ ਭਰੋਸਾ ਰੱਖਦੇ ਹਾਂ।"

ਹਾਲਾਂਕਿ ਭਵਾਨੀ ਨਾਥ ਵਾਲਮੀਕੀ ਕਹਿੰਦੀ ਹੈ, "ਸਮਲਿੰਗੀਆਂ ਨੇ ਖੁਸਰੇ ਭਾਈਚਾਰੇ ਦਾ ਬਹੁਤ ਨੁਕਸਾਨ ਕੀਤਾ ਹੈ। ਉਨ੍ਹਾਂ ਕਾਰਨ ਸਾਨੂੰ ਬਹੁਤ ਮੁਸੀਬਤਾਂ ਝੱਲਣੀਆਂ ਪਈਆਂ ਹਨ। ਮੇਰੇ ਸਮਾਜ ਵਿੱਚ, ਮੇਰੇ ਅਖਾੜੇ ਵਿੱਚ ਸਿਰਫ਼ ਖੁਸਰਾ ਹੋਵੇਗਾ।"

ਕਿੰਨਰ ਅਖਾੜੇ ਦੇ ਮੁੱਖ ਪੰਡਾਲ 'ਤੇ ਪੂਰਾ ਦਿਨ ਲੋਕਾਂ ਦੀ ਭੀੜ ਰਹਿੰਦੀ ਹੈ ਜਿੱਥੇ ਬੈਠੇ ਕੁਝ ਕਿੰਨਰ ਉਨ੍ਹਾਂ ਨੂੰ ਆਸ਼ੀਰਵਾਦ ਦਿੰਦੇ ਹਨ।

## ਸਾਂਝੇ ਪੰਜਾਬ ਦਾ ਇਤਿਹਾਸਿਕ-ਪਰੰਪਰਾਗਤ ਤਿਉਹਾਰ ਹੈ ਬਸੰਤ ਪੰਚਮੀ

***ਅੰਮ੍ਰਿਤਸਰ ਟਾਈਮਜ਼ ਫੀਚਰ***

ਭਾਰਤ ਅਤੇ ਪਾਕਿਸਤਾਨ ਦੇ ਪੰਜਾਬ ਖੇਤਰ ਵਿੱਚ ਬਸੰਤ ਪੰਚਮੀ ਮਸ਼ਹੂਰ ਤਿਉਹਾਰ ਰਿਹਾ ਹੈ। ਇਹ ਬਸੰਤ ਰੁੱਤ ਵਿਚ ਪੈਂਦਾ ਹੈ, ਜਿਸ ਨੂੰ ਪੰਜਾਬੀ ਵਿੱਚ ਬਸੰਤ ਪੰਚਮੀ ਵੀ ਕਿਹਾ ਜਾਂਦਾ ਹੈ। ਪੰਜਾਬੀ ਕੈਲੰਡਰ ਅਨੁਸਾਰ ਇਹ ਤਿਉਹਾਰ ਚੰਦ੍ਰਮਾ ਮਹੀਨਾ (ਪੰਜਵੀਂ ਦੇ ਅਖੀਰ ਜਾਂ ਫਰਵਰੀ ਦੇ ਅਖ਼ੀਰ ਵਿੱਚ) ਚੰਦਰਮਾ ਮਹੀਨੇ ਦੇ ਪੰਜਵੇਂ ਦਿਨ ਬਸੰਤ ਦੀ ਸ਼ੁਰੂਆਤ ਦਾ ਸੰਕੇਤ ਹੈ। ਕੇਂਦਰੀ/ਮਾਝਾ ਪੰਜਾਬ (ਭਾਰਤ) ਅੰਮ੍ਰਿਤਸਰ, ਲਾਹੌਰ ਅਤੇ ਕਸੂਰ ਉਹ ਪਰੰਪਰਾਗਤ ਖੇਤਰ ਹਨ ਜਿੱਥੇ ਪਤੰਗ ਉਡਾਉਣ ਦਾ ਉਤਸਵ ਮਨਾਇਆ ਜਾਂਦਾ ਹੈ। ਇਸ ਦਿਨ ਉਤੇ ਹੀ ਇਕ ਪ੍ਰਸਿੱਧ ਬਸੰਤ ਮੇਲਾ ਲਾਹੌਰ ਵਿਚ ਆਯੋਜਤ ਕੀਤਾ ਜਾਂਦਾ। ਸਿਆਲਕੋਟ, ਗੁਜਰਾਂਵਾਲਾ ਅਤੇ ਗੁਰਦਾਸਪੁਰ ਖੇਤਰਾਂ ਵਿਚ ਵੀ ਇਹ ਤਿਉਹਾਰ ਰਵਾਇਤੀ ਤੌਰ 'ਤੇ ਮਨਾਇਆ ਜਾਂਦਾ ਹੈ।



ਇਤਿਹਾਸਿਕ ਤੌਰ ਉਤੇ ਮਹਾਰਾਜਾ ਰਣਜੀਤ ਸਿੰਘ ਨੇ ਸਲਾਨਾ ਬਸੰਤ ਮੇਲੇ ਦਾ ਆਯੋਜਨ ਕੀਤਾ ਸੀ ਅਤੇ 19 ਵੀਂ ਸਦੀ ਦੌਰਾਨ ਆਯੋਜਿਤ ਕੀਤੇ ਗਏ ਮੇਲਿਆਂ ਵਿਚ ਵਿਸ਼ੇਸ਼ ਤੌਰ ਤੇ ਪਤੰਗ ਉਡਾਉਣ ਦੀ ਸ਼ੁਰੂਆਤ ਕੀਤੀ ਸੀ ਜਿਸ ਵਿੱਚ ਸੂਫ਼ੀ ਧਾਰਮਿਕ ਸਥਾਨਾਂ ਦੇ ਮੇਲਿਆਂ ਨੂੰ ਸ਼ਾਮਲ ਕਰਨਾ ਵੀ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੀ ਰਾਣੀ ਮੋਰਾਂ ਬਸੰਤ ਮੌਕੇ ਪੀਲੇ ਅਤੇ ਫਲਾਈ ਪਤੰਗੇ ਪਹਿਨਦੇ ਸਨ। ਛੇਤੀ ਹੀ ਇਹ ਇੱਕ ਪੰਜਾਬੀ ਪਰੰਪਰਾ ਬਣ ਗਿਆ। ਲਾਹੌਰ ਪੰਜਾਬ ਦੇ ਪੂਰੇ ਖੇਤਰ ਵਿਚ ਇਸ ਤਿਉਹਾਰ ਦਾ ਕੇਂਦਰ ਰਿਹਾ। ਦਰਅਸਲ, ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿਚ ਬਸੰਤ ਰੁੱਤ ਵਿਚ ਇਕ ਦਰਬਾਰ ਲਗਾਇਆ ਸੀ ਜੋ ਦਸ ਦਿਨ ਤਕ ਚੱਲਦਾ ਰਿਹਾ ਜਿਸ ਸਮੇਂ ਦੌਰਾਨ ਫ਼ੌਜੀਆਂ ਨੇ ਪੀਲਾ ਪਹਿਰਾਵਾ ਕੀਤਾ ਅਤੇ ਆਪਣੀ ਫ਼ੌਜੀ ਸ਼ਕਤੀ ਦਿਖਾਈ। ਉੱਤਰੀ ਭਾਰਤ ਵਿਚ ਅਤੇ ਪਾਕਿਸਤਾਨ ਦੇ ਪੰਜਾਬ ਸੂਬੇ ਵਿਚ, ਬਸੰਤ ਨੂੰ ਇਕ ਮੌਸਮੀ ਤਿਉਹਾਰ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਪਤੰਗਾਂ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਇਹ ਤਿਉਹਾਰ ਬਸੰਤ ਮੌਸਮ ਦੇ ਸ਼ੁਰੂਆਤ ਦੀ ਨਿਸ਼ਾਨੀ ਹੈ। ਸਾਂਝੇ ਪੰਜਾਬ ਖੇਤਰ ਵਿੱਚ, ਬਸੰਤ ਪੰਚਮੀ ਉਤੇ ਮੇਲੇ ਆਯੋਜਿਤ ਕਰਨ ਦੀ ਤੇ ਪਤੰਗਾਂ ਉਡਾਉਣ ਦੀ ਇੱਕ ਲੰਮੀ ਪਰੰਪਰਾ ਚਲੀ ਆ ਰਹੀ ਹੈ। ਬਸੰਤ ਨੂੰ ਖ਼ੁਸ਼ੀਆਂ ਖੇੜਿਆਂ ਵਾਲਾ ਮੌਸਮੀ ਤਿਉਹਾਰ ਮੰਨਿਆ ਜਾਂਦਾ ਹੈ।ਪਿੰਡਾਂ ਦੇ ਲੋਕ ਬਸੰਤ ਨੂੰ 'ਆਈ ਬਸੰਤ ਪਾਲਾ ਉਡੰਤ' ਕਰਕੇ ਜਾਣਦੇ ਹਨ। ਵਾਰੋ-ਵਾਰੀ ਆਉਂਦੀਆਂ ਸਾਲ ਦੀਆਂ ਛੇ ਰੁੱਤਾਂ ਵਿੱਚੋਂ ਸਭਨਾਂ 'ਚੋਂ ਪਿਆਰੀ ਰੁੱਤ ਬਸੰਤ ਨੂੰ ਮੰਨਿਆ ਗਿਆ ਹੈ।ਇਸ ਮੌਸਮ ਦੌਰਾਨ ਕਈ ਥਾਈਂ ਮੇਲੇ ਲੱਗਦੇ ਹਨ।ਇਸ ਨੂੰ ਰੁੱਤਾਂ ਦਾ ਰਾਜਾ ਬਸੰਤ ਵੀ ਕਿਹਾ ਗਿਆ ਹੈ।ਬਸੰਤ ਦੇ ਇਸ ਮੌਸਮ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਦਬਾਉ ਘਟ ਜਾਂਦਾ ਹੈ।ਮੌਸਮ ਬਦਲਣ ਨਾਲ ਠੰਢ ਦੇ ਝੰਬੇ ਰੁੱਖ-ਪੌਦੇ ਵੀ ਪੁੰਗਰਨ-ਪਲਰਨ ਲੱਗਦੇ ਹਨ।ਖੇਤਾਂ ਵਿੱਚ ਖਿੜੇ ਸਰ੍ਹੋਂ ਦੇ ਪੀਲੇ ਫੁੱਲ ਖ਼ੂਬਸੂਰਤ ਨਜ਼ਾਰਾ ਪੇਸ਼ ਕਰਦੇ ਹਨ ਤੇ ਦੇਖਣ ਵਾਲੇ ਦਾ ਮਨ ਵੀ ਖਿੜ ਉੱਠਦਾ ਹੈ।ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖ਼ਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ, ਇਸੇ ਲਈ ਕਿਹਾ ਜਾਂਦਾ ਹੈ: 'ਆਈ ਬਸੰਤ ਪਾਲਾ ਉਡੰਤ'।ਇਸ ਸੁਹਾਵਨੀ ਰੁੱਤ ਵਿੱਚ ਨਾ ਵਧੇਰੇ ਗਰਮੀ, ਨਾ ਵਧੇਰੇ ਸਰਦੀ ਹੁੰਦੀ ਹੈ। ਪੰਜਾਬ ਵਿੱਚ ਇਸ ਦਿਨ ਨਾਲ ਸਬੰਧਤ ਇੱਕ ਮੇਲਾ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੁੱਖਨਿਵਾਰਨ ਸਾਹਿਬ ਵਿਖੇ ਲਗਦਾ ਹੈ ਜਿਹੜਾ ਕਿ ਇੱਕ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਹੈ। ਇੱਥੇ ਬਣੇ ਸਰੋਵਰ ਵਿੱਚ ਸ਼ਰਧਾਲੂ ਬੜੀ ਸ਼ਰਧਾ ਨਾਲ ਇਸ਼ਨਾਨ ਕਰਦੇ ਹਨ। ਇਸ ਦਿਨ ਵਧੇਰੇ ਲੋਕਾਂ ਵੱਲੋਂ ਪੀਲੇ ਰੰਗ ਦੇ ਕੱਪੜੇ ਪਹਿਨੇ ਜਾਂਦੇ ਹਨ। ਇਸ ਦਿਨ ਪੀਲੇ ਕੱਪੜੇ ਪਹਿਨਣ ਦਾ ਰਿਵਾਜ ਪੰਜਾਬ ਸਮੇਤ ਭਾਰਤ ਦੇ ਦੂਜੇ ਰਾਜਾਂ ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮਹਾਂਰਾਸਟਰ ਵਿੱਚ ਵੀ ਹੈ। ਰਾਜਸਥਾਨ ਵਿੱਚ ਔਰਤਾਂ ਪੀਲੀਆਂ ਸਾੜ੍ਹੀਆਂ, ਲਹਿੰਗੇ ਆਦਿ ਪਾਉਂਦੀਆਂ ਹਨ।ਪੱਛਮੀ ਬੰਗਾਲ ਵਿੱਚ ਵੀ ਇਸ ਦਿਨ ਪੀਲੇ ਕੱਪੜੇ ਪਹਿਨਣ ਦਾ ਕਾਫੀ ਰਿਵਾਜ ਹੈ ਅਤੇ ਇੱਥੇ ਵੀ ਇਹ ਦਿਨ ਬੜੇ ਉਤਸਾਹ ਨਾਲ ਮਨਾਇਆ ਜਾਂਦਾ ਹੈ।

## ਕੱਟੜ ਹਿੰਦੂ ਆਗੂ ਨੇ ਗਾਂਧੀ ਦੇ ਬੁੱਤ ਨੂੰ ਮਾਰੀ ਗੋਲੀ, ਕਾਤਲ ਗੋਡਸੇ ਦਾ ਗੁਣਗਾਨ



**ਅਲੀਗੜ੍ਹ(ਯੂਪੀ)/ਬਿਊਰੋ ਨਿਊਜ਼ :** ਹਿੰਦੂ ਮਹਾਂਸਭਾ ਨਾਮ ਦੇ ਇਕ ਸੰਗਠਨ ਦੇ ਕਰਮਚਾਰੀਆਂ ਵਲੋਂ ਗਾਂਧੀ ਦੀ ਫੋਟੋ ਨੂੰ ਗੋਲੀਆਂ ਮਾਰਨ ਦੀ ਖ਼ਬਰ ਸਾਹਮਣੇ ਆਈ ਹੈ। ਇਸ ਘਟਨਾ ਨਾਲ ਜੁੜੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਹੈ। ਖ਼ਬਰਾਂ ਦੇ ਮੁਤਾਬਕ ਘਟਨਾ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਸ਼ਹਿਰ ਦੀ ਹੈ। ਹਿੰਦੂ ਮਹਾਂਸਭਾ ਦੇ ਕਰਮਚਾਰੀਆਂ ਨੇ ਮੋਹਨ ਦਾਸ ਕਰਮ ਚੰਦ ਗਾਂਧੀ ਨੂੰ ਨਾਥੂਰਾਮ ਗੋਡਸੇ ਵਲੋਂ ਗੋਲੀ ਮਾਰਨ ਦੇ ਦ੍ਰਿਸ਼ ਨੂੰ ਦਰਸਾਉਂਦੇ ਹੋਏ ਕਤਲ ਦਾ ਜਸ਼ਨ ਮਨਾਉਂਦੇ ਹੋਏ ਨਜ਼ਰ ਆ ਰਹੇ ਹਨ। ਹਿੰਦੂ ਮਹਾਂਸਭਾ ਨੇ ਗਾਂਧੀ ਦੀ ਵਰ੍ਹੇਗੰਢ ਨੂੰ ਬਹਾਦਰੀ ਦਿਵਸ ਦੇ ਰੂਪ ਵਿਚ ਮਨਾਇਆ। ਵਾਇਰਲ ਹੋਈ ਵੀਡੀਓ ਵਿਚ ਸੰਗਠਨ ਦੀ ਰਾਸ਼ਟਰੀ ਸਕੱਤਰ ਪੂਜਾ ਸ਼ਕੁਨ ਪਾਂਡੇ ਗਾਂਧੀ ਦੀ ਫੋਟੋ ਨੂੰ ਗੋਲੀ ਮਾਰਦੀ ਹੋਈ ਨਜ਼ਰ ਆ ਆਈ।

ਬਾਕੀ ਸਫ਼ਾ 29 'ਤੇ

# ਪੰਜਾਬੀ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਕਰਨ ਦੀ ਮੰਗ

**ਲਾਹੌਰ/ਬਿਊਰੋ ਨਿਊਜ਼ :** ਇੱਥੇ ਵਿਸ਼ਵ ਪੰਜਾਬੀ ਕਾਂਗਰਸ ਵੱਲੋਂ ਕਰਵਾਈ ਤਿੰਨ ਰੋਜ਼ਾ ਵਿਸ਼ਵ ਅਮਨ ਤੇ ਪੰਜਾਬੀ ਕਾਨਫਰੰਸ ਵਿਚ ਪੰਜਾਬੀ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਕਰਨ ਦੀ ਮੰਗ ਪੂਰੇ ਜ਼ੋਰ-ਸ਼ੋਰ ਨਾਲ ਉਠਾਈ ਗਈ ਹੈ। ਡੈਲੀਗੇਟਾਂ ਨੇ ਮੰਗ ਕੀਤੀ ਕਿ ਲਾਹੌਰ ਵਿਚ ਨਿਰੋਲ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਕੀਤੀ ਜਾਵੇ। ਇਸ ਵਿਚ ਸ਼ਾਹਮੁਖੀ ਤੇ ਗੁਰਮੁਖੀ ਵਿਚ ਹੁਣ ਤੱਕ ਛਪੀਆਂ ਕਿਤਾਬਾਂ ਦੀ ਆਲਮੀ ਲਾਇਬ੍ਰੇਰੀ ਵੀ ਬਣਾਈ ਜਾਵੇ।

ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਜਨਾਬ ਫ਼ਖ਼ਰ ਜ਼ਮਾਂ ਨੇ ਕਿਹਾ ਕਿ ਪਾਕਿਸਤਾਨ ਵਿੱਚ ਬੋਲੀਆਂ ਜਾਂਦੀਆਂ ਸਭ ਜ਼ੁਬਾਨਾਂ ਹੀ ਕੌਮੀ ਜ਼ੁਬਾਨਾਂ ਹਨ, ਇਨ੍ਹਾਂ ਨੂੰ ਖੇਤਰੀ ਜ਼ੁਬਾਨਾਂ ਨਾ ਕਿਹਾ ਜਾਵੇ। ਉਨ੍ਹਾਂ ਦੋਹਾਂ ਮੁਲਕਾਂ ਨੂੰ ਅਮਨ ਦਾ ਸੱਦਾ ਦਿੱਤਾ ਤੇ ਕਿਹਾ ਕਿ ਅਗਲੀ ਕਾਨਫਰੰਸ ਫਰਵਰੀ-2020 'ਚ ਕਰਵਾਈ ਜਾਵੇਗੀ।

ਸੋਸ਼ਲ ਮੀਡੀਆ ਤੇ ਮੁੱਖ ਧਾਰਾ ਮੀਡੀਆ ਦੇ ਹਵਾਲੇ ਨਾਲ ਵਿਦਵਾਨ ਜਨਾਬ ਫਰਖ ਸੁਹੇਲ ਗੋਇੰਦੀ ਨੇ ਕਿਹਾ, 'ਮੈਂ ਤੁਰਕੀ ਜ਼ੁਬਾਨ ਦਾ ਭੇਤੀ ਹਾਂ, ਪਰ ਪੰਜਾਬੀ ਨਹੀਂ ਪੜ੍ਹ ਸਕਦਾ, ਇਹ ਚੰਗੀ ਗੱਲ ਨਹੀਂ।' ਤੁਰਕੀ ਦੇ ਵਿਕਾਸਕਰਤਾ ਅਤਾ ਤੁਰਕ ਨੇ ਜ਼ਾਹਲ ਲੋਕਾਂ ਨੂੰ ਲਿਆਕਤ ਨੇੜੇ ਲਿਆਂਦਾ, ਇਹ ਲਹਿਰ ਸਾਨੂੰ ਵੀ ਤੇਜ਼ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਅਮਨ ਤੇ ਪੰਜਾਬੀ ਵਿਸ਼ੇ 'ਤੇ ਸੋਸ਼ਲ ਮੀਡੀਆ ਗਰੁੱਪ ਤਿਆਰ ਕਰਨਾ ਸਮੇਂ ਦੀ ਲੋੜ ਹੈ। ਇਸ ਮੌਕੇ ਪ੍ਰਸਿੱਧ ਵਿਦਵਾਨ ਤੇ ਖੋਜੀ ਇਕਬਾਲ ਕੈਸਰ ਨੇ ਕਿਹਾ ਕਿ ਪੰਜਾਬੀਆਂ ਦੀ ਸਭ ਤੋਂ ਵੱਡੀ ਆਬਾਦੀ ਹੈ, ਪਰ ਸਕੂਲ ਪੱਧਰ 'ਤੇ ਪੰਜਾਬੀ ਪੜ੍ਹਨ-ਪੜ੍ਹਾਉਣ ਦਾ ਕੋਈ ਪ੍ਰਬੰਧ ਨਹੀਂ। ਪਾਕਿਸਤਾਨ ਵਿਚ ਪੰਜ ਯੂਨੀਵਰਸਿਟੀਆਂ 'ਚ ਐੱਮਏ ਪੰਜਾਬੀ ਹੈ, ਪਰ 95 ਫ਼ੀਸਦੀ ਐੱਮਏ ਪਾਸ ਮੁੰਡੇ-ਕੁੜੀਆਂ ਬੇਰੁਜ਼ਗਾਰ ਹਨ। ਇਸ ਮੌਕੇ ਕੁਝ ਮਤੇ ਪਾਸ ਕੀਤੇ ਗਏ, ਜਿਨ੍ਹਾਂ ਨੂੰ ਪ੍ਰੋ. ਗੁਰਭਜਨ ਗਿੱਲ ਦੀ ਪ੍ਰਧਾਨਗੀ ਹੇਠ ਡਾ. ਦੀਪਕ ਮਨਮੋਹਨ, ਮਨਜਿੰਦਰ ਧਨੋਆ ਤੇ ਸਹਿਜਪ੍ਰੀਤ ਸਿੰਘ ਮਾਂਗਟ ਆਧਾਰਿਤ ਕਮੇਟੀ ਵੱਲੋਂ ਡਰਾਫਟ ਕੀਤਾ ਗਿਆ। ਇਨ੍ਹਾਂ ਮਤਿਆਂ ਨੂੰ ਅੱਬਾਸ ਮਿਰਜ਼ਾ ਨੇ ਪੇਸ਼ ਤੇ ਪਾਸ ਕਰਵਾਇਆ। ਇਸ ਤਹਿਤ ਡੈਲੀਗੇਟਾਂ ਨੇ ਮੰਗ ਕੀਤੀ ਕਿ ਲਾਹੌਰ ਵਿਚ ਨਿਰੋਲ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਕੀਤੀ ਜਾਵੇ। ਇਸ ਵਿਚ ਸ਼ਾਹਮੁਖੀ ਤੇ ਗੁਰਮੁਖੀ ਵਿਚ ਹੁਣ ਤੱਕ ਛਪੀਆਂ ਕਿਤਾਬਾਂ ਦੀ ਆਲਮੀ ਲਾਇਬ੍ਰੇਰੀ ਬਣਾਈ ਜਾਵੇ। ਦੂਜੇ ਮਤੇ 'ਚ ਮੰਗ ਕੀਤੀ ਗਈ ਕਿ ਸਰਹੱਦਾਂ 'ਤੇ ਝੰਡੇ ਦੀ ਰਸਮ ਮੌਕੇ ਜਵਾਨਾਂ ਦੀ ਪਰੇਡ ਵੇਲੇ ਬਾਹੂਬਲ ਦਾ ਜ਼ਾਲਮਾਨਾ ਵਿਖਾਵਾ ਕਰਨ ਦੀ ਥਾਂ ਮੁਹੱਬਤ ਦਾ ਵਿਖਾਵਾ ਕਰਨ ਵਾਲੀਆਂ ਗਤੀਵਿਧੀਆਂ ਹੋਣ। ਤੀਜੇ ਮਤੇ ਤਹਿਤ ਪਾਕਿਸਤਾਨ ਦੇ ਪੰਜਾਬ ਰਾਜ ਦੇ ਸਰਕਾਰੀ ਤੇ ਗ਼ੈਰ ਸਰਕਾਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਪ੍ਰਾਇਮਰੀ ਪੱਧਰ ਤੋਂ ਇੱਕ ਵਿਸ਼ੇ ਦੇ ਤੌਰ 'ਤੇ ਸ਼ੁਰੂ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਭਾਰਤ ਤੇ ਪਾਕਿਸਤਾਨ ਹਕੂਮਤਾਂ ਨੂੰ ਵੀਜ਼ਾ ਸਿਸਟਮ 'ਚ ਤਬਦੀਲੀ ਕਰਨ, 15 ਅਗਸਤ 1947 ਤੋਂ ਪਹਿਲਾਂ ਪੈਦਾ ਹੋਏ ਪੰਜਾਬੀਆਂ ਨੂੰ ਬਾਰਡਰ 'ਤੇ ਪਹੁੰਚਣ ਸਾਰ ਵੀਜ਼ਾ ਆਨ ਅਰਾਈਵਲ ਦਾ ਪ੍ਰਬੰਧ ਕਰਨ ਤੇ ਪੰਜਾਬ ਅਸੈਂਬਲੀ ਲਾਹੌਰ ਦੀ ਵਿਚਾਰ ਚਰਚਾ ਦੀ ਜ਼ੁਬਾਨ ਪੰਜਾਬੀ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਕਰਤਾਰਪੁਰ ਲਾਂਘੇ ਦੀ ਸ਼ਲਾਘਾ ਕੀਤੀ ਗਈ। ਦੱਖਣੀ-ਏਸ਼ਿਆਈ ਮੁਲਕਾਂ ਵਿਚ ਵਪਾਰ, ਖੇਡਾਂ, ਸਾਹਿਤ, ਸੰਗੀਤ, ਕਲਾ ਤੇ ਵਿਚਾਰ ਆਦਾਨ-ਪ੍ਰਦਾਨ ਵਧਾਉਣ, 550ਵੇਂ ਪ੍ਰਕਾਸ਼ ਉਤਸਵ ਮੌਕੇ 51 ਪੰਜਾਬੀ ਕਵੀਆਂ ਦੇ ਵਿਸ਼ਵ ਪੱਧਰੀ ਕਵੀ ਦਰਬਾਰ ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ ਤੇ ਪੰਜਾ ਸਾਹਿਬ ਵਿਖੇ ਕਰਵਾਉਣ, ਕੌਮੀ ਤੇ ਕੌਮਾਂਤਰੀ ਪੱਧਰ ਦੇ ਲਿਖਾਰੀਆਂ, ਕਲਾਕਾਰਾਂ, ਪੱਤਰਕਾਰਾਂ ਲਾਦਿ ਲਈ ਮਲਟੀਪਲ ਐਂਟਰੀ ਸਾਰਕ ਵੀਜ਼ੇ ਬਾਰੇ ਮਤਾ ਪਾਸ ਹੋਇਆ। ਇਸ ਮੌਕੇ ਕਾਨਫਰੰਸ ਵਾਲੇ ਵਫ਼ਦ ਨੂੰ ਨਨਕਾਣਾ ਸਾਹਿਬ ਦੇ ਦਰਸ਼ਨਾਂ ਦੀ ਇਜਾਜ਼ਤ ਦੇਣ ਦੀ ਪ੍ਰਸ਼ੰਸਾ ਕੀਤੀ ਗਈ।




Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

# ਸਰਦੀਆਂ ਵਿਚ ਢਹਿੰਦੀ ਕਲਾ ਕਿਉਂ ਹੁੰਦੀ ਹੈ ?

**ਡਾ. ਹਰਸ਼ਿੰਦਰ ਕੌਰ, ਐਮਡੀ.**
ਫੋਨ ਨੰ: 0175-2216783

ਭਾਰਤ ਵਿਚ ਸਰਦੀਆਂ ਵਿਚ ਇਸ ਬੀਮਾਰੀ ਵਾਲੇ ਹਰ ਸਾਲ ਇੱਕ ਕਰੋੜ ਮਰੀਜ਼ ਲੱਭ ਪੈਂਦੇ ਹਨ। ਠੀਕ ਹੋ ਸਕਣ ਵਾਲੇ ਇਸ ਰੋਗ ਦੀ ਪਛਾਣ ਨਾ ਹੋ ਸਕਣ ਕਰ ਕੇ ਹੀ ਕਈ ਕਿਸਮਾਂ ਦੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੁੱਝ ਤੱਥ :-

1. ਸਰਦੀਆਂ ਵਿਚ ਥੋੜੀ ਦੇਰ ਧੁੱਪ ਦਾ ਰਹਿਣਾ ਤੇ ਠੰਡ ਕਾਰਨ ਲੇਟ ਉੱਠਣਾ ਹੀ ਇਸ ਬੀਮਾਰੀ ਦਾ ਕਾਰਨ ਬਣ ਜਾਂਦੇ ਹਨ।

2. ਸਰੀਰ ਅੰਦਰ ਰਾਤ ਵੇਲੇ ਮੈਲਾਟੋਨਿਨ ਨਿਕਲ ਪੈਂਦੀ ਹੈ ਜੋ ਵਧੀਆ ਨੀਂਦਰ ਆਉਣ ਲਈ ਜ਼ਰੂਰੀ ਹੁੰਦੀ ਹੈ। ਰਾਤਾਂ ਲੰਮੀਆਂ ਹੋਣ ਕਾਰਨ ਇਸ ਹਾਰਮੋਨ ਦਾ ਵਾਧਾ ਜ਼ਿਆਦਾ ਦੇਰ ਤਕ ਟਿਕਿਆ ਰਹਿੰਦਾ ਹੈ।

3. ਸੂਰਜ ਦੀ ਰੌਸ਼ਨੀ ਜਿੱਥੇ ਸਰੀਰ ਲਈ ਚੰਗੀ ਹੁੰਦੀ ਹੈ, ਉੱਥੇ ਦਿਮਾਗ਼ ਨੂੰ ਚੁਸਤ ਰੱਖਣ ਵਿਚ ਵੀ ਸਹਾਈ ਹੁੰਦੀ ਹੈ।

4. ਔਰਤਾਂ ਨੂੰ ਇਹ ਬੀਮਾਰੀ ਪੁਰਸ਼ਾਂ ਨਾਲੋਂ ਦੁਗਣੀ ਵੱਧ ਹੁੰਦੀ ਹੈ।

5. ਬੱਚੇ ਛੇਤੀ ਤਣਾਓ ਨਹੀਂ ਸਹੇੜਦੇ, ਪਰ ਨੌਜਵਾਨ ਛੇਤੀ ਫੜੇ ਜਾਂਦੇ ਹਨ।

6. ਇਹ ਬੀਮਾਰੀ ਹਰ ਸਾਲ ਇੱਕੋ ਹੀ ਮਹੀਨੇ ਸ਼ੁਰੂ ਹੁੰਦੀ ਹੈ। ਕਦੇ ਕਦਾਈਂ ਗਰਮੀਆਂ ਵਿਚ ਵੀ ਹੋ ਸਕਦੀ ਹੈ।

ਲੱਛਣ :- ਘੱਟ ਸਰਦੀ ਵਿਚ ਲੱਛਣ ਘੱਟ ਹੁੰਦੇ ਹਨ, ਪਰ ਜਿਉਂ ਹੀ ਠੰਡ ਵਧੇ, ਲੱਛਣ ਵੀ ਵੱਧ ਜਾਂਦੇ ਹਨ।

1. ਲਗਭਗ ਰੋਜ਼ ਹੀ ਦਿਨ ਵਿਚਲਾ ਜ਼ਿਆਦਾ ਸਮਾਂ ਢਹਿੰਦੀ ਕਲਾ ਮਹਿਸੂਸ ਹੁੰਦੀ ਰਹਿੰਦੀ ਹੈ।

2. ਰੋਜ਼ ਦੇ ਕਰਨ ਵਾਲੇ ਕੰਮਾਂ ਵਿਚ ਜੀਅ ਨਹੀਂ ਲੱਗਦਾ।

3. ਕਸਰਤ ਕਰਨ ਨੂੰ ਜੀਅ ਨਹੀਂ ਕਰਦਾ।

4. ਸੁਸਤੀ ਮਹਿਸੂਸ ਹੁੰਦੀ ਰਹਿੰਦੀ ਹੈ।

5. ਹਿੱਲਣ ਜੁੱਲਣ ਦੀ ਤਾਕਤ ਘੱਟ ਲੱਗਦੀ ਹੈ।

6. ਨੀਂਦਰ ਨਹੀਂ ਆਉਂਦੀ (ਗਰਮੀਆਂ ਵਿਚ) ਜਾਂ ਜ਼ਿਆਦਾ ਆਉਣ ਲੱਗ ਪੈਂਦੀ ਹੈ। (ਸਰਦੀਆਂ ਵਿਚ)

7. ਭੁੱਖ ਵਧ ਜਾਂ ਘਟ ਲੱਗਣ ਲੱਗ ਪਵੇ

8. ਭਾਰ ਵਧਣ ਜਾਂ ਘਟਣ ਲੱਗ ਪਵੇ

9. ਧਿਆਨ ਨਾ ਲਾਇਆ ਜਾ ਸਕੇ

10. ਨਕਾਰਾ ਮਹਿਸੂਸ ਹੋਣਾ

11. ਮਰਨ ਦਾ ਜੀਅ ਕਰਨਾ

12. ਵਿਹਲੜ ਜਾਪਣਾ

13. ਤਲੀ ਹੋਈ ਚੀਜ਼ ਵੱਧ ਖਾਣ ਨੂੰ ਜੀਅ ਕਰਨਾ

14. ਘਬਰਾਹਟ ਹੋਣੀ ਜਾਂ ਗੁੱਸਾ ਆਉਣਾ, ਆਦਿ।

ਕਾਰਨ :- 1. ਧੁੱਪ ਦੇ ਘੱਟਣ ਨਾਲ ਸਰੀਰ ਅੰਦਰਲੀ ਘੜੀ ਦੀ ਚਾਲ ਵਿਚ ਗੜਬੜ ਹੋ ਜਾਂਦੀ ਹੈ ਜਿਸ ਨਾਲ ਢਹਿੰਦੀ ਕਲਾ ਆ ਜਾਂਦੀ ਹੈ।

2. ਸਿਰੋਟੋਨਿਨ (ਇਹ ਹਾਰਮੋਨ ਮੂਡ ਚੰਗਾ ਰੱਖਣ ਲਈ ਸਹਾਈ ਹੁੰਦਾ ਹੈ) ਦਾ ਘਟਣਾ ਵੀ ਧੁੱਪ ਘੱਟ ਹੋਣ ਸਦਕਾ ਹੁੰਦਾ ਹੈ। ਇਹ ਵੀ ਢਹਿੰਦੀ ਕਲਾ ਦਾ ਕਾਰਨ ਬਣ ਜਾਂਦਾ ਹੈ।

3. ਮੈਲਾਟੋਨਿਨ ਦਾ ਵੱਧ ਦੇਰ ਟਿਕਣਾ ਤੇ ਸਵੇਰੇ ਲੇਟ ਉੱਠਣਾ ਵੀ ਢਹਿੰਦੀ ਕਲਾ ਵੱਲ ਤੋਰ ਦਿੰਦਾ ਹੈ।

4. ਜੇ ਟੱਬਰ ਵਿਚ ਪਹਿਲਾਂ ਕਿਸੇ ਨੂੰ ਹੋਵੇ ਤਾਂ ਇਸ ਬੀਮਾਰੀ ਦਾ ਖ਼ਤਰਾ ਵੱਧ ਹੁੰਦਾ ਹੈ।

5. ਪਹਿਲਾਂ ਵੀ ਢਹਿੰਦੀ ਕਲਾ ਰਹਿੰਦੀ ਹੋਵੇ ਤਾਂ ਸਰਦੀਆਂ ਵਿਚ ਬੀਮਾਰੀ ਕਾਫੀ ਵੱਧ ਸਕਦੀ ਹੈ।

6. ਵਿਟਾਮਿਨ ਡੀ ਦੀ ਘਾਟ ਵੀ ਇਸ ਬੀਮਾਰੀ ਨੂੰ ਵਧਾ ਦਿੰਦੀ ਹੈ।

**ਡਾਕਟਰ ਕੋਲ ਕਦੋਂ ਜਾਣਾ ਚਾਹੀਦਾ ਹੈ ?**

1. ਕਈ ਦਿਨਾਂ ਤਕ ਢਹਿੰਦੀ ਕਲਾ ਮਹਿਸੂਸ ਹੁੰਦੀ ਰਹੇ

2. ਦੇਰ ਰਾਤ ਤਕ ਨੀਂਦਰ ਨਾ ਆਏ ਜਾਂ ਭੁੱਖ ਬਹੁਤ ਜ਼ਿਆਦਾ ਵੱਧ ਜਾਏ।

3. ਸਵੇਰੇ ਉੱਠਣ ਨੂੰ ਉੱਕਾ ਹੀ ਜੀਅ ਨਾ ਕਰੇ ਤੇ ਇਕੱਲੇ ਬਹਿਣ ਜਾਂ ਮਰਨ ਨੂੰ ਜੀਅ ਕਰੇ।

4. ਦੋਸਤਾਂ ਮਿੱਤਰਾਂ ਤੋਂ ਟੁੱਟੇ ਮਹਿਸੂਸ ਹੋਣਾ

5. ਵਾਧੂ ਸ਼ਰਾਬ ਪੀਣ ਜਾਂ ਨਸ਼ਾ ਕਰਨ ਲੱਗ ਪੈਣਾ

6. ਪੜ੍ਹਨ ਨੂੰ ਉੱਕਾ ਹੀ ਜੀਅ ਨਾ ਕਰਨਾ

7. ਖ਼ੁਦਕੁਸ਼ੀ ਦਾ ਖ਼ਿਆਲ ਮਨ ਅੰਦਰ ਆਉਣਾ

8. ਥਾਇਰਾਈਡ ਹਾਰਮੋਨਾਂ ਵਿਚ ਗੜਬੜੀ

ਇਲਾਜ :- 1. ਲਾਈਟ ਥੈਰਪੀ :- ਇਸ ਵਿਚ ਇਕ ਖ਼ਾਸ ਡੱਬੇ ਤੋਂ ਕੁੱਝ ਫੁੱਟ ਦੂਰ ਸੁੱਤੇ ਉਠਦੇ ਬਿਠਾ ਦਿੱਤਾ ਜਾਂਦਾ ਹੈ ਜਿਸ ਵਿੱਚੋਂ ਵਾਧੂ ਰੌਸ਼ਨੀ ਆ ਰਹੀ ਹੋਵੇ। ਇਹ ਬਿਲਕੁਲ ਸੂਰਜੀ ਰੌਸ਼ਨੀ ਵਾਂਗ ਜਾਪਦੀ ਹੈ ਜਿਸ ਨਾਲ ਸਰੀਰ ਅੰਦਰ ਸਿਰੋਟੋਨਿਨ ਬਣਨ ਲੱਗ ਪੈਂਦੀ ਹੈ ਜੋ ਢਹਿੰਦੀ ਕਲਾ ਦੂਰ ਕਰ ਦਿੰਦੀ ਹੈ ਤੇ ਸਰੀਰ ਚੁਸਤ ਹੋ ਜਾਂਦਾ ਹੈ। ਇਸ ਇਲਾਜ ਦਾ ਅਸਰ ਕੁੱਝ ਦਿਨਾਂ ਵਿਚ ਜਾਂ ਦੋ ਕੁ ਹਫ਼ਤੇ ਵਿਚ ਸ਼ੁਰੂ ਹੁੰਦਾ ਹੈ।

ਇਸ ਵਿਚ ਰੌਸ਼ਨੀ ਦੇ ਡੱਬੇ ਅੱਗੇ ਦੋ ਫੁੱਟ ਪਰ੍ਹਾਂ 20-60 ਮਿੰਟ ਤੱਕ ਬੈਠਣਾ ਹੁੰਦਾ ਹੈ। ਡੱਬੇ ਵਿਚਲੀ ਰੌਸ਼ਨੀ ਆਮ ਕਮਰੇ ਵਿਚਲੀ ਰੌਸ਼ਨੀ ਤੋਂ 20 ਗੁਣਾਂ ਵੱਧ ਤੇਜ਼ ਹੁੰਦੀ ਹੈ। ਪਹਿਲੇ ਕੁੱਝ ਦਿਨ ਸਿਰਫ਼ 10 ਤੋਂ 15 ਮਿੰਟ ਹੀ ਬੈਠਣਾ ਚਾਹੀਦਾ ਹੈ।

2. ਢਹਿੰਦੀ ਕਲਾ ਦੀਆਂ ਦਵਾਈਆਂ :- ਇਹ ਸਿਰਫ਼ ਡਾਕਟਰੀ ਦੇਖ-ਰੇਖ ਹੇਠਾਂ ਹੀ ਲੈਣੀਆਂ ਚਾਹੀਦੀਆਂ ਹਨ, ਖ਼ਾਸ ਕਰ ਬੁਪਰੋਪੀਓਨ। ਕਈ ਮਰੀਜ਼ਾਂ ਵਿਚ ਇਹ ਕੁੱਝ ਸਾਲ ਸਰਦੀਆਂ ਸ਼ੁਰੂ ਹੁੰਦੇ ਸਾਰ ਦੇਣੀਆਂ ਪੈ ਜਾਂਦੀਆਂ ਹਨ।

3. ਸਾਈਕੋਥੈਰਪੀ :- ਮਨੋਵਿਗਿਆਨੀ ਡਾਕਟਰ ਨਾਲ ਗੱਲਬਾਤ ਕਰ ਕੇ ਆਪਣੇ ਆਪ ਨੂੰ ਸਹਿਜ ਕੀਤਾ ਜਾ ਸਕਦਾ ਹੈ।

4. ਯੋਗ ਜਾਂ ਰੋਜ਼ਾਨਾ ਕਸਰਤ :- ਹਫ਼ਤੇ ਵਿਚ ਪੰਜ ਦਿਨ ਰੋਜ਼ ਸਵੇਰੇ 40 ਮਿੰਟ ਦੀ ਕਸਰਤ ਕਰਨ ਨਾਲ ਢਹਿੰਦੀ ਕਲਾ ਕਾਫ਼ੀ ਹੱਦ ਤੱਕ ਠੀਕ ਹੋ ਜਾਂਦੀ ਹੈ।

5. ਗੀਤ ਸੰਗੀਤ ਵੀ ਇਲਾਜ ਵਜੋਂ ਵਰਤੇ ਜਾ ਚੁੱਕੇ ਹਨ।

6. ਧਿਆਨ ਲਾਉਣਾ (ਮੈਡੀਟੇਸ਼ਨ) ਵੀ ਕਈਆਂ ਲਈ ਠੀਕ ਰਹਿੰਦਾ ਹੈ।

7. ਘਰ ਦੇ ਆਲੇ-ਦੁਆਲੇ ਦੇ ਵੱਡੇ ਦਰਖ਼ਤ ਛਾਂਗ ਦੇਣੇ ਚਾਹੀਦੇ ਹਨ ਤਾਂ ਜੋ ਧੁੱਪ ਨਾ ਰੁਕੇ।

8. ਦਿਨ ਵੇਲੇ ਖਿੜਕੀਆਂ ਅੱਗੋਂ ਮੋਟੇ ਪਰਦੇ ਪਰ੍ਹਾਂ ਕਰ ਦੇਣੇ ਚਾਹੀਦੇ ਹਨ।

9. ਸਵੇਰੇ ਉੱਠਣ ਬਾਅਦ ਦੋ ਕੁ ਘੰਟੇ ਧੁੱਪੇ ਜ਼ਰੂਰ ਬੈਠਣਾ ਚਾਹੀਦਾ ਹੈ, ਜਾਂ ਉਸ ਖਿੜਕੀ ਕੋਲ ਜਿੱਥੋਂ ਪੂਰੀ ਰੌਸ਼ਨੀ ਅੰਦਰ ਆ ਰਹੀ ਹੋਵੇ।

10. ਬਹੁਤੀਆਂ ਤਲੀਆਂ ਚੀਜ਼ਾਂ ਤੇ ਸ਼ਰਾਬ ਤੋਂ ਪਰਹੇਜ਼ ਜ਼ਰੂਰੀ ਹੈ।

11. ਦੋਸਤਾਂ ਮਿੱਤਰਾਂ ਜਾਂ ਗਵਾਂਢੀਆਂ ਨਾਲ ਰੋਜ਼ ਗੱਲਬਾਤ ਕਰਨੀ ਜ਼ਰੂਰੀ ਹੈ।

12. ਜੇ ਹੋ ਸਕੇ ਤਾਂ ਸਰਦੀਆਂ ਦੀਆਂ ਛੁੱਟੀਆਂ ਵਿਚ ਦੋ ਚਾਰ ਦਿਨ ਕਿਸੇ ਗਰਮ ਥਾਂ ਉੱਤੇ ਘੁੰਮ ਆਉਣਾ ਚਾਹੀਦਾ ਹੈ।

13. ਵਿਟਾਮਿਨ ਡੀ ਜ਼ਰੂਰ ਡਾਕਟਰ ਦੀ ਸਲਾਹ ਨਾਲ ਲੈਣੀ ਚਾਹੀਦੀ ਹੈ।

14. ਦਫ਼ਤਰੀ ਕੰਮ ਕਾਰ ਤੋਂ ਛੁੱਟੀ ਨਹੀਂ ਲੈਣੀ ਚਾਹੀਦੀ ਤਾਂ ਜੋ ਰੁਟੀਨ ਬਣਿਆ ਰਹੇ।

15. ਸੰਤੁਲਿਤ ਖ਼ੁਰਾਕ ਲੈਣੀ ਜ਼ਰੂਰੀ ਹੈ। ਮਿੱਠਾ ਘੱਟ ਖਾਣਾ ਚਾਹੀਦਾ ਹੈ।

16. ਸੇਲੀਨੀਅਮ ਦੀ ਘਾਟ ਸਦਕਾ ਵੀ ਢਹਿੰਦੀ ਕਲਾ ਮਹਿਸੂਸ ਹੋ ਸਕਦੀ ਹੈ ਸੋ ਖੁੰਬਾਂ, ਸੂਰਜਮੁਖੀ ਦੇ ਬੀਜ, ਕਣਕ, ਰਾਗੀ, ਬਾਜਰਾ, ਗੰਢੇ ਆਦਿ ਖਾਂਦੇ ਰਹਿਣੇ ਚਾਹੀਦੇ ਹਨ।

17. ਸਭ ਤੋਂ ਵੱਡਾ ਨੁਕਤਾ ਹੈ-ਰੋਜ਼ 10 ਮਿੰਟ ਖਿੜਖਿੜਾ ਕੇ ਹੱਸਣਾ ਜ਼ਰੂਰ ਚਾਹੀਦਾ ਹੈ।



# ਚੋਣਾਂ ਵਿਚ ਮੁੜ ਗੂੰਜਣਗੇ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਦੇ

### *ਕਾਂਗਰਸ ਨੂੰ ਹੋ ਸਕਦਾ ਹੈ ਇਨ੍ਹਾਂ ਮੁੱਦਿਆਂ ਦਾ ਫਾਇਦਾ*

**ਚੰਡੀਗੜ੍ਹ/ਬਿਊਰੋ ਨਿਊਜ਼ :**

ਵਿਧਾਨ ਸਭਾ ਚੋਣਾਂ ਦੀ ਤਰ੍ਹਾਂ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਧਾਰਮਿਕ ਮੁੱਦਿਆਂ ਨੂੰ ਲੈ ਕੇ ਪੰਜਾਬ ਦੀ ਸਿਆਸਤ ਇਕ ਵਾਰ ਫੇਰ ਗਰਮਾ ਗਈ ਹੈ। ਸੰਨ 2017 ਵਿਚ ਸੂਬੇ ਦੀ ਸਿਆਸਤ ਨੂੰ ਹਿਲਾ ਕੇ ਰੱਖ ਦੇਣ ਵਾਲੇ ਅਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਮੁੱਦੇ ਇਨਸਾਫ ਦੀ ਉਡੀਕ ਵਿਚ ਹਨ ਅਤੇ ਲੋਕ ਸਭਾ ਚੋਣਾਂ ਵਿਚ ਵੀ ਗੂੰਜਣਗੇ। ਸਿੱਖ ਸੰਗਤਾਂ ਦੇ ਸਵਾਲ ਅੱਜ ਵੀ ਜਵਾਬ ਮੰਗਦੇ ਹਨ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਲਈ ਦੋਸ਼ੀ ਕੌਣ ਹਨ ਅਤੇ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਕਿਸ ਦੇ ਹੁਕਮਾਂ ਉਤੇ ਕਿਸ ਨੇ ਚਲਾਈ? ਗੋਲੀ ਚਲਾਉਣ ਵਾਲੀ ਪੁਲਿਸ ਅਣਪਛਾਤੀ ਕਿਵੇਂ ਹੋਈ? ਇਨ੍ਹਾਂ ਮਾਮਲਿਆਂ ਦੀ ਨਿਰਪੱਖ ਜਾਂਚ ਦਾ ਦਾਅਵਾ ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਗਾਤਾਰ ਕੀਤਾ ਜਾ ਰਿਹਾ ਹੈ ਪ੍ਰੰਤੂ ਸੂਬੇ ਵਿਚ ਰਾਜ-ਭਾਗ ਦੇ 2 ਸਾਲ ਲੰਘਣ ਦੇ ਬਾਵਜੂਦ ਪਰਨਾਲਾ ਉਥੇ ਦਾ ਉਥੇ ਖੜ੍ਹਾ ਹੈ ਪ੍ਰੰਤੂ ਕਾਂਗਰਸ ਹਾਈ ਕਮਾਂਡ ਇਨ੍ਹਾਂ ਮੁੱਦਿਆਂ 'ਤੇ ਮਿਸ਼ਨ 20 19 ਫਤਹਿ ਕਰਨ ਦੀ ਰਣਨੀਤੀ ਘੜ ਰਹੀ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਸੇ ਏਜੰਡੇ ਤਹਿਤ ਇਨ੍ਹਾਂ ਮਾਮਲਿਆਂ ਦੀ ਜਾਂਚ ਜਲਦ ਮੁਕੰਮਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦਾ ਸਿੱਧਾ ਲਾਭ ਕਾਂਗਰਸ ਨੂੰ ਹੋਣ ਦੀ ਸੰਭਾਵਨਾ ਹੈ। ਸੰਭਾਵਨਾ ਬਣਦੀ ਦਿਖਾਈ ਦੇ ਰਹੀ ਹੈ ਕਿ ਬਾਦਲ ਨੂੰ ਹਰਾਉਣ ਲਈ ਬਹੁਗਿਣਤੀ ਸਿੱਖ ਕੈਪਟਨ ਨੂੰ ਵੋਟਾਂ ਪਾ ਸਕਦੇ ਹਨ।

# ਇਟਲੀ ਵਿਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

**ਟਾਂਡਾ/ਬਿਊਰੋ ਨਿਊਜ਼ :** ਪੰਜਾਬ ਦੇ ਟਾਂਡਾ ਨੇੜਲੇ ਪਿੰਡ ਜਹੂਰਾ ਦੇ ਇਕ ਵਿਅਕਤੀ ਦੀ ਇਟਲੀ 'ਚ ਹੋਏ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਮ੍ਰਿਤਕ ਦਿਲਬਾਗ



ਸਿੰਘ ਦੇ ਪਿਤਾ ਅਜੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਨੂੰ ਘਟਨਾ ਬਾਰੇ ਜੋ ਜਾਣਕਾਰੀ ਮਿਲੀ ਹੈ, ਉਸ ਮੁਤਾਬਕ ਘਟਨਾ ਵਾਲੇ ਦਿਨ ਦਿਲਬਾਗ ਸਿੰਘ ਇਟਲੀ ਵਿਚ ਹੀ ਰਹਿੰਦੇ ਆਪਣੇ ਛੋਟੇ ਭਰਾ ਦਿਲਰਾਜ ਸਿੰਘ ਨੂੰ ਮਿਲਣ ਜਾ ਰਿਹਾ ਸੀ ਕਿ ਰਾਹ ਵਿਚ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਕਾਰ ਬੇਕਾਬੂ ਹੋ ਕੇ ਹਾਦਸਾਗ੍ਰਸਤ ਹੋ ਗਈ। ਉਹ ਇਟਲੀ ਦੇ ਸ਼ਹਿਰ ਬਰੇਸ਼ੀਆ ਦੇ ਗੋਤਾਨਿਗੋ ਇਲਾਕੇ ਵਿਚ ਪਰਿਵਾਰ ਨਾਲ ਰਹਿ ਰਿਹਾ ਸੀ।

# ਬੀਐਸਐਫ਼ ਵਲੋਂ ਤਿੰਨ ਪੈਕੇਟ ਹੈਰੋਇਨ ਬਰਾਮਦ

**ਤਰਨ ਤਾਰਨ/ਬਿਊਰੋ ਨਿਊਜ਼ :** ਬੀਐਸਐਫ਼ ਦੇ ਜਵਾਨਾਂ ਨੇ ਸਰਹੱਦ ਤੋਂ ਤਿੰਨ ਪੈਕੇਟ ਹੈਰੋਇਨ ਬਰਾਮਦ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਬੀਐਸਐਫ਼ ਦੇ ਜਵਾਨਾਂ ਨੂੰ ਸਰਹੱਦ ਤੇ ਕੁਝ ਹਲਚਲ ਹੁੰਦੀ ਵਿਖਾਈ ਦਿੱਤੀ । ਜਦੋਂ ਬੀਐਸਐਫ਼ ਦੇ ਜਵਾਨਾਂ ਨੇ ਤਲਾਸ਼ੀ ਲਈ ਤਾਂ ਤਿੰਨ ਪੈਕੇਟ ਹੈਰੋਇਨ ਬਰਾਮਦ ਹੋਈ। ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਕਰੋੜਾਂ ਰੁਪਏ ਦੱਸੀ ਜਾਂਦੀ ਹੈ।

# ਪਿੰਡ ਭੌਰਾ 'ਚ ਲਗਾਇਆ 'ਮਾਤਾ ਪ੍ਰਕਾਸ਼ ਕੌਰ ਯਾਦਗਾਰੀ' ਅੱਖਾਂ ਦਾ 6ਵਾਂ ਮੁਫਤ ਅਪ੍ਰੇਸ਼ਨ ਕੈਂਪ

### *ਸਮਾਜ ਸੇਵੀ ਕਾਰਜ ਨਾਲ ਆਪਣੀ ਮਾਂ ਨੂੰ ਯਾਦ ਕਰਕੇ ਧੰਨ ਹੋਇਆ ਮਹਿਸੂਸ ਕਰਦਾ ਹਾਂ : ਐੱਸ.ਅਸ਼ੋਕ ਭੌਰਾ*





**ਸ਼ਹੀਦ ਭਗਤ ਸਿੰਘ ਨਗਰ/ਬਿਊਰੋ ਨਿਊਜ਼ :**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭੌਰਾ ਵਿਖੇ ਮਾਤਾ ਪ੍ਰਕਾਸ਼ ਕੌਰ ਯਾਦਗਾਰੀ ਟਰੱਸਟ ਵਲੋਂ 'ਸਹਾਇਤਾ ਸੰਸਥਾ', ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 6ਵਾਂ ਅੱਖਾਂ ਦਾ ਮੁਫ਼ਤ ਕੈਂਪ ਸਰਕਾਰੀ ਐਲੀਮੈਂਟਰੀ ਸਕੂਲ ਵਿਚ ਡਾ. ਰਜਿੰਦਰ ਸਿੰਘ ਰਾਜੀ ਦੀ ਅਗਵਾਈ ਹੇਠ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਾਬਕਾ ਆਈ.ਜੀ. ਅਤੇ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਨੇ ਕਰਦਿਆਂ ਕਿਹਾ ਕਿ ਅਜਿਹੇ ਸਮਾਜਿਕ ਕਾਰਜਾਂ ਦੀ ਇਸ ਵੇਲੇ ਪੰਜਾਬ ਨੂੰ ਵੱਡੀ ਲੋੜ ਹੈ ਤੇ ਸਾਨੂੰ ਵੱਖੋ-ਵੱਖਰੀਆਂ ਰਾਜਨੀਤਕ ਵਿਚਾਰਧਾਰਾਵਾਂ ਤੋਂ ਉੱਪਰ ਉੱਠ ਕੇ ਅਜਿਹੇ ਕਾਰਜਾਂ ਵਿਚ ਸਹਿਯੋਗ ਕਰਨਾ ਚਾਹੀਦਾ ਹੈ। ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸਤਵੀਰ ਸਿੰਘ ਪੱਲੀ ਝਿੱਕੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਕਿਹਾ ਕਿ ਸ੍ਰੀ ਐੱਸ.ਅਸ਼ੋਕ ਭੌਰਾ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਆਪਣੀ ਮਾਤਾ ਪ੍ਰਕਾਸ਼ ਕੌਰ ਨੂੰ ਇੰਝ ਸਮਾਜ ਸੇਵਾ ਵਜੋਂ ਯਾਦ ਕਰਨਾ ਸੱਚੀਂ ਮੁੱਚੀਂ ਹੀ ਵਡਿਆਈ ਕਰਨ ਦੇ ਯੋਗ ਹੈ। ਉਨ੍ਹਾਂ ਕਿਹਾ ਕਿ ਸ੍ਰੀ ਭੌਰਾ ਨੇ ਸਾਹਿਤਕ ਅਤੇ ਸੱਭਿਆਚਾਰ ਖੇਤਰ ਵਿਚ ਕੌਮਾਂਤਰੀ ਪੱਧਰ ਤੇ ਹੀ ਪੈੜਾਂ ਨਹੀਂ ਪਾਈਆਂ ਸਗੋਂ ਆਪਣੀ ਸਮਰੱਥਾ ਤੋਂ ਬਾਹਰ ਜਾ ਕੇ ਵੀ ਸਮਾਜਿਕ ਸੇਵਾ ਵਿਚ ਵੱਡੀ ਭੂਮਿਕਾ ਨਿਭਾਈ ਹੈ। ਇਸ ਮੌਕੇ ਤੇ ਤਕਰੀਬਨ 400 ਮਰੀਜ਼ਾਂ ਦੀਆਂ ਅੱਖਾਂ ਦਾ ਮੁਆਇਨਾ ਕੀਤਾ ਗਿਆ, 100 ਦੇ ਕਰੀਬ ਨਜ਼ਰ ਦੀਆਂ ਐਨਕਾਂ ਪ੍ਰਦਾਨ ਕੀਤੀਆਂ ਗਈਆਂ ਅਤੇ 53 ਮਰੀਜ਼ਾਂ ਦੀਆਂ ਅੱਖਾਂ ਦੇ ਅਧੁਨਿਕ ਤਕਨੀਕ ਨਾਲ ਰਜਿੰਦਰਾ ਆਈ ਹਸਪਤਾਲ ਲੁਧਿਆਣਾ ਵਿਖੇ ਅਪ੍ਰੇਸ਼ਨ ਕੀਤੇ ਗਏ। ਹਾਜ਼ਰ ਸੰਗਤ ਦੀ ਲੰਗਰ ਅਤੇ ਚਾਹ ਪਾਣੀ ਨਾਲ ਸੇਵਾ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪਿੰਡ ਦੇ ਸਰਪੰਚ ਸ੍ਰੀ ਰਣਜੀਤ ਕੁਮਾਰ, ਮੈਂਬਰ ਪੰਚਾਇਤ ਲਖਵਿੰਦਰ ਕੁਮਾਰ, ਸੁਰਿੰਦਰਪਾਲ, ਬਿੰਦਰ ਸਿੰਘ, ਗੋਗਾ ਮੱਲ੍ਹੀ, ਬਸਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਦਵਿੰਦਰ ਸ਼ੀਂਹਮਾਰ, ਸੂਬੇਦਾਰ ਨਸੀਬ ਚੰਦ, ਮਾਸਟਰ ਪ੍ਰੇਮ ਸਿੰਘ ਸੂਰਾਪੁਰੀ, ਪ੍ਰੋ. ਸ਼ੰਕਰ ਦਾਸ ਸਮੇਤ ਇਲਾਕੇ ਦੀਆਂ ਨਾਮੀ ਗਰਾਮੀ ਸ਼ਖ਼ਸੀਅਤਾਂ ਹਾਜ਼ਰ ਸਨ। ਸਾਰਿਆਂ ਦਾ ਧੰਨਵਾਦ ਕਰਦਿਆਂ ਇਸ ਕੈਂਪ ਦੇ ਮੁੱਖ ਪ੍ਰਬੰਧਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਵਿਚ ਮਾਂ ਨੂੰ ਯਾਦ ਰੱਖਣ ਦਾ ਸੰਕਲਪ ਬਣਿਆ ਹੋਇਆ ਹੈ, ਉਨ੍ਹਾਂ ਪਰਿਵਾਰਾਂ ਵਿਚ ਉਦਾਸੀ ਅਤੇ ਗਮੀ ਆਉਣ ਦਾ ਖਦਸ਼ਾ ਕਦੇ ਵੀ ਪੈਦਾ ਨਹੀਂ ਹੁੰਦਾ। ਉਹ



ਆਪਣੀ ਮਾਤਾ ਪ੍ਰਕਾਸ਼ ਕੌਰ ਨੂੰ ਯਾਦ ਕਰਨ ਲਈ ਇਹ ਸਮਾਜ ਸੇਵੀ ਕਾਰਜ ਕਰਕੇ ਆਪਣੇ ਆਪ ਨੂੰ ਧਨਭਾਗੀ ਹੋਇਆ ਸਮਝਦਾ ਹੋਇਆ ਹੈ। ਉਨ੍ਹਾਂ ਸਹਾਇਤਾ ਸੰਸਥਾ ਦੇ ਅਮਰੀਕਾ ਸਥਿਤ ਮੁੱਖ ਸੰਚਾਲਕ ਡਾ. ਹਰਕੇਸ਼ ਸੰਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ 6 ਸਾਲਾਂ ਵਿਚ ਇਸ ਸੰਸਥਾ ਨੇ ਪੰਜਾਬ ਨੂੰ ਸਿਹਤ ਸੇਵਾਵਾਂ ਦੇਣ, ਅਨਾਥਾਂ ਤੇ ਬੇਆਸਰਿਆਂ ਦਾ ਆਸਰਾ ਬਣਨ ਵਿਚ ਵੱਡੀ ਭੂਮਿਕਾ ਨਿਭਾਈ ਹੈ ਅਤੇ ਉਹ ਇਸ ਕੈਂਪ ਦੀ ਸਫ਼ਲਤਾ ਦਾ ਸਿਹਰਾ ਵੀ ਅਮਰੀਕਾ ਵਿਚ ਭਗਤ ਪੂਰਨ ਸਿੰਘ ਵਾਂਗ ਵਿਚਰਨ ਵਾਲੇ ਡਾ. ਸੰਧੂ ਦੇ ਸਿਰ ਹੀ ਬੰਨ੍ਹਦੇ ਹਨ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਦੁਆਬੇ ਦਾ ਨਾਮੀ ਪਿੰਡ ਭੌਰਾ, ਕਈ ਨਾਮਵਰ ਸ਼ਖ਼ਸ਼ੀਅਤਾਂ ਕਰਕੇ ਪੰਜਾਬ ਦੇ ਇਤਿਹਾਸ ਵਿਚ ਆਪਣੀ ਵੱਖਰੀ ਅਤੇ ਨਿਵੇਕਲੀ ਥਾਂ ਰੱਖਦਾ ਹੈ। ਇਹ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਮਰਹੂਮ ਗਿਆਨੀ ਸਾਧੂ ਸਿੰਘ ਭੌਰਾ ਦਾ ਪਿੰਡ ਹੈ। ਮਰਹੂਮ ਢਾਡੀ ਅਵਤਾਰ ਸਿੰਘ ਭੌਰਾ ਵੀ ਇਸੇ ਪਿੰਡ ਦੇ ਸਰਪੰਚ ਤੇ ਪੰਥ ਦੇ ਨਾਮੀ ਢਾਡੀ ਰਹੇ। ਜਲੰਧਰ ਦੇ ਅਕਾਲ ਆਈ ਹਸਪਤਾਲ ਦੇ ਮੁਖੀ ਡਾ. ਬਲਬੀਰ ਸਿੰਘ ਭੌਰਾ ਅਤੇ ਰਾਜਨੀਤੀ ਵਿਚ ਸਰਗਰਮ ਆਮ ਆਦਮੀ ਪਾਰਟੀ ਦੇ ਡਾ. ਬਲਬੀਰ ਸਿੰਘ ਵੀ ਇਸੇ ਪਿੰਡ ਦਾ ਮਾਣ ਹਨ। ਇੱਥੋਂ ਦਾ ਜੰਮਪਲ ਨੌਜਵਾਨ ਕੁਲਵੀਰ ਸਿੰਘ ਭੌਰਾ ਉਲੰਪਿਕ 'ਚ ਇੰਗਲੈਂਡ ਦੀ ਹਾਕੀ ਟੀਮ ਦਾ ਮੁੱਖ ਮੈਂਬਰ ਰਿਹਾ। ਪੰਜਾਬ ਦੇ ਸਾਹਿਤਕ ਅਤੇ ਕੌਮਾਂਤਰੀ ਪੰਜਾਬੀ ਸੱਭਿਆਚਾਰ ਖੇਤਰ ਵਿਚ ਪੱਤਰਕਾਰ ਤੇ ਲੇਖਕ ਐੱਸ. ਅਸ਼ੋਕ ਭੌਰਾ ਵੀ ਇਸੇ ਪਿੰਡ ਦੀ ਆਬੋ ਹਵਾ ਵਿਚ ਆਪਣਾ ਕੱਦ ਵੱਡਾ ਕਰਨ ਵਿਚ ਸਫਲ ਰਹੇ ਹਨ। ਕੈਨੇਡਾ ਦੇ ਰੀਅਲ ਅਸਟੇਟ ਕਾਰੋਬਾਰ ਵਿਚ ਇੱਥੋਂ ਦਾ ਗੁਰਚਰਨ ਸਿੰਘ ਭੌਰਾ ਵੀ ਉੱਤਰੀ ਅਮਰੀਕਾ ਦੀ ਇਕ ਨਾਮੀ ਸ਼ਖ਼ਸ਼ੀਅਤ ਹੈ।

## ਇੰਗਲੈਂਡ ਤੋਂ ਭਾਰਤ ਪਰਤੇ ਕਬੱਡੀ ਖਿਡਾਰੀ ਦਾ ਕਤਲ

**ਮੋਗਾ/ਬਿਊਰੋ ਨਿਊਜ਼ :** ਇੰਗਲੈਂਡ ਤੋਂ ਭਾਰਤ ਆਏ ਕਬੱਡੀ ਖਿਡਾਰੀ ਦਾ ਕਤਲ ਕਰ ਦਿੱਤਾ ਗਿਆ ਹੈ। ਅਣਪਛਾਤੇ ਹਮਲਾਵਰਾਂ ਨੇ ਕਤਲ ਕਰਨ ਤੋਂ ਬਾਅਦ ਖਿਡਾਰੀ ਦੀ ਲਾਸ਼ ਖੇਤਾਂ ਵਿਚ ਸੁੱਟ ਦਿੱਤੀ। ਮ੍ਰਿਤਕ ਦੀ ਪਛਾਣ ਤਰਸੇਮ ਸਿੰਘ (50 ਸਾਲ) ਵਾਸੀ ਘੱਲ ਕਲਾਂ ਵਜੋਂ ਹੋਈ ਹੈ। ਪੁਲਿਸ ਨੂੰ ਮ੍ਰਿਤਕ ਤਰਸੇਮ ਸਿੰਘ ਦੇ ਗਲੇ ਵਿਚ ਪਲਾਸਟਿਕ ਦੀ ਰੱਸੀ ਮਿਲੀ ਹੈ। ਪੁਲਿਸ ਦਾ ਦਾਅਵਾ ਹੈ ਕਿ ਖਿਡਾਰੀ ਨੂੰ ਗਲਾ ਘੁੱਟ ਕੇ ਮਾਰਿਆ ਗਿਆ ਹੈ। ਫਿਲਹਾਲ ਪੁਲਿਸ ਨੇ ਕਤਲ ਦਾ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉੱਧਰ ਤਰਸੇਮ ਸਿੰਘ ਦੇ ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਮ੍ਰਿਤਕ 20 ਸਾਲ ਤੋਂ ਆਪਣੀ ਪਤਨੀ ਨਾਲ ਇੰਗਲੈਂਡ ਵਿਚ ਰਿਹਾ ਸੀ ਅਤੇ ਤਿੰਨ ਮਹੀਨੇ ਹੀ ਪਹਿਲਾਂ ਇੰਗਲੈਂਡ ਤੋਂ ਡਿਪੋਰਟ ਹੋ ਕੇ ਭਾਰਤ ਆਇਆ ਸੀ। ਉਨ੍ਹਾਂ ਦੱਸਿਆ ਕਿ ਉਹ ਕਬੱਡੀ ਦਾ ਬਹੁਤ ਵਧੀਆ ਖਿਡਾਰੀ ਸੀ। ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸਿੰਘਾਵਾਲਾ ਪਿੰਡ ਤੋਂ ਸੇਮ ਨਾਲੇ ਕੋਲ ਇਕ ਖੇਤ ਵਿਚ ਪਈ ਲਾਸ਼ ਬਾਰੇ ਸੂਚਨਾ ਮਿਲੀ ਸੀ। ਇਸ ਪਿੱਛੋਂ ਪੁਲਿਸ ਪਾਰਟੀ ਨੇ ਤੁਰੰਤ ਮੌਕੇ ਉੱਤੇ ਜਾ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ। ਪੁਲਿਸ ਮਾਮਲੇ ਦੀ ਜਾਂਚ ਵਿਚ ਜੁਟੀ ਹੈ।

## ਬੀਰਦਵਿੰਦਰ ਸਿੰਘ ਤੇ ਜਨਰਲ ਜੇਜੇ ਸਿੰਘ ਅਕਾਲੀ ਦਲ ਟਕਸਾਲੀ 'ਚ ਸ਼ਾਮਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਤੇ ਸਾਬਕਾ ਵਿਧਾਇਕ ਬੀਰ ਦੇਵਿੰਦਰ ਸਿੰਘ ਅਤੇ ਸਾਬਕਾ ਫ਼ੌਜ ਮੁਖੀ ਜਨਰਲ (ਸੇਵਾਮੁਕਤ) ਜੇਜੇ ਸਿੰਘ ਰਸਮੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋ ਗਏ। ਇਹ ਦੋਵੇਂ ਸਿਆਸੀ ਸ਼ਖ਼ਸੀਅਤਾਂ ਵੱਖ-ਵੱਖ ਤੌਰ ਉਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋਈਆਂ। ਜਲੰਧਰ ਦੇ ਪ੍ਰੈੱਸ ਕਲੱਬ ਵਿਚ ਸ੍ਰੀ ਬੀਰ ਦੇਵਿੰਦਰ ਸਿੰਘ ਦਾ ਸੁਆਗਤ ਕਰਨ ਲਈ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਮੌਜੂਦ ਸਨ।ਸ੍ਰੀ ਬੀਰ ਦੇਵਿੰਦਰ ਸਿੰਘ ਬਾਰੇ ਮਸ਼ਹੂਰ ਹੈ ਕਿ ਜੋ ਉਨ੍ਹਾਂ ਦੇ ਦਿਲ ਵਿੱਚ ਹੈ, ਉਹੀ ਉਨ੍ਹਾਂ ਦੀ ਜ਼ੁਬਾਨ 'ਤੇ ਵੀ ਹੁੰਦਾ ਹੈ। ਇਸੇ ਲਈ ਬਹੁਤ ਸਾਰੇ ਆਗੂਆਂ ਨੂੰ ਉਹ ਚੰਗੇ ਨਹੀਂ ਲਗਦੇ। ਸ਼ਾਇਦ ਇਸੇ ਕਰਕੇ ਉਨ੍ਹਾਂ ਦੀ ਕੈਪਟਨ ਅਮਰਿੰਦਰ ਸਿੰਘ ਨਾਲ ਕਦੇ ਨਹੀਂ ਬਣੀ ਤੇ ਉਨ੍ਹਾਂ ਨੂੰ ਕਾਂਗਰਸ ਪਾਰਟੀ ਨੂੰ ਅਲਵਿਦਾ ਆਖਣਾ ਪਿਆ।

ਉਨ੍ਹਾਂ ਨੇ ਸੰਨ 1967 'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਦਾ ਅਹੁਦਾ ਸੰਭਾਲਣ ਦੇ ਨਾਲ ਸਿਆਸਤ ਵਿਚ ਪੈਰ ਧਰਿਆ ਸੀ। ਉਹ ਸੰਨ 1980 ਵਿਚ ਸਰਹਿੰਦ ਤੇ ਸੰਨ 2002 ਵਿਚ ਖਰੜ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੀ ਸਿਆਸਤ ਵਿਚ ਇਸ ਵੇਲੇ ਖ਼ਲਾਅ ਹੈ, ਜਿਸ ਨੂੰ ਪੂਰਨ ਲਈ ਉਹ ਟਕਸਾਲੀ ਦਲ ਵਿਚ ਸ਼ਾਮਲ ਹੋਏ ਹਨ। ਸੂਤਰਾਂ ਅਨੁਸਾਰ ਸ੍ਰੀ ਬੀਰ ਦਵਿੰਦਰ ਸਿੰਘ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਉਮੀਦਵਾਰ ਵੀ ਹੋ ਸਕਦੇ ਹਨ।

ਸਾਬਕਾ ਫ਼ੌਜ ਮੁਖੀ ਜਨਰਲ (ਸੇਵਾਮੁਕਤ) ਜੇਜੇ ਸਿੰਘ ਵੀ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੇ ਪਿਛਲੇ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਅਲਵਿਦਾ ਕਹਿ ਦਿੱਤੀ ਸੀ। ਇਹ ਵੀ ਚਰਚਾ ਹੈ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਫ਼ਿਰੋਜ਼ਪੁਰ ਹਲਕੇ ਤੋਂ ਆਪਣੀ ਕਿਸਮਤ ਅਜ਼ਮਾਉਣਗੇ।

ਯਾਦ ਰਹੇ ਕਿ ਜੇਜੇ ਸਿੰਘ ਨੇ ਸੰਨ 2017 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਪਟਿਆਲਾ ਤੋਂ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ ਚੋਣ ਲੜੀ ਸੀ ਪਰ ਉਹ ਵੱਡੇ ਫ਼ਰਕ ਨਾਲ ਹਾਰ ਗਏ ਸੀ। ਇਸ ਮਗਰੋਂ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਪੰਜਾਬ ਡੈਮੋਕ੍ਰੇਟਿਕ ਫਰੰਟ ਵਿਚ ਸਰਗਰਮ ਹੋ ਗਏ ਸਨ। ਉਨ੍ਹਾਂ ਨੇ ਸਹਿਯੋਗੀ ਪਾਰਟੀਆਂ ਕੋਲ ਫ਼ਿਰੋਜ਼ਪੁਰ ਹਲਕੇ ਤੋਂ ਚੋਣ ਲੜਨ ਦੀ ਇੱਛਾ ਵੀ ਜ਼ਾਹਰ ਕੀਤੀ ਸੀ ਪਰ ਹੁਣ ਉਹ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋ ਗਏ। ਜੇਜੇ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਪਿਤਾ ਫ਼ਿਰੋਜ਼ਪੁਰ ਵਿਚ ਲੰਮਾਂ ਸਮਾਂ ਤਾਇਨਾਤ ਰਹਿ ਚੁੱਕੇ ਹਨ ਤੇ ਉਹ ਖ਼ੁਦ ਵੀ ਪਠਾਨਕੋਟ ਤੋਂ ਫ਼ਿਰੋਜ਼ਪੁਰ ਤਕ ਦੇਸ਼ ਦੀ ਕੌਮਾਂਤਰੀ ਸਰਹੱਦ ਦੀ ਰਾਖੀ ਕਰ ਚੁੱਕੇ ਹਨ।ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਵਿਚ ਸ਼ਾਮਲ ਕੀਤਾ।

## ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ, ਹੁਣ ਤਕ 30 ਮੌਤਾਂ

ਚੁੱਕੀਆਂ ਹਨ। ਸਵਾਈਨ ਫਲੂ ਦੇ ਫੈਲਣ ਕਰਕੇ ਸਿਹਤ ਮੰਤਰਾਲੇ ਨੇ ਸੂਬਿਆਂ ਨੂੰ ਕਿਹਾ ਹੈ ਕਿ ਉਹ ਰੋਗ ਦੀ ਛੇਤੀ ਪਛਾਣ ਦੇ ਪ੍ਰਬੰਧ ਕਰਕੇ ਉਸ ਦਾ ਇਲਾਜ ਕਰਨ ਅਤੇ ਹਸਪਤਾਲਾਂ 'ਚ ਬਿਸਤਰਿਆਂ ਦੀ ਤੋਟ ਨਾ ਆਵੇ। ਅਧਿਕਾਰੀ ਨੇ ਕਿਹਾ ਕਿ ਸੂਬਿਆਂ ਨੇ ਦਵਾਈਆਂ ਅਤੇ ਟੈਸਟ ਸਬੰਧੀ ਕਿੱਟਾਂ ਦੀ ਕੋਈ ਮੰਗ ਨਹੀਂ ਕੀਤੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੇਸ਼ 'ਚ ਸਵਾਈਨ ਫਲੂ ਦੇ 14992 ਕੇਸ ਸਾਹਮਣੇ ਆਏ ਸਨ ਅਤੇ 1103 ਵਿਅਕਤੀਆਂ ਦੀ ਜਾਨ ਗਈ ਸੀ।

### ਏਜੰਸੀਆਂ ਦੇ ਜਾਲ ਵਿਚ ਫਸੇ 129 ਭਾਰਤੀ ਪਾੜ੍ਹੇ

ਵਾਲਾ ਇਕ ਜਾਅਲੀ ਫੇਸਬੁੱਕ ਪੇਜ ਵੀ ਬਣਾਇਆ ਗਿਆ ਸੀ। ਜਾਰੀ ਕੀਤੇ ਗਏ ਅਦਾਲਤੀ ਦਸਤਾਵੇਜ਼ਾਂ ਤੋਂ ਇਹ ਗੱਲ ਸਾਫ਼ ਹੋਈ ਕਿ ਯੂਨੀਵਰਸਿਟੀ ਆਫ਼ ਫਾਰਮਿਗਟਨ ਦੇ ਮੁਲਾਜ਼ਮ ਅਸਲ ਵਿਚ ਇਮੀਗਰੇਸ਼ਨ ਤੇ ਕਸਟਮ ਵਿਭਾਗ ਦੇ ਅੰਡਰ ਕਵਰ ਏਜੰਟ ਹਨ। ਇਸ ਯੂਨੀਵਰਸਿਟੀ ਦਾ "ਕੈਂਪਸ" ਡਿਟਰੋਇਟ ਦੇ ਅਰਧ ਸ਼ਹਿਰੀ ਇਲਾਕੇ ਦੇ ਇਕ ਬਿਜ਼ਨਸ ਪਾਰਕ ਵਿਚ ਬਣਾਇਆ ਗਿਆ ਸੀ।

ਵਿਦਿਆਰਥੀਆਂ ਨੂੰ ਸਕੀਮ ਦੇ ਗੈਰਕਾਨੂੰਨੀ ਹੋਣ ਦੀ ਜਾਣਕਾਰੀ ਹੋਣ ਤਾ ਦਾਅਵਾ : ਫਰਜ਼ੀ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਦੋਸ਼ ਹੇਠ ਫੜੇ ਗਏ 129 ਭਾਰਤੀਆਂ ਸਮੇਤ ਕੁੱਲ 130 ਵਿਦੇਸ਼ੀ ਵਿਦਿਆਰਥੀ ਇਸ ਗੱਲ ਤੋਂ ਜਾਣੂ ਸਨ ਕਿ ਉਹ ਅਮਰੀਕਾ ਵਿਚ ਗੈਰਕਾਨੂੰਨੀ ਢੰਗ ਨਾਲ ਰਹਿਣ ਲਈ ਅਪਰਾਧ ਕਰ ਰਹੇ ਹਨ। ਇਹ ਜਾਣਕਾਰੀ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਦਿੱਤੀ ਹੈ। ਵਿਭਾਗ ਦੇ ਇੱਕ ਬੁਲਾਰੇ ਨੇ ਦੱਸਿਆ,'ਸਾਰੇ ਵਿਦਿਆਰਥੀਆਂ ਨੂੰ ਪਤਾ ਸੀ ਕਿ ਯੂਨੀਵਰਸਿਟੀ ਆਫ ਫਾਰਮਿਗਟਨ ਕੋਲ ਕੋਈ ਵੀ ਅਧਿਆਪਕ ਨਹੀਂ ਹੈ ਜਾਂ ਇੱਥੇ ਕਲਾਸਾਂ ਦਾ ਕੋਈ ਪ੍ਰਬੰਧ ਨਹੀਂ ਹੈ। ਉਹ ਇਸ ਗੱਲ ਤੋਂ ਜਾਣੂ ਸਨ ਕਿ ਉਹ ਅਮਰੀਕਾ ਵਿਚ ਗੈਰਕਾਨੂੰਨੀ ਢੰਗ ਨਾਲ ਰਹਿਣ ਲਈ ਅਪਰਾਧ ਕਰ ਰਹੇ ਹਨ।' ਈਸਟਰਨ ਡਿਸਟਰਿਕਟ ਆਫ਼ ਮਿਸ਼ੀਗਨ ਦੀਆਂ ਜ਼ਿਲ੍ਹਾ ਕਚਹਿਰੀਆਂ ਵਿਚ ਸਰਕਾਰੀ ਧਿਰ ਨੇ ਵੀ ਦਾਅਵਾ ਕੀਤਾ ਕਿ ਵਿਦਿਆਰਥੀਆਂ ਨੂੰ ਸਕੀਮ ਦੇ ਗੈਰਕਾਨੂੰਨੀ ਹੋਣ ਦੀ ਜਾਣਕਾਰੀ ਸੀ। ਸਰਕਾਰੀ ਪੱਖ ਦਾ ਇਹ ਵੀ ਕਹਿਣਾ ਸੀ ਕਿ ਇਸ ਜਾਅਲੀ ਯੂਨੀਵਰਸਿਟੀ ਦੀ ਸਕੀਮ ਦੀ ਵਰਤੋਂ ਪੈਸੇ ਦੇ ਕੇ ਅਮਰੀਕਾ ਵਿਚ ਰਹਿਣ ਲਈ ਕੀਤੀ ਗਈ ਸੀ। ਇਸ ਤਰੀਕੇ ਨਾਲ ਲੋਕਾਂ ਨੂੰ ਅਮਰੀਕਾ ਵਿਚ ਕਾਨੂੰਨੀ ਤਰੀਕੇ ਨਾਲ ਲਿਆਂਦਾ ਜਾਂਦਾ ਹੈ ਅਤੇ ਫਿਰ ਕੰਮ ਉਤੇ ਲਗਾ ਕੇ ਇੱਥੇ ਹੀ ਰੱਖ ਲਿਆ ਜਾਂਦਾ ਹੈ।

ਡਿਟਰੋਇਟ ਦੀ ਫਰੀ ਪ੍ਰੈਸ ਅਖ਼ਬਾਰ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ 130 ਵਿਦਿਆਰਥੀਆਂ ਵਿਚੋਂ 129 ਭਾਰਤੀ ਹਨ। ਇਨ੍ਹਾਂ ਵਿਦਿਆਰਥੀਆਂ 'ਤੇ ਸਿਵਲ ਇਮੀਗਰੇਸ਼ਨ ਦੇ ਇਲਜ਼ਾਮ ਲਾਏ ਗਏ। ਜੇਕਰ ਇਹ ਵਿਦਿਆਰਥੀਆਂ ਖ਼ਿਲਾਫ਼ ਲਾਏ ਇਲਜ਼ਾਮ ਸਾਬਤ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਭਾਰਤ ਵਾਪਸ ਭੇਜਿਆ ਜਾਵੇਗਾ। ਇਸ ਤੋਂ ਇਲਾਵਾ "ਮੁਨਾਫ਼ੇ ਦੇ ਮੰਤਵ ਨਾਲ ਅਤੇ ਵਿਦੇਸ਼ੀਆਂ ਨੂੰ ਪਨਾਹ ਦੇਣ" ਦਾ ਕੰਮ ਕਰਨ ਵਾਲੇ 8 ਵਿਅਕਤੀਆਂ ਖ਼ਿਲਾਫ਼ ਵੀ ਵੀਜ਼ਾ ਧੋਖਾਧੜੀ ਦੇ ਇਲਜ਼ਾਮ ਲਾਏ ਗਏ ਹਨ।

ਅਮਰੀਕੀ ਮੁਹਿੰਮ ਦਾ ਮਕਸਦ : ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਦੀਆਂ ਇੰਮੀਗੇਰਸ਼ਨ ਏਜੰਸੀਆਂ ਕਾਫ਼ੀ ਸਖ਼ਤੀ ਵਰਤ ਰਹੀਆਂ ਹਨ। ਇਸੇ ਤਰ੍ਹਾਂ ਸੰਨ 2016 ਵਿਚ ਰਾਸ਼ਟਰਪਤੀ ਓਬਾਮਾ ਦੇ ਕਾਰਜਕਾਲ ਵਿਚ ਇੰਮੀਗਰੇਸ਼ਨ ਵਿਭਾਗ ਨੇ ਨਾਰਦਨ ਨਿਊਯਰਸੀ ਵਿੱਚ ਇਕ ਜਾਅਲੀ ਯੂਨੀਵਰਸਿਟੀ ਬਣਾ ਕੇ 21 ਜਣੇ ਗ੍ਰਿਫ਼ਤਾਰ ਕੀਤੇ ਸਨ। ਫੜੇ ਗਏ ਵਿਦਿਆਰਥੀਆਂ ਵਿੱਚੋਂ ਬਹੁਤਿਆਂ ਦਾ ਸਬੰਧ ਚੀਨ ਅਤੇ ਭਾਰਤ ਨਾਲ ਸੀ। ਪਿਛਲੇ ਦੋ ਸਾਲਾਂ ਵਿਚ ਟਰੰਪ ਪ੍ਰਸਾਸ਼ਨ ਨੇ ਬਿਨਾ ਕਾਗਜ਼ਾਂ ਤੋਂ ਅਮਰੀਕਾ ਵਿਚ ਰਹਿ ਰਹੇ ਤੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਰਹਿ ਰਹੇ ਪਰਵਾਸੀਆਂ ਖ਼ਿਲਾਫ਼ ਸ਼ਿਕੰਜਾ ਕਸਿਆ ਹੋਇਆ ਹੈ। ਇਸ ਮੁਹਿੰਮ ਤਹਿਤ ਕੰਮਕਾਜ ਵਾਲੀਆਂ ਥਾਵਾਂ ਉੱਤੇ ਛਾਪੇਮਾਰੀ ਕਰਕੇ ਸੈਂਕੜੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਜਾ ਚੁੱਕਾ ਹੈ। ਆਈਸੀਈ ਏਜੰਟਾਂ ਨੇ ਓਹਾਈਓ ਵਿਚ ਮੀਟ ਸਪਲਾਈ ਕਰਨ ਵਾਲਿਆਂ ਕੋਲੋਂ 146 ਅਤੇ ਟੈਕਸਾਸ ਵਿਚ 150 ਵਿਅਕਤੀ ਇਕ ਟਰੇਲਰ ਬਣਾਉਣ ਵਾਲੀ ਫਰਮ ਤੋਂ ਹਿਰਾਸਤ ਵਿਚ ਲਏ ਸਨ।

ਭਾਰਤ ਸਫਾਰਤਖਾਨੇ ਵੱਲੋਂ ਹੈਲਪਲਾਇਨ ਜਾਰੀ : ਵਿਦੇਸ਼ ਮੰਤਰਾਲੇ ਨੇ ਵਿਦਿਆਰਥੀਆਂ ਦੇ ਫਿਕਰਮੰਦ ਸਬੰਧੀਆਂ ਲਈ ਵਾਸ਼ਿੰਗਟਨ ਵਿਚਲੇ ਭਾਰਤੀ ਸਫ਼ਾਰਤਖ਼ਾਨੇ ਦਾ ਇਕ ਹੈਲਪ-ਲਾਈਨ ਨੰਬਰ ਜਾਰੀ ਕੀਤਾ ਹੈ। ਹੈਲਪ-ਲਾਈਨ ਨੰਬਰ +1-202-322-1190 ਅਤੇ +1-202-340-2590 ਹੈ। ਭਾਰਤ ਨੇ ਇਸ ਮਾਮਲੇ ਵਿਚ ਤਿੱਖਾ ਕੂਟਨੀਤਿਕ ਪ੍ਰਤੀਕਰਮ ਕੀਤਾ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਨੂੰ ਦਾਖਲਾ ਦੇ ਨਾਂ 'ਤੇ ਧੋਖੇ ਨਾਲ ਫਸਾਇਆ ਗਿਆ ਹੋ ਸਕਦਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਭਾਰਤੀ ਵਿਦਿਆਰਥੀਆਂ ਨਾਲ ਪੰਜੀਕਰਣ ਦੇ ਨਾਂ 'ਤੇ ਠੱਗੀ ਹੋਈ ਹੈ ਅਤੇ ਇਸ ਮਾਮਲੇ ਨੂੰ ਇਸੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ, "ਅਸੀਂ ਅਮਰੀਕਾ ਨੂੰ ਕਿਹਾ ਹੈ ਕਿ ਮਾਮਲੇ ਦੀ ਪੂਰੀ ਜਾਣਕਾਰੀ ਸਾਂਝੀ ਕੀਤੀ ਜਾਵੇ। ਸਾਨੂੰ ਲਗਾਤਾਰ ਇਸ ਮਾਮਲੇ ਬਾਰੇ ਦੱਸਿਆ ਜਾਵੇ। ਸਾਡੇ ਵਕੀਲਾਂ ਨੇ ਪੀੜਤਾਂ ਨਾਲ ਰਾਬਤਾ ਕੀਤਾ ਹੈ ਤਾਂ ਕਿ ਉਨ੍ਹਾਂ ਤਕ ਮਦਦ ਪਹੁੰਚਾਈ ਜਾ ਸਕੇ।"

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਟਵੀਟ ਕੀਤਾ ਹੈ ਕਿ ਹੁਣ ਤਕ 30 ਵਿਦਿਆਰਥੀਆਂ ਨੇ ਸਾਡੇ ਵਕੀਲਾਂ ਨਾਲ ਸੰਪਰਕ ਕੀਤਾ ਹੈ। ਸਾਡੀ ਕੋਸ਼ਿਸ਼ ਹੈ ਕਿ ਬਾਕੀਆਂ ਨਾਲ ਵੀ ਸੰਪਰਕ ਹੋ ਸਕੇ। ਭਾਰਤੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਉਸ ਵੱਲੋਂ ਇਸ ਮਾਮਲੇ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਦਿੱਲੀ ਵਿਚਲੀ ਅਮਰੀਕੀ ਅੰਬੈਸੀ ਨੇ ਭਾਰਤੀ ਵਿਦੇਸ਼ ਮੰਤਰਾਲੇ ਦਾ ਪੱਤਰ ਮਿਲਣ ਦੀ ਪੁਸ਼ਟੀ ਤਾਂ ਕੀਤੀ ਹੈ ਪਰ ਇਸ ਮਾਮਲੇ ਤੇ ਕੋਈ ਹੋਰ ਟਿੱਪਣੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਹੈ।

### ਸਿੱਖ ਬੱਚੀਆਂ ਦੇ ਸ਼ੋਸ਼ਣ ਨੂੰ ਠੱਲ੍ਹ ਪਾਉਣ ਲਈ ਸਮਾਰਟ ਸੈਂਟਰ ਕੀਤਾ ਸ਼ੁਰੂ

ਸਫਿਆਂ ਦੀ ਇਸ ਰਿਪੋਰਟ ਵਿੱਚ 1961 ਤੋਂ ਲੈ ਕੇ 2018 ਤੱਕ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਸੀ। ਸੰਸਦ ਮੈਂਬਰ ਸਰਾ ਚੈਂਪੀਅਨ ਨੇ ਇਸ ਰਿਪੋਰਟ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਨਿਰਪੱਖ ਜਾਂਚ ਕਰਵਾਉਣ ਦੀ ਅਵਾਜ਼ ਬੁਲੰਦ ਕੀਤੀ ਹੈ। ਸਿੱਖ ਯੂਥ ਯੂਕੇ ਵਲੋਂ ਸਥਾਪਤ ਕੀਤੇ ਸਮਾਰਟ ਸੈਂਟਰ ਦਾ ਸਾਥ ਦੇਣ ਲਈ ਸਿੱਖ ਸੰਗਤਾਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਗਈ ਤਾਂ ਕਿ ਪੀੜਤ ਬੱਚੀਆਂ ਦਾ ਬਚਾਅ ਕੀਤਾ ਜਾ ਸਕੇ ਅਤੇ ਭਵਿੱਖ ਵਿੱਚ ਵਾਪਰਨ ਵਾਲੀਆਂ ਸੰਭਾਵੀ ਘਟਨਾਵਾਂ ਦੀ ਅਗਾਊਂ ਰੋਕਥਾਮ ਕੀਤੀ ਜਾ ਸਕੇ। ਇਸ ਵਕਤ ਯੂਕੇ ਭਰ ਦੇ ਸਿੱਖ ਮਾਪਿਆਂ ਨੂੰ ਵੀ ਭਾਵਪੂਰਤ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ ਆਪਣੇ ਬੱਚਿਆਂ ਨੂੰ ਆਪਣੇ ਧਰਮ, ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣ ਅਤੇ ਉਹਨਾਂ ਵਿੱਚ ਆਪਣੇ ਧਰਮ ਪ੍ਰਤੀ ਇਸ ਕਦਰ ਦ੍ਰਿੜਤਾ ਅਤੇ ਪ੍ਰਪੱਕਤਾ ਭਰਨ ਦੀਆਂ ਕੋਸ਼ਿਸ਼ਾਂ ਕਰਨ ਕਿ ਉਹਨਾਂ ਦੇ ਬੱਚੇ ਹਰ ਹਾਲਾਤ ਦਾ ਟਾਕਰਾ ਕਰਨ ਦੇ ਸਮਰੱਥ ਹੋ ਸਕਣ, ਤਾਂ ਕੋਈ ਵੀ ਵਿਅਕਤੀ ਉਹਨਾਂ ਨੂੰ ਵਰਗਲਾ ਨਾ ਸਕੇ।

### ਪੰਜਾਬ ਚੋਂ ਪੜ੍ਹਾਈ ਓਹਲੇ ਹਿਜ਼ਰਤ

ਮੁਖੀ ਨੀਤੀ ਸਾਹਮਣੇ ਨਹੀਂ ਆ ਸਕੀ। ਉਪਰੋਂ ਸੰਕਟਗ੍ਰਸਤ ਖੇਤੀ ਆਰਥਿਕਤਾ, ਸਨਅਤੀ ਖੇਤਰ ਵਿਚ ਵਿਕਾਸ ਦੀ ਖੜੋਤ, ਰੁਜ਼ਗਾਰ ਦੇ ਵਧੀਆ ਮੌਕਿਆਂ ਦਾ ਸੁੰਗੜਦੇ ਜਾਣਾ, ਵਿਆਪਕ ਬੇਰੁਜ਼ਗਾਰੀ ਅੱਜ ਦੇ ਪੰਜਾਬ ਦੇ ਸਮਾਜ ਦਾ ਉਘੜਵਾਂ ਲੱਛਣ ਹੈ। ਘੋਰ ਨਿਰਾਸ਼ਾ ਵਾਲੀ ਅਜਿਹੀ ਹਾਲਤ ਵਿਚੋਂ ਨੌਜਵਾਨ ਨਸ਼ਿਆਂ ਵੱਲ ਜਾਂ ਆਤਮਹੱਤਿਆ ਵੱਲ ਨੂੰ ਵਧਦੇ ਜਾ ਰਹੇ ਹਨ। ਰੋਜ਼ਾਨਾ ਅਖਬਾਰਾਂ ਦੀਆਂ ਸੁਰਖੀਆਂ ਇਸ ਦਾ ਗਵਾਹ ਹਨ।

ਇਸ ਪੁਸਤਕ ਵਿਚ ਅਜਿਹੀ ਨਿਰਾਸ਼ਾਜਨਕ ਹਾਲਤ 'ਚ ਇੱਕ ਅਹਿਮ ਨੁਕਤੇ ਨੂੰ ਵੀ ਨੋਟ ਕੀਤਾ ਗਿਆ ਹੈ ਕਿ ਇਥੇ ਜਸ਼ਨਾਂ ਦਾ ਸੱਭਿਆਚਾਰ ਵਧ-ਫੁਲ ਰਿਹਾ ਹੈ। ਵਿਕਾਊ ਮੀਡੀਏ ਰਾਹੀਂ ਖਪਤਕਾਰ ਵਸਤੂਆਂ ਵਾਂਗ ਪਰੋਸੇ ਜਾ ਰਹੇ ਪੰਜਾਬੀ ਲੋਕ ਸੱਭਿਆਚਾਰ ਦੀ ਮੁੱਖਧਾਰਾ 'ਚ ਪੰਜਾਬੀਆਂ ਦੀ ਆਨ ਸ਼ਾਨ ਨੂੰ ਇੱਕ ਹੋਰ ਵੱਖਰੇ ਹੀ ਅੰਦਾਜ਼ ਵਿੱਚ ਪੇਸ਼ ਕੀਤਾ ਜਾ ਰਿਹਾ ਹੈ - ਜਿਸ ਚੋਂ ਇਓਂ ਪ੍ਰਭਾਵ ਮਿਲਦਾ ਹੈ ਕਿ ਜਿਵੇਂ ਪੰਜਾਬ ਵਿਚ ਤਾਂ ਕੋਈ ਸੰਕਟ ਹੈ ਹੀ ਨਹੀਂ ਹੈ। ਸਾਰਾ ਪੰਜਾਬ ਹਮੇਸ਼ਾਂ ਨੱਚਦਾ ਗਾਉਂਦਾ ਹੀ ਰਹਿੰਦਾ ਹੈ। ਓਪਰੀ ਖ਼ੁਸ਼ਹਾਲੀ ਦਾ ਗੁਣਗਾਣ, ਹਥਿਆਰਾਂ ਅਤੇ ਨਸ਼ਿਆਂ ਦੀ ਮਹਿਮਾ, ਵੱਡੀਆਂ ਮਹਿੰਗੀਆਂ ਚਮਚਮਾਉਂਦੀਆਂ ਕਾਰਾਂ, ਬਰਾਂਡਡ ਕੱਪੜੇ, ਜੁੱਤੇ, ਐਨਕਾਂ ਤੇ ਪਹਿਨਣ-ਪਚਰਣ ਦਾ ਹੋਰ ਲਗਾਤਾਰ ਇਕੱਠਾ ਕਰਨ ਵੱਲ ਨੂੰ ਉਲਾਰ ਹੋਣਾ ਇਕ ਅਜਿਹੀ ਮਨੋਸਥਿਤੀ ਵੱਲ ਨੂੰ ਇਸ਼ਾਰਾ ਕਰਦਾ ਹੈ ਜਿਸ ਨੂੰ ਫਰੈਂਕਫਰਟ ਸਕੂਲ ਆਫ਼ ਕਰਿਟੀਕਲ ਸਟੱਡੀਜ਼ ਦੇ ਅਮਰੀਕੀ-ਜਰਮਨ ਫ਼ਿਲਾਸਫ਼ਰ ਹਰਬਰਟ ਮਰਕਿਊਜ਼ ਨੇ ਇਕ ਓਪਰੀ ਅਤੇ ਝੂਠੀ ਮਨੋਸਥਿਤੀ ਦਾ ਨਾਂ ਦਿੱਤਾ ਸੀ। ਇਸ ਵਿਚ ਮਨੁੱਖ ਖਪਤ ਅਤੇ ਵਸਤਾਂ 'ਚੋਂ ਹੀ ਜਸ਼ਨ ਮਾਣਦਾ ਦਿਖਾਈ ਦਿੰਦਾ ਹੈ। ਅਜਿਹੀ ਮਾਨਸਿਕਤਾ ਵਾਲੇ ਨੌਜਵਾਨ ਆਪਣੇ ਜ਼ਿੰਦਗੀ ਜਿਊਣ ਦੇ ਮਕਸਦ ਬਾਰੇ ਵੀ ਪੂਰਨ ਰੂਪ ਵਿੱਚ ਜਾਗਰੂਕ ਨਹੀ. ਹੁੰਦੇ ਤੇ ਨਾ ਹੀ ਆਪਣੇ ਕੈਰੀਅਰ ਬਾਰੇ। ਜਦੋਂ ਵੀ ਉਹਨਾਂ ਨੂੰ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦੀ ਲਾਈਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹੀ ਜਵਾਬ ਮਿਲਦਾ ਹੈ ਕਿ -ਜਿਸ ਮਰਜ਼ੀ ਲਾਈਨ ਵਿਚ ਦਾਖਲਾ ਮਿਲ ਜਾਵੇ ਜਾਣਾ ਤਾਂ ਆਪਾਂ ਕਨੇਡਾ-ਅਮਰੀਕਾ ਸੈਟਲ ਹੋਣ ਵਾਸਤੇ ਹੀ ਹੈ।

ਵਿਦਵਾਨ ਲੇਖਕਾਂ ਨੇ ਬਠਿੰਡੇ ਸ਼ਹਿਰ ਦੀਆਂ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਦੇਣ ਵਾਲੀਆਂ ਵੱਖ ਵੱਖ ਸੰਸਥਾਵਾਂ ਦੇ 540 ਵਿਦਿਆਰਥੀਆਂ ਦਾ ਸਰਵੇਖਣ ਕੀਤਾ।

ਸਮਾਜਕ ਆਰਥਿਕ ਪੱਖੋਂ ਵਿਦਿਆਰਥੀਆਂ ਦਾ ਸਰਵੇਖਣ ਕਰਨ ਲਈ ਇਹਨਾਂ ਨੇ ਲਿੰਗ, ਰਿਹਾਇਸ਼ (ਪੇਂਡੂ/ਸ਼ਹਿਰੀ) , ਸਮਾਜਕ ਕੈਟੇਗਰੀ, ਸਕੂਲੀ ਵਿਦਿਆ ਦਾ ਪਿਛੋਕੜ, ਮਾਪਿਆਂ ਦਾ ਵਿਦਿਅਕ ਪਿਛੋਕੜ, ਪਰਿਵਾਰ ਦੀ ਆਰਥਕ ਹਾਲਤ, ਪਰਿਵਾਰ ਦੀ ਸਮਾਜਕ ਹੈਸੀਅਤ ਆਦਿ ਨੂੰ ਵਿਚਾਰ ਅਧੀਨ ਲਿਆਂਦਾ ਹੈ। ਇਹਨਾਂ ਸੁਆਲਾਂ ਦੇ ਨਾਲ ਹੀ ਮਾਈਗਰੇਸ਼ਨ ਕਰਕੇ ਪੜ੍ਹਾਈ ਦੇ ਵਿਸ਼ੇ, ਕਾਲਜ ਦੀ ਪੜ੍ਹਾਈ ਦਾ ਖਰਚਾ ਕੌਣ ਕਰੂ, ਪੜ੍ਹਾਈ ਦੇ ਨਾਲੋ-ਨਾਲ ਕੰਮ ਕਰਨ ਬਾਰੇ ਅਤੇ ਉੱਥੇ ਰਹਿਣ ਬਾਰੇ ਭਵਿੱਖ ਦੀਆਂ ਵਿਉਂਤਬੰਦੀਆਂ ਦੇ ਸਬੰਧ 'ਚ ਉਠਾਏ ਸੁਆਲਾਂ ਨੂੰ ਵੀ ਸੁਆਲਨਾਮੇ ਵਿਚ ਲਿਆ।

ਸਮਾਜਕ ਵਰਗਾਂ ਦੇ ਸੰਬੰਧ 'ਚ ਸਰਵੇ 'ਚ ਪਾਇਆ ਗਿਆ ਕਿ ਅੰਗਰੇਜ਼ੀ ਭਾਸ਼ਾ ਦੀਆਂ ਇਹਨਾਂ ਸੰਸਥਾਵਾਂ 'ਚ 90 ਫੀਸਦੀ ਵਿਦਿਆਰਥੀ ਜਰਨਲ ਕੈਟੇਗਰੀ ਨਾਲ ਸਬੰਧਿਤ ਹਨ ਅਤੇ ਪੱਛੜੀ ਜਾਤੀ ਦੇ 8 ਫੀਸਦੀ ਜਦ ਕਿ ਦਲਿਤ ਸ਼੍ਰੇਣੀ ਦੇ ਸਿਰਫ ਦੋ ਫੀਸਦੀ ਵਿਦਿਆਰਥੀ ਹੀ ਇਹਨਾਂ ਸੰਸਥਾਵਾਂ 'ਚ ਟਰੇਨਿੰਗ ਲੈ ਰਹੇ ਹਨ। ਇਸ 'ਚੋਂ. ਹੀ ਵਿਦੇਸ਼ ਜਾ ਕੇ ਪੜ੍ਹਾਈ 'ਤੇ ਹੋਣ ਵਾਲੇ ਖਰਚੇ ਨੂੰ ਝੱਲ ਸਕਣ ਦੀ ਸਮਰੱਥਾ ਦਾ ਅੰਦਾਜ਼ਾ ਲੱਗ ਜਾਂਦਾ ਹੈ ਕਿ ਜਾਇਦਾਦ ਵਿਹੂਣੀ ਜਮਾਤ ਐਨੀ ਮਹਿੰਗੀ ਵਿਦਿਆ ਦੀ ਪਰੋਖੋਂ ਝੱਲਣ ਤੋਂ ਅਸਮਰੱਥ ਹੈ। ਵਿਦਿਆ ਦਾ ਬੁਨਿਆਦੀ ਮਕਸਦ ਮਨੁੱਖੀ ਦਿਮਾਗਾਂ ਨੂੰ ਰੁਸ਼ਨਾਉਣਾ ਹੁੰਦਾ ਹੈ, ਉਹਨਾਂ ਦਿਮਾਗਾਂ ਨੂੰ ਹਰ ਵਰਤ-ਵਰਤਾਰੇ ਨੂੰ ਕਿਉਂ, ਕਿਵੇਂ ਦੇ ਨੁਕਤਾ ਨਜ਼ਰ ਤੋਂ ਪਰਖ ਪੜਤਾਲ ਕਰਨ ਦੇ ਕਾਬਲ ਬਣਾਉਣਾ ਹੁੰਦਾ ਹੈ। ਉਮੀਦ ਕਰਦੇ ਹਾਂ ਕਿ ਭਵਿੱਖ 'ਚ ਰੋਸ਼ਨ ਦਿਮਾਗ ਵਿਦਵਾਨ ਇਸ ਸੇਧ 'ਚ ਅੱਗੇ ਵਧ ਕੇ ਵਿਦਿਅਕ ਢਾਂਚੇ ਅੰਦਰ ਅਜਿਹੀਆਂ ਵਿਆਪਕ ਤਬਦੀਲੀਆਂ ਲਿਆਉਣ ਲਈ ਉਪਰਾਲੇ ਜੁਟਾਉਣਗੇ। ਤਦ ਹੀ ਸਾਡੀ ਵਿੱਦਿਆ ਸਹੀ ਮਾਅਨਿਆਂ 'ਚ ਸਾਰਥਕ ਰੂਪ 'ਚ ਸਹਾਈ ਹੋ ਸਕਦੀ ਹੈ।

## ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਵਿਰੁੱਧ ਪੁਲਿਸ ਚਲਾਨ ਪੇਸ਼

ਜ਼ਿਲ੍ਹਾ ਸੈਸ਼ਨ ਜੱਜ ਜੇਐਸ ਸਿੱਧੂ ਤੋਂ ਇਸ ਕੇਸ ਵਿਚ ਜ਼ਮਾਨਤ ਮਿਲ ਗਈ ਸੀ ਜਦ ਕਿ ਪਹਿਲਾਂ ਕਦੇ ਵੀ ਕੋਈ ਪੂਰਾ ਚਲਾਨ ਪੇਸ਼ ਨਹੀਂ ਸੀ ਕੀਤਾ ਗਿਆ।

ਅਸਲ ਵਿਚ, ਨਵੰਬਰ-1990 ਵਿਚ ਇਸ ਕੇਸ (ਜਿਸ ਵਿਚ ਆਪਣਾ ਮੁਕੱਦਮਾ ਵੱਖਰਾ ਕਰ ਲਿਆ ਸੀ) ਵਿਚ ਹਰਦੇਵ ਸਿੰਘ ਅਤੇ ਬਲਦੇਵ ਸਿੰਘ ਨੂੰ ਬਰੀ ਕਰ ਕੇ ਅਦਾਲਤ ਨੇ ਆਪਣੇ ਆਦੇਸ਼ਾਂ ਵਿਚ ਕਿਹਾ ਸੀ, ਕਿ ਇਸਤਗਾਸਾ ਪੱਖ ਮੁਤਾਬਕ ਡਾ. ਤ੍ਰੇਹਨ ਸੁਖਜਿੰਦਰ ਕੌਰ ਨੂੰ ਗਲੂਕੋਸ ਦੇ ਰਹੇ ਸਨ ਪਰ ਉਸ ਨੂੰ ਗਵਾਹੀ ਦੇਣ ਲਈ ਗਵਾਹ ਵਜੋਂ ਪੇਸ਼ ਕਰਨ ਦੀ ਗੱਲ ਨਹੀ ਕਹੀ ਗਈ ਸੀ ਕਿਉਂਕਿ ਜਦੋਂ ਡਾ. ਤ੍ਰੇਹਨ ਸੁਖਜਿੰਦਰ ਕੌਰ ਨੂੰ ਅਟੈਂਡ ਕਰ ਰਹੇ ਸਨ ਤਾਂ ਉਨ੍ਹਾਂ ਦੀ ਵੀ ਗਵਾਹੀ ਇਸ ਘਟਨਾ ਲਈ ਹੋਣੀ ਚਾਹੀਦੀ ਸੀ।

ਵਕੀਲ ਸ੍ਰੀ ਬੈਂਸ ਨੇ ਮੰਗ ਕੀਤੀ ਕਿ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਦੋ ਵਾਰ ਸੂਬਾਈ ਵਿਧਾਨ ਸਭਾ ਵਿਚ ਵਲਟੋਹਾ ਦੀ ਚੋਣ ਇਸ ਸੰਸਥਾ ਦੀ ਪਵਿੱਤਰਤਾ ਨੂੰ ਬਚਾਏ ਰੱਖਣ ਲਈ ਜ਼ੀਰੋ ਅਤੇ ਖਾਲੀ ਹੋਣੀ ਚਾਹੀਦੀ ਹੈ। ਵਕੀਲ ਬੈਂਸ ਨੇ ਇਹ ਵੀ ਮੰਗ ਕੀਤੀ ਕਿ ਵਲਟੋਹਾ ਖਿਲਾਫ ਦੋਸ਼ ਪੱਤਰ ਪੇਸ਼ ਨਾ ਕਰਨ ਲਈ ਹੋਈ ਗੜਬੜੀ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਖਿਲਾਫ ਵੀ ਕਾਰਵਾਈ ਕੀਤੀ ਜਾਵੇ।

### ਬਾਦਲਾਂ ਨੇ ਰੱਖੀ ਸੀ ਗੁਰਦੁਆਰਾ ਪ੍ਰਬੰਧ ਨੂੰ ਭ੍ਰਿਸ਼ਟ ਕਰਨ ਦੀ ਨੀਂਹ : ਕੁਲਵੰਤ ਸਿੰਘ ਰੰਧਾਵਾ

ਵਿਚੋਂ ਭਾਈ ਮੇਜਰ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਹੋਰ ਪਤਵੰਤੇ ਹਾਜ਼ਰ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜ ਪ੍ਰਣਾਲੀ ਵਿੱਚ ਨਿਘਾਰ ਆਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਸਿਆਸੀ ਦਖ਼ਲ ਅੰਦਾਜ਼ੀ ਹੋਣ ਦਾ ਵੀ ਖੁਲਾਸਾ ਕੀਤਾ ਹੈ। ਉਹ 1956 ਵਿੱਚ ਸ਼੍ਰੋਮਣੀ ਕਮੇਟੀ ਵਿਚ ਬਤੌਰ ਕਲਰਕ ਭਰਤੀ ਹੋਏ ਸਨ ਅਤੇ ਲਗਪਗ 44 ਸਾਲ ਦੀ ਸੇਵਾ ਮਗਰੋਂ ਸਕੱਤਰ ਵਜੋਂ ਸੇਵਾ ਮੁਕਤ ਹੋਏ। ਇਹ ਪੁਸਤਕ ਸਿੰਘ ਬ੍ਰਦਰਜ਼ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਨੂੰ ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਵਾਲੇ ਗੁਰਮੁਖਾਂ ਨੂੰ ਸਮਰਪਿਤ ਕੀਤਾ ਹੈ। ਇਸ ਤੋਂ ਪਹਿਲਾਂ ਉਹ 'ਜੂਨ 84: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ' ਨਾਂ ਦੀ ਪੁਸਤਕ ਵੀ ਲਿਖ ਚੁੱਕੇ ਹਨ।

### ਕੱਟੜ ਹਿੰਦੂ ਆਗੂ ਨੇ ਗਾਂਧੀ ਦੇ ਬੁੱਤ ਨੂੰ ਮਾਰੀ ਗੋਲੀ, ਕਾਤਲ ਗੋਡਸੇ ਦਾ ਗੁਣਗਾਨ

ਪਾਂਡੇ ਨੇ ਇਕ ਨਕਲੀ ਬੰਦੂਕ ਦਾ ਇਸਤੇਮਾਲ ਕਰ ਕੇ ਗਾਂਧੀ ਦੀ ਫੋਟੋ ਨੂੰ ਗੋਲੀ ਮਾਰੀ। ਇਸ ਤੋਂ ਇਲਾਵਾ ਉਨ੍ਹਾਂ ਨੇ ਗਾਂਧੀ ਦੇ ਕਾਤਲ ਗੋਡਸੇ ਨੂੰ ਮਾਲਾ ਪਹਿਨਾਈ ਅਤੇ ਕਰਮਚਾਰੀਆਂ ਵਿਚ ਮਠਿਆਈ ਵੀ ਵੰਡੀ। ਨਾਲ ਹੀ ਕਰਮਚਾਰੀਆਂ ਨੇ 'ਮਹਾਤਮਾ ਨਾਥੂਰਾਮ ਗੋਡਸੇ ਜ਼ਿੰਦਾਬਾਦ' ਦੇ ਨਾਅਰੇ ਵੀ ਲਾਏ। ਖ਼ਬਰਾਂ ਦੇ ਮੁਤਾਬਕ, ਹਿੰਦੂ ਮਹਾਂਸਭਾ ਦੇ ਨੇਤਾ ਨੇ ਗਾਂਧੀ ਦੇ ਕਾਤਲ ਨਾਥੂਰਾਮ ਗੋਡਸੇ ਦੀ ਤੁਲਨਾ ਭਗਵਾਨ ਕ੍ਰਿਸ਼ਨ ਨਾਲ ਵੀ ਕੀਤੀ।ਉਨ੍ਹਾਂ ਨੇ ਕਿਹਾ ਕਿ ਜੇਕਰ ਗਾਂਧੀ ਜ਼ਿੰਦਾ ਰਹਿੰਦੇ ਤਾਂ ਦੇਸ਼ ਦੀ ਇਕ ਹੋਰ ਵੰਡ ਹੋਣੀ ਸੀ। ਦੱਸ ਦਈਏ ਕਿ ਪੂਜਾ ਸ਼ਕੁਨ ਪਾਂਡੇ ਪਹਿਲਾਂ ਵੀ ਵਿਵਾਦਾਂ ਵਿਚ ਰਹੀ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਉਹ ਕਈ ਵਾਰ ਗੋਡਸੇ ਦੀਆਂ ਫੋਟੋਆਂ ਅਤੇ ਬੁੱਤਾਂ ਉਤੇ ਫੁੱਲ ਚੜ੍ਹਾਉਣ ਦੇ ਨਾਲ ਉਨ੍ਹਾਂ ਦਾ ਗੁਣਗਾਨ ਕਰ ਚੁੱਕੀ ਹੈ। ਪਹਿਲਾਂ ਵੀ ਉਹ ਗਾਂਧੀ ਦੀ ਵਰ੍ਹੇਗੰਢ ਨੂੰ ਬਹਾਦਰੀ ਦਿਵਸ ਦੇ ਰੂਪ ਵਿਚ ਮਨਾਉਂਦੇ ਹੋਏ ਮਠਿਆਈਆਂ ਵੰਡ ਚੁੱਕੀ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













**ਇਹ ਆਲੀਸ਼ਾਨ ਘਰ ਵਿਕਾਊ ਹੈ**

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME Premium Bifacial Thin Film Solar



Satnam Singh Khalsa
510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com



SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM